@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਤੋਂ ਪ੍ਰਕਾਸ਼ਿਤ।

Thursday, 19 December 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 19 ਦਸੰਬਰ 2024, 5 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 39, qpatrika@gmail.com ਫੋਨ : 9971359517 www.qaumipatrika.org

# ਹੁਣ 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦਾ ਹੋਵੇਗਾ ਮੁਫਤ ਇਲਾਜ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 18 ਦਸੰਬਰ। ਹੁਣ 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦਾ ਮੁਫਤ ਇਲਾਜ ਹੋਵੇਗਾ। ਸਰਕਾਰ ਨੇ ਇਸ ਲਈ 'ਸੰਜੀਵਨੀ ਸਕੀਮ' ਦਾ ਐਲਾਨ ਕੀਤਾ ਹੈ। ਇਸ ਸਕੀਮ ਤਹਿਤ ਰਾਜਧਾਨੀ ਦਿੱਲੀ ਦੇ 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦਾ ਇਲਾਜ ਮੁਫਤ ਹੋਵੇਗਾ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਬੁੱਧਵਾਰ ਯਾਨੀ ਕਿ ਅੱਜ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਦਿੱਲੀ ਦੇ ਬਜ਼ੁਰਗਾਂ ਲਈ ਖੁਸ਼ਖਬਰੀ ਹੈ। ਦਿੱਲੀ ਵਿਚ 60 ਸਾਲ ਤੋਂ ਵੱਧ ਉਮਰ ਦੇ ਸਾਰੇ ਨਾਗਰਿਕਾਂ ਦਾ ਇਲਾਜ ਮੁਫਤ ਹੋਵੇਗਾ। ਇਹ ਕੇਜਰੀਵਾਲ ਦੀ ਗਾਰੰਟੀ ਹੈ। ਕੇਜਰੀਵਾਲ ਨੇ ਕਿਹਾ ਕਿ ਚੋਣਾਂ ਮਗਰੋਂ ਸਰਕਾਰ ਬਣਨ 'ਤੇ ਇਸ ਯੋਜਨਾ ਨੂੰ ਲਾਗੂ ਕੀਤਾ ਜਾਵੇਗਾ। ਦੱਸ ਦੇਈਏ ਕਿ ਇਹ ਐਲਾਨ ਅਗਲੇ ਸਾਲ ਹੋਣ ਜਾ ਰਹੀਆਂ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤਾ ਗਿਆ ਹੈ। ਆਮ ਆਦਮੀ ਪਾਰਟੀ ਤੀਜੀ ਵਾਰ ਦਿੱਲੀ ਦੀ ਸੱਤਾ 'ਤੇ ਪਰਤਣ ਦੀ ਤਿਆਰੀ ਕਰ ਰਹੀ ਹੈ। ਯੋਜਨਾ ਚੋਣਾਂ ਤੋਂ ਬਾਅਦ ਲਾਗੂ ਹੋਵੇਗੀ ਪਰ ਰਜਿਸਟ੍ਰੇਸ਼ਨ ਸ਼ੁਰੂ




ਕਰ ਦਿੱਤੀ ਜਾਵੇਗੀ। ਇਸ ਲਈ ਬਜ਼ੁਰਗਾਂ ਨੂੰ ਕਿਤੇ ਜਾਣ ਦੀ ਲੋੜ ਨਹੀਂ ਹੈ। ਆਮ ਆਦਮੀ ਦੇ ਵਰਕਰ ਘਰ-ਘਰ ਜਾ ਕੇ ਬਜ਼ੁਰਗਾਂ ਦਾ ਰਜਿਸਟ੍ਰੇਸ਼ਨ ਕਰ ਕੇ ਉਨ੍ਹਾਂ ਨੂੰ ਕਾਰਡ ਦੇਣਗੇ। ਕੇਜਰੀਵਾਲ ਨੇ ਕਿਹਾ ਕਿ ਬੁਢਾਪੇ ਵਿਚ ਇਕ ਚੀਜ ਸਾਰਿਆਂ ਨੂੰ ਤਕਲੀਫ ਦਿੰਦੀ ਹੈ। ਜਿਵੇਂ-ਜਿਵੇਂ ਉਮਰ ਵੱਧਦੀ ਹੈ, ਉਵੇਂ-ਉਵੇਂ 100 ਬੀਮਾਰੀਆਂ ਆ ਕੇ ਘੇਰ ਲੈਂਦੀਆਂ ਹਨ। ਸਭ ਤੋਂ ਵੱਡੀ ਚਿੰਤਾ ਇਲਾਜ ਦੀ ਹੁੰਦੀ ਹੈ। ਦਿੱਲੀ ਸਰਕਾਰ ਦੀ ਸੰਜੀਵਨੀ ਯੋਜਨਾ ਤਹਿਤ 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦਾ ਮੁਫਤ ਇਲਾਜ ਹੋਵੇਗਾ। ਸਰਕਾਰੀ ਜਾਂ ਪ੍ਰਾਈਵੇਟ ਦੋਹਾਂ ਹਸਪਤਾਲਾਂ ਵਿਚ ਮੁਫਤ ਇਲਾਜ ਹੋਵੇਗਾ। ਇਸ ਦਾ ਪੂਰਾ ਖਰਚਾ ਦਿੱਲੀ ਸਰਕਾਰ ਚੁੱਕੇਗੀ। ਇਸ ਯੋਜਨਾ ਲਈ ਆਮ ਆਦਮੀ ਪਾਰਟੀ ਦੇ ਵਰਕਰ ਅਗਲੇ ਦੋ ਤੋਂ ਤਿੰਨ ਦਿਨਾਂ ਵਿਚ ਘਰ-ਘਰ ਜਾ ਕੇ ਬਜ਼ੁਰਗਾਂ ਦਾ ਰਜਿਸਟ੍ਰੇਸ਼ਨ ਕਰਨਗੇ। ਦਿੱਲੀ ਸਰਕਾਰ ਇਲਾਜ ਦਾ ਪੂਰਾ ਖਰਚਾ ਚੁੱਕੇਗੀ। ਕੇਜਰੀਵਾਲ ਨੇ ਕਿਹਾ ਕਿ ਆਰਥਿਕ ਤੌਰ 'ਤੇ ਖੁਸ਼ਹਾਲ ਕਈ ਪਰਿਵਾਰਾਂ ਵਿਚ ਵੀ ਬਜ਼ੁਰਗਾਂ ਦਾ ਧਿਆਨ ਨਹੀਂ ਰੱਖਿਆ ਜਾਂਦਾ। ਪਰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਉਨ੍ਹਾਂ ਦਾ ਪੁੱਤਰ ਅਜੇ ਵੀ ਜ਼ਿੰਦਾ ਹੈ।

## ਭਾਰਤ ਆਉਣਗੇ ਟਰੰਪ, ਮਹਾਕੁੰਭ 'ਚ ਸ਼ਿਰਕਤ ਕਰਨ ਦਾ ਮਿਲਿਆ ਸੱਦਾ

ਮਹਾਕੁੰਭਨਗਰ 18 ਦਸੰਬਰ। ਦੁਨੀਆ ਦੇ ਸਭ ਤੋਂ ਵੱਡੇ ਸਨਾਤਨ ਸਮਾਗਮ ਮਹਾਕੁੰਭ 'ਚ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਮੁੱਖ ਮਹਿਮਾਨ ਦੇ ਰੂਪ ਵਿਚ ਸ਼ਿਰਕਤ ਕਰਨਗੇ। ਜੂਨਾ ਅਖਾੜੇ ਵਲੋਂ ਟਰੰਪ ਨੂੰ ਸੱਦਾ ਦਿੱਤਾ ਗਿਆ ਹੈ। ਸ੍ਰੀ ਦੁੱਧੇਸਵਰ ਪੀਠਾਧੀਸਵਰ ਅਤੇ ਜੂਨਾ ਅਖਾੜਾ ਦੇ ਅੰਤਰਰਾਸਟਰੀ ਬੁਲਾਰੇ ਸ੍ਰੀ ਮਹੰਤ ਨਰਾਇਣ ਗਿਰੀ ਮਹਾਰਾਜ ਨੇ ਬੁੱਧਵਾਰ ਨੂੰ ਦੱਸਿਆ ਕਿ ਅਮਰੀਕਾ 'ਚ ਜਿੱਤ ਤੋਂ ਬਾਅਦ ਪਹਿਲੀ ਵਾਰ ਡੋਨਾਲਡ ਟਰੰਪ ਭਾਰਤ 'ਚ ਪ੍ਰਯਾਗਰਾਜ ਦੇ ਮਹਾਕੁੰਭ 'ਚ ਹਿੱਸਾ ਲੈ ਸਕਦੇ ਹਨ। ਜੂਨਾ ਅਖਾੜੇ ਵੱਲੋਂ ਡੋਨਾਲਡ ਟਰੰਪ ਨੂੰ ਮਹਾਕੁੰਭ ਲਈ ਰਸਮੀ ਤੌਰ 'ਤੇ ਸੱਦਾ ਦੇਣ ਲਈ ਸੱਦਾ ਪੱਤਰ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸੱਦੇ ਦਾ ਉਦੇਸ ਭਾਰਤ ਅਤੇ ਹੋਰ ਦੇਸਾਂ ਦਰਮਿਆਨ ਸੱਭਿਆਚਾਰਕ ਅਤੇ ਅਧਿਆਤਮਿਕ ਸਬੰਧਾਂ ਨੂੰ ਮਜਬੂਤ ਕਰਨਾ ਅਤੇ ਵਿਸਵ ਸਾਂਤੀ, ਸਹਿਯੋਗ ਅਤੇ ਸੱਭਿਆਚਾਰਕ ਏਕਤਾ ਦਾ ਸੰਦੇਸ ਦੇਣਾ ਹੈ। ਡੋਨਾਲਡ ਟਰੰਪ ਵਰਗੇ ਗਲੋਬਲ ਨੇਤਾਵਾਂ ਦੀ ਮੌਜੂਦਗੀ ਨਾ ਸਿਰਫ ਮਹਾਕੁੰਭ ਦਾ ਮਾਣ ਵਧਾਏਗੀ ਸਗੋਂ ਕੌਮਾਂਤਰੀ ਪੱਧਰ 'ਤੇ ਭਾਰਤੀ ਅਧਿਆਤਮਿਕਤਾ ਅਤੇ ਸਨਾਤਨ ਪਰੰਪਰਾਵਾਂ ਨੂੰ ਹੋਰ ਮਾਨਤਾ ਦੇਵੇਗੀ। ਸ੍ਰੀ ਮਹੰਤ ਨਰਾਇਣ ਗਿਰੀ ਨੇ ਕਿਹਾ ਕਿ ਮਹਾਕੁੰਭ ਮੇਲੇ ਦਾ ਸਨਾਤਨ ਧਰਮ ਵਿਚ ਬਹੁਤ ਮਹੱਤਵ ਹੈ। ਇਹ ਮੇਲਾ ਸਿਰਫ ਇਕ ਧਾਰਮਿਕ ਸਮਾਗਮ ਨਹੀਂ ਹੈ, ਸਗੋਂ ਇਹ ਇਕ ਅਧਿਆਤਮਿਕ ਯਾਤਰਾ ਹੈ ਜੋ ਸਾਨੂੰ ਮਨੁੱਖੀ ਹੋਂਦ ਦੇ ਤੱਤ ਨਾਲ ਸਾਹਮਣੇ ਲਿਆਉਂਦੀ ਹੈ ਅਤੇ ਅਧਿਆਤਮਿਕ ਚੇਤਨਾ ਨੂੰ ਜਗਾਉਂਦੀ ਹੈ।

## ਪੇਂਡੂ ਅਦਾਲਤ ਸਥਾਪਤ ਕਰਨ ਲਈ ਪੂਰੇ ਦੇਸ਼ 'ਚ ਇਕ ਫਾਰਮੂਲਾ ਨਹੀਂ : ਸੁਪਰੀਮ ਕੋਰਟ

ਨਵੀਂ ਦਿੱਲੀ 18 ਦਸੰਬਰ। ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਕਿਹਾ ਕਿ ਪੇਂਡੂ ਅਦਾਲਤ (ਗ੍ਰਾਮ ਨਿਯਾਲਿਆ) ਦੀ ਸਥਾਪਨਾ ਲਈ ਪੂਰੇ ਦੇਸ ਲਈ 'ਇਕਸਾਰ ਫਾਰਮੂਲਾ' ਨਹੀਂ ਹੋ ਸਕਦਾ ਕਿਉਂਕਿ ਸਥਿਤੀ ਰਾਜ ਦਰ ਰਾਜ 'ਤੇ ਨਿਰਭਰ ਕਰੇਗੀ। ਸੰਸਦ ਨੇ 2008 ਵਿਚ ਇਕ ਕਾਨੂੰਨ ਪਾਸ ਕੀਤਾ ਸੀ ਜਿਸ ਵਿਚ ਨਾਗਰਿਕਾਂ ਨੂੰ ਉਨ੍ਹਾਂ ਦੇ ਘਰਾਂ



ਦੇ ਨੇੜੇ ਨਿਆਂ ਪ੍ਰਦਾਨ ਕਰਨ ਲਈ ਜਮੀਨੀ ਪੱਧਰ 'ਤੇ ਪੇਂਡੂ ਅਦਾਲਤਾਂ ਦੀ ਸਥਾਪਨਾ ਦੀ ਵਿਵਸਥਾ ਕੀਤੀ ਗਈ ਸੀ। ਇਸ ਦੇ ਨਾਲ ਹੀ ਇਹ ਯਕੀਨੀ ਬਣਾਇਆ ਗਿਆ ਸੀ ਕਿ ਸਮਾਜਿਕ, ਆਰਥਿਕ ਜਾਂ ਹੋਰ ਸਮੱਸਿਆਵਾਂ ਕਾਰਨ ਕਿਸੇ ਨੂੰ ਵੀ ਨਿਆਂ ਪ੍ਰਾਪਤ ਕਰਨ ਦੇ ਮੌਕਿਆਂ ਤੋਂ ਵਾਂਝਾ ਨਾ ਕੀਤਾ ਜਾਵੇ। ਜਸਟਿਸ ਬੀ. ਆਰ. ਗਵਈ ਅਤੇ ਜਸਟਿਸ ਕੇ. ਵੀ. ਵਿਸਵਨਾਥਨ ਦੀ ਬੈਂਚ ਇਕ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ ਜਿਸ ਵਿਚ ਕੇਂਦਰ ਅਤੇ ਸਾਰੇ ਸੂਬਿਆਂ ਨੂੰ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਪੇਂਡੂ ਅਦਾਲਤ ਦੀ ਸਥਾਪਨਾ ਕਰਨ ਲਈ ਕਦਮ ਚੁੱਕਣ ਲਈ ਨਿਰਦੇਸ ਦੇਣ ਦੀ ਅਪੀਲ ਕੀਤੀ ਗਈ ਸੀ। ਬੈਂਚ ਨੇ ਕਿਹਾ ਕਿ ਤੁਸੀਂ ਪੂਰੇ ਦੇਸ ਲਈ ਇਕਸਾਰ ਫਾਰਮੂਲਾ ਨਹੀਂ ਅਪਣਾ ਸਕਦੇ। ਸਿਖਰਲੀ ਅਦਾਲਤ ਨੇ ਦਿੱਲੀ ਸਰਕਾਰ ਵੱਲੋਂ ਪੇਸ ਹੋਏ ਵਕੀਲ ਦੀ ਇਸ ਦਲੀਲ ਦਾ ਨੋਟਿਸ ਲਿਆ ਕਿ ਇਥੇ ਪੇਂਡੂ ਅਦਾਲਤ ਸਥਾਪਤ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਰਾਸਟਰੀ ਰਾਜਧਾਨੀ ਵਿਚ ਕੋਈ ਗ੍ਰਾਮ ਪੰਚਾਇਤ ਨਹੀਂ ਹੈ।

## ਘਰ ਨੂੰ ਅੱਗ ਲੱਗਣ ਕਾਰਨ ਬਜ਼ੁਰਗ ਜੋੜੇ ਦੀ ਮੌਤ

ਨਵੀਂ ਦਿੱਲੀ 18 ਦਸੰਬਰ। ਦਿੱਲੀ ਦੇ ਸਫਦਰਜੰਗ ਇਨਕਲੇਵ 'ਚ ਬੁੱਧਵਾਰ ਸਵੇਰੇ ਇਕ ਘਰ ਨੂੰ ਅੱਗ ਲੱਗ ਗਈ, ਜਿਸ ਕਾਰਨ ਇਕ ਬਜ਼ੁਰਗ ਜੋੜੇ ਦੀ ਮੌਤ ਹੋ ਗਈ। ਦਿੱਲੀ ਫਾਇਰ ਸਰਵਿਸ ਦੇ ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਗੋਵਿੰਦ ਰਾਮ ਨਾਗਪਾਲ (80) ਅਤੇ ਉਸ ਦੀ ਪਤਨੀ ਸੇਲਾ ਨਾਗਪਾਲ (78) ਵਜੋਂ ਹੋਈ ਹੈ। ਦਿੱਲੀ ਫਾਇਰ ਸਰਵਿਸ (ਡੀ. ਐਫ. ਐਸ) ਦੇ ਮੁਖੀ ਅਤੁਲ ਗਰਗ ਨੇ ਕਿਹਾ ਕਿ ਸਾਨੂੰ ਸਵੇਰੇ 6:02 ਵਜੇ ਸਫਦਰਜੰਗ ਐਨਕਲੇਵ ਤੋਂ ਅੱਗ ਲੱਗਣ ਦੀ ਸੂਚਨਾ ਮਿਲੀ। ਅੱਗ ਇਕ ਘਰ ਦੀ ਤੀਜੀ ਮੰਜ਼ਿਲ 'ਤੇ ਲੱਗੀ। ਤਿੰਨ ਫਾਇਰ ਟੈਂਡਰ ਮੌਕੇ 'ਤੇ ਪਹੁੰਚ ਗਏ।ਅੱਗ ਘਰੇਲੂ ਸਾਮਾਨ ਕਾਰਨ ਲੱਗੀ ਅਤੇ ਦੋ ਲੋਕ ਜਖਮੀ ਹੋ ਗਏ। ਗਰਗ ਨੇ ਦੱਸਿਆ ਕਿ ਮਾਮਲੇ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਗਈ ਅਤੇ ਜੋੜੇ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

## ਦੀਪਿੰਦਰ ਹੁੱਡਾ ਨੇ ਸੰਸਦ 'ਚ ਰੱਖੀ ਡੱਲੇਵਾਲ ਦਾ ਮਰਨ ਵਰਤ ਖਤਮ ਕਰਵਾਉਣ ਦੀ ਮੰਗ

ਚੰਡੀਗੜ੍ਹ 18 ਦਸੰਬਰ। ਰੋਹਤਕ ਤੋਂ ਕਾਂਗਰਸੀ ਸਾਂਸਦ ਦੀਪਿੰਦਰ ਹੁੱਡਾ ਨੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਖਤਮ ਕਰਵਾਉਣ ਦੀ ਮੰਗ ਸੰਸਦ 'ਚ ਰੱਖੀ। ਉਨ੍ਹਾਂ ਕਿਹਾ ਕਿ ਉਹ 22 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਹਨ। ਸਰਕਾਰ ਕਿਸਾਨਾਂ ਨੂੰ ਐੱਮ.ਐੱਸ.ਪੀ. ਦੀ ਕਾਨੂੰਨੀ



ਗਾਰੰਟੀ ਦੇਣ ਦੀ ਮੰਗ ਪੂਰਾ ਕਰੇ ਤੇ ਡੱਲੇਵਾਲ ਦਾ ਮਰਨ ਵਰਤ ਖਤਮ ਕਰਵਾਵੇ। ਉਨ੍ਹਾਂ ਕਿਹਾ ਕਿ ਜੇ 101 ਕਿਸਾਨ ਦਿੱਲੀ ਆ ਕੇ ਆਪਣੀਆਂ ਮੰਗਾਂ ਰੱਖਣਾ ਚਾਹੁੰਦੇ ਹਨ ਤਾਂ ਇਸ 'ਚ ਗਲਤ ਕੀ ਹੈ? ਕੀ ਦੇਸ਼ ਦੇ ਕਿਸਾਨ ਨੂੰ ਇਹ ਵੀ ਅਧਿਕਾਰ ਨਹੀਂ ਕਿ ਉਹ ਆਪਣੀ ਗੱਲ ਕਹਿਣ ਲਈ ਦੇਸ਼ ਦੀ ਰਾਜਧਾਨੀ 'ਚ ਜਾ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਜ਼ਿੱਦ ਛੱਡੇ ਤੇ ਕਿਸਾਨ ਅੰਦੋਲਨ ਸਮੇਂ ਕਿਸਾਨ ਜਥੇਬੰਦੀਆਂ ਨਾਲ ਹੋਏ ਸਮਝੌਤੇ ਨੂੰ ਤੁਰੰਤ ਲਾਗੂ ਕਰੇ।

# ਯਾਤਰੀਆਂ ਨਾਲ ਭਰੀ ਕਿਸ਼ਤੀ ਸਮੁੰਦਰ 'ਚ ਪਲਟੀ, ਨੇਵੀ ਦੇ ਜਵਾਨਾਂ ਸਣੇ 13 ਦੀ ਮੌਤ

**ਏਜੰਸੀਆਂ**

ਮੁੰਬਈ 18 ਦਸੰਬਰ। ਗੇਟਵੇ ਆਫ ਇੰਡੀਆ ਤੋਂ ਮੁੰਬਈ ਦੇ ਐਲੀਫੈਂਟਾ ਟਾਪੂ 'ਤੇ ਦਰਜਨਾਂ ਯਾਤਰੀਆਂ ਨੂੰ ਲੈ ਕੇ ਜਾ ਰਹੀ ਕਿਸਤੀ ਬੁੱਧਵਾਰ ਨੂੰ ਟਕਰਾਉਣ ਤੋਂ ਬਾਅਦ ਪਲਟ ਗਈ। ਜਾਣਕਾਰੀ ਮੁਤਾਬਕ ਨੇਵੀ ਦੀ ਸਪੀਡ ਬੋਟ ਨੇ ਯਾਤਰੀ ਜਹਾਜ ਨੂੰ ਟੱਕਰ ਮਾਰ ਦਿੱਤੀ। ਹਾਦਸੇ ਦਾ ਇੱਕ ਵੀਡੀਓ ਵੀ ਸਾਹਮਣੇ ਆਇਆ ਹੈ ਜਿਸ ਵਿੱਚ ਕਿਸਤੀ ਪਾਣੀ ਵਿੱਚ ਡੁੱਬਦੀ ਨਜਰ ਆ ਰਹੀ ਹੈ। ਵੀਡੀਓ 'ਚ ਲਾਈਫ ਜੈਕਟ ਪਹਿਨੇ ਲੋਕ ਯਾਤਰੀਆਂ ਨੂੰ ਬਚਾਉਂਦੇ ਨਜਰ ਆ ਰਹੇ ਹਨ। ਮੁੱਖ ਮੰਤਰੀ ਦਵਿੰਦਰ ਫੜਨਵੀਸ ਨੇ ਜਾਣਕਾਰੀ ਦਿੱਤੀ ਹੈ ਕਿ ਨੇਵੀ ਦੀ ਕਿਸਤੀ ਨੀਲਕਮਲ ਨਾਮ ਦੇ ਯਾਤਰੀ ਜਹਾਜ ਨਾਲ ਟਕਰਾ ਗਈ। ਫਿਲਹਾਲ 101 ਯਾਤਰੀਆਂ ਨੂੰ ਬਚਾਇਆ ਗਿਆ ਹੈ ਅਤੇ 13 ਲੋਕਾਂ ਦੀ ਮੌਤ ਹੋ ਗਈ ਹੈ, ਜਿਨ੍ਹਾਂ 'ਚ 10 ਨਾਗਰਿਕ ਅਤੇ 3 ਨੇਵੀ ਦੇ ਜਵਾਨ ਸਾਮਲ ਹਨ। 5 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਵੀਡੀਓ 'ਚ ਕਿਸਤੀ 'ਤੇ ਸਵਾਰ ਲੋਕਾਂ ਨੂੰ ਦੂਜੇ ਜਹਾਜ 'ਚ ਜਾਂਦੇ ਦੇਖਿਆ ਜਾ ਸਕਦਾ ਹੈ। ਘਟਨਾ ਬੁੱਧਵਾਰ ਸਾਮ 5:15 ਵਜੇ ਵਾਪਰੀ। ਜੇਓਸੀ ਤੋਂ ਮਿਲੀ ਜਾਣਕਾਰੀ ਅਨੁਸਾਰ ਐਲੀਫੈਂਟਾ ਦੇ ਰਸਤੇ 'ਤੇ ਨੀਲਕਮਲ ਫੇਰੀ ਕਿਸਤੀ ਉਰਾਨ, ਕਰੰਜਾ ਨੇੜੇ ਟੱਕਰ ਤੋਂ ਬਾਅਦ ਪਲਟ ਗਈ। ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਕਿਸਤੀ 'ਤੇ 110 ਤੋਂ ਵੱਧ ਲੋਕ ਸਵਾਰ ਸਨ। ਮੌਕੇ 'ਤੇ



ਬਚਾਅ ਅਤੇ ਰਾਹਤ ਕੰਮ ਜਾਰੀ ਹੈ ਅਤੇ 108 ਐਂਬੂਲੈਂਸ ਅਤੇ ਮਰੀਨ ਪੁਲਸ ਮੌਕੇ 'ਤੇ ਮੌਜੂਦ ਹੈ। ਜਾਣਕਾਰੀ ਮੁਤਾਬਕ ਜ਼ਿਆਦਾਤਰ ਯਾਤਰੀਆਂ ਨੂੰ ਬਚਾ ਲਿਆ ਗਿਆ ਹੈ ਅਤੇ 13 ਲੋਕਾਂ ਦੀ ਮੌਤ ਹੋ ਗਈ ਹੈ ਅਤੇ 5 ਗੰਭੀਰ ਜਖਮੀ ਹਨ। ਮਹਾਰਾਸਟਰ ਦੇ ਮੁੱਖ ਮੰਤਰੀ ਦਵਿੰਦਰ ਫੜਨਵੀਸ ਨੇ ਵੀ ਟਵੀਟ ਕਰਕੇ ਘਟਨਾ ਦੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ, 'ਸਾਨੂੰ ਨੀਲਕਮਲ ਕਿਸਤੀ ਦੇ ਹਾਦਸੇ ਦੀ ਸੂਚਨਾ ਮਿਲੀ ਹੈ, ਜੋ ਐਲੀਫੈਂਟਾ ਵੱਲ ਜਾ ਰਹੀ ਸੀ। ਜਲ ਸੈਨਾ, ਤੱਟ ਰੱਖਿਅਕ, ਬੰਦਰਗਾਹ ਅਤੇ ਪੁਲਸ ਦੀਆਂ ਕਿਸਤੀਆਂ ਤੁਰੰਤ ਸਹਾਇਤਾ ਲਈ ਰਵਾਨਾ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ, 'ਅਸੀਂ ਜ਼ਿਲ੍ਹਾ ਅਤੇ ਪੁਲਸ ਪ੍ਰਸਾਸਨ ਨਾਲ ਲਗਾਤਾਰ ਸੰਪਰਕ ਵਿੱਚ ਹਾਂ ਅਤੇ ਖੁਸਕਿਸਮਤੀ ਨਾਲ ਜ਼ਿਆਦਾਤਰ ਨਾਗਰਿਕਾਂ ਨੂੰ ਬਚਾ ਲਿਆ ਗਿਆ ਹੈ। ਹਾਲਾਂਕਿ ਬਚਾਅ ਕਾਰਜ ਅਜੇ ਵੀ ਜਾਰੀ ਹੈ। ਜ਼ਿਲ੍ਹਾ ਪ੍ਰਸਾਸਨ ਨੂੰ ਬਚਾਅ ਕਾਰਜਾਂ ਲਈ ਸਾਰੀਆਂ ਜਰੂਰੀ ਮਸੀਨਰੀ ਤਾਇਨਾਤ ਕਰਨ ਦੇ ਹੁਕਮ ਦਿੱਤੇ ਗਏ ਹਨ।

# ਟਰੂਡੋ ਦੇਣਗੇ ਅਸਤੀਫਾ ! ਸੰਸਦ 'ਚ ਕਰਨਗੇ ਐਲਾਨ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 18 ਦਸੰਬਰ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲਗਾਤਾਰ ਮੁਸਕਲ ਦੌਰ ਵਿੱਚੋਂ ਲੰਘ ਰਹੇ ਹਨ। ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਦੇ ਅਸਤੀਫੇ ਤੋਂ ਉਭਰਨ ਤੋਂ ਪਹਿਲਾਂ ਹੀ ਟਰੂਡੋ ਨੂੰ ਇਕ ਹੋਰ ਵੱਡਾ ਝਟਕਾ ਲੱਗਾ। ਨਿਊ ਡੈਮੋਕ੍ਰੇਟਿਕ ਪਾਰਟੀ () ਦੇ ਨੇਤਾ ਜਗਮੀਤ ਸਿੰਘ ਨੇ ਟਰੂਡੋ ਦੇ ਅਸਤੀਫੇ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ 23 ਸੰਸਦ ਮੈਂਬਰਾਂ ਨੇ ਪ੍ਰਧਾਨ ਮੰਤਰੀ ਦੇ ਅਸਤੀਫੇ ਨੂੰ ਲੈ ਕੇ ਪੱਤਰ ਵੀ ਲਿਖਿਆ ਹੈ। ਜਗਮੀਤ ਸਿੰਘ ਨੇ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਦੇ ਅਸਤੀਫੇ ਤੋਂ ਬਾਅਦ ਜਸਟਿਨ ਟਰੂਡੋ ਨੂੰ ਅਹੁਦਾ ਛੱਡਣ ਦੀ ਸਲਾਹ ਦਿੱਤੀ ਹੈ। ਹਾਲਾਂਕਿ ਉਨ੍ਹਾਂ ਨੇ ਚੋਣਾਂ ਦੀ ਮੰਗ ਨਹੀਂ ਕੀਤੀ ਅਤੇ ਨਾ ਹੀ ਘੱਟ ਗਿਣਤੀ ਸਰਕਾਰ ਤੋਂ ਸਮਰਥਨ ਵਾਪਸ ਲੈਣ ਦੀ ਗੱਲ ਕੀਤੀ। ਸਿੰਘ ਦਾ ਕਹਿਣਾ ਹੈ ਕਿ ਮੌਜੂਦਾ ਹਾਲਾਤ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਹੁਦੇ 'ਤੇ ਬਣੇ ਨਹੀਂ ਰਹਿਣਾ ਚਾਹੀਦਾ। ਕੈਨੇਡੀਅਨ ਮੀਡੀਆ ਰਿਪੋਰਟਾਂ ਮੁਤਾਬਕ ਜਸਟਿਨ ਟਰੂਡੋ ਅਸਤੀਫੇ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ। ਇਕ ਮੀਡੀਆ ਅਦਾਰੇ ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਟਰੂਡੋ ਨੇ ਕੈਬਨਿਟ ਨੂੰ ਸੂਚਿਤ



ਕੀਤਾ ਹੈ ਕਿ ਉਹ ਅਸਤੀਫਾ ਦੇਣ ਦੀ ਯੋਜਨਾ ਬਣਾ ਰਹੇ ਹਨ ਅਤੇ ਸੰਸਦ ਨੂੰ ਸੰਬੋਧਨ ਕਰ ਸਕਦੇ ਹਨ। ਜਗਮੀਤ ਸਿੰਘ ਨੇ ਜਸਟਿਨ ਟਰੂਡੋ ਦੀਆਂ ਨੀਤੀਆਂ ਅਤੇ ਫੈਸਲਿਆਂ 'ਤੇ ਸਵਾਲ ਖੜ੍ਹੇ ਕਰਦਿਆਂ ਉਨ੍ਹਾਂ ਦੇ ਅਸਤੀਫੇ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਲੋਕਾਂ ਨੂੰ ਕਰਿਆਨੇ ਦਾ ਸਮਾਨ ਖਰੀਦਣ ਵਿੱਚ ਮੁਸਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨੌਜਵਾਨ ਪੀੜ੍ਹੀ ਲਈ ਕਿਫਾਇਤੀ ਰਿਹਾਇਸ ਦੀ ਸਮੱਸਿਆ ਗੰਭੀਰ ਬਣੀ ਹੋਈ ਹੈ ਅਤੇ ਟਰੰਪ ਦੇ ਟੈਰਿਫ ਦੀ ਧਮਕੀ ਕੈਨੇਡਾ ਵਿੱਚ ਹਜਾਰਾਂ ਨੌਕਰੀਆਂ ਨੂੰ ਖਤਰੇ ਵਿੱਚ ਪਾ ਰਹੀ ਹੈ। ਸਿੰਘ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਦੇਸ ਦੇ ਅਹਿਮ ਮੁੱਦਿਆਂ ਨੂੰ ਛੱਡ ਕੇ ਪਾਰਟੀ ਦੇ ਅੰਦਰੂਨੀ ਕਲੇਸ ਵਿੱਚ ਰੁੱਝੇ ਹੋਏ ਹਨ। ਉਨ੍ਹਾਂ ਸਪੱਸਟ ਕਿਹਾ ਕਿ ਟਰੂਡੋ ਹੁਣ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਦੇ ਯੋਗ ਨਹੀਂ ਰਹੇ। ਭਾਰਤ ਖਿਲਾਫ ਬਿਆਨਬਾਜੀ ਕਰਨ ਵਾਲੇ ਜਸਟਿਨ ਟਰੂਡੋ ਹੁਣ ਆਪਣਾ ਅਹੁਦਾ ਬਚਾਉਣ ਲਈ ਸੰਘਰਸ ਕਰ ਰਹੇ ਹਨ। ਮੀਡੀਆ ਰਿਪੋਰਟਾਂ ਮੁਤਾਬਕ ਟਰੂਡੋ ਨੇ ਸੰਭਾਵਿਤ ਅਸਤੀਫੇ ਦੇ ਵਿਕਲਪਾਂ 'ਤੇ ਵਿਚਾਰ ਕਰਨਾ ਸੁਰੂ ਕਰ ਦਿੱਤਾ ਹੈ। ਇਸ ਦੌਰਾਨ ਅਮਰੀਕਾ ਵਿਚ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਆਉਣ 'ਤੇ ਕੈਨੇਡਾ 'ਤੇ ਟੈਕਸ ਵਧਾ ਦਿੱਤਾ ਜਾਵੇਗਾ। ਟਰੰਪ ਦੇ ਇਸ ਐਲਾਨ ਦਾ ਕੈਨੇਡਾ ਦੀ ਅਰਥਵਿਵਸਥਾ ਅਤੇ ਟਰੂਡੋ ਦੀ ਸਥਿਤੀ ਦੋਵਾਂ 'ਤੇ ਮਾੜਾ ਅਸਰ ਪਿਆ ਹੈ।

## ਕੇਦਾਰਨਾਥ ਮੰਦਰ ਨੇੜੇ ਭੈਰਵਨਾਥ ਮੰਦਰ 'ਚ ਜੁੱਤੀ ਸਣੇ ਦਾਖਲ ਹੋਏ ਵਿਅਕਤੀ ਖਿਲਾਫ ਮਾਮਲਾ ਦਰਜ

ਦੇਹਰਾਦੂਨ 18 ਦਸੰਬਰ। ਕੇਦਾਰਨਾਥ ਮੰਦਰ ਨੇੜੇ ਭੈਰਵਨਾਥ ਮੰਦਰ ਵਿਚ ਜੁੱਤੀ ਸਣੇ ਦਾਖਲ ਹੋਣ ਅਤੇ ਹੱਥ ਵਿਚ ਸੋਟੀ ਫੜ ਕੇ ਮੂਰਤੀਆਂ ਨਾਲ ਛੇੜਛਾੜ ਕਰਨ ਵਾਲੇ ਇਕ ਵਿਅਕਤੀ ਖਿਲਾਫ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਰੁਦਰਪ੍ਰਯਾਗ ਪੁਲਸ ਤੋਂ ਬੁੱਧਵਾਰ ਨੂੰ ਮਿਲੀ ਜਾਣਕਾਰੀ ਮੁਤਾਬਕ, ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਵਿਚ ਸੋਨਪ੍ਰਯਾਗ ਕੋਤਵਾਲੀ ਵਿਖੇ ਸੱਜਣ ਕੁਮਾਰ, ਉਸ ਨੂੰ ਕੰਮ 'ਤੇ ਰੱਖਣ ਵਾਲੇ ਠੇਕੇਦਾਰ ਅਤੇ ਸਬੰਧਤ ਕੰਪਨੀ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਸੋਸਲ ਮੀਡੀਆ ਪਲੇਟਫਾਰਮ 'ਤੇ ਸੋਮਵਾਰ ਨੂੰ ਵਾਇਰਲ ਹੋਈ ਵੀਡੀਓ 'ਚ ਦਿਖਾਈ ਦੇ ਰਿਹਾ ਹੈ ਕਿ ਇਕ ਵਿਅਕਤੀ ਭੈਰਵਨਾਥ ਮੰਦਰ ਕੰਪਲੈਕਸ 'ਚ ਜੁੱਤੀ ਪਾ ਕੇ ਘੁੰਮ ਰਿਹਾ ਹੈ ਅਤੇ ਹੱਥ 'ਚ ਸੋਟੀ ਫੜ ਕੇ ਮੰਦਰ ਦੀਆਂ ਮੂਰਤੀਆਂ ਨਾਲ ਛੇੜਛਾੜ ਕਰ ਰਿਹਾ ਹੈ। ਉਸ ਵਿਅਕਤੀ ਦੀ ਇਹ ਹਰਕਤ ਮੰਦਰ ਵਿਚ ਲੱਗੇ ਸੀ. ਸੀ. ਟੀ. ਵੀ. ਵਿਚ ਕੈਦ ਹੋ ਗਈ। ਕੇਦਾਰਨਾਥ ਦੇ ਪੁਜਾਰੀਆਂ ਨੇ ਵੀ ਇਸ ਮਾਮਲੇ 'ਤੇ ਨਾਰਾਜਗੀ ਜਾਹਰ ਕੀਤੀ, ਜਿਸ ਤੋਂ ਬਾਅਦ ਪੁਲਸ ਹਰਕਤ 'ਚ ਆਈ ਅਤੇ ਤੁਰੰਤ ਵੀਡੀਓ ਦੀ ਜਾਂਚ ਸੁਰੂ ਕਰ ਦਿੱਤੀ। ਪਤਾ ਲੱਗਾ ਹੈ ਕਿ ਵੀਡੀਓ ਵਿਚ ਦਿਖਾਈ ਦੇਣ ਵਾਲਾ ਵਿਅਕਤੀ ਕੇਦਾਰਨਾਥ ਮੁੜ ਉਸਾਰੀ ਦੇ ਕੰਮ ਵਿਚ ਲੱਗੀ ਇਕ ਕੰਪਨੀ ਦਾ ਮੁਲਾਜਮ ਹੈ।

## ਕਾਂਗਰਸ ਦੇ ਝੂਠ ਅੰਬੇਡਕਰ ਦੇ ਅਪਮਾਨ ਨੂੰ ਛੁਪਾ ਨਹੀਂ ਸਕਦੇ: ਪ੍ਰਧਾਨ ਮੰਤਰੀ ਮੋਦੀ

ਨਵੀਂ ਦਿੱਲੀ 18 ਦਸੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦਾ ਅਪਮਾਨ ਕਰਨ ਦੇ ਦੋਸ ਦਾ ਸਾਹਮਣਾ ਕਰ ਰਹੇ ਅਮਿਤ ਸਾਹ ਦਾ ਬੁੱਧਵਾਰ ਨੂੰ ਜੋਰਦਾਰ ਬਚਾਅ ਕਰਦੇ ਹੋਏ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਕਾਂਗਰਸ 'ਤੇ ਸੰਵਿਧਾਨ ਦੇ ਨਿਰਮਾਤਾ ਦਾ ਅਪਮਾਨ ਕਰਨ ਦਾ ਦੋਸ ਲਗਾਇਆ ਹੈ ਭਾਰਤ ਦੇ ਕਾਲੇ ਇਤਿਹਾਸ ਦਾ ਪਰਦਾਫਾਸ ਹੋਇਆ ਹੈ, ਜਿਸ ਕਾਰਨ ਮੁੱਖ ਵਿਰੋਧੀ ਪਾਰਟੀ ਹੈਰਾਨ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਉਸ ਦੇ "ਭ੍ਰਿਸਟ ਇਕੋਸਿਸਟਮ" ਨੂੰ ਲਗਦਾ ਹੈ ਕਿ ਉਸਦੇ "ਨੁਕਸਾਨ ਭਰੇ ਝੂਠ" ਸੰਵਿਧਾਨ ਨਿਰਮਾਤਾ



ਬਾਬਾ ਸਾਹਿਬ ਅੰਬੇਡਕਰ ਪ੍ਰਤੀ ਉਨ੍ਹਾਂ ਦੇ ਸਾਲਾਂ ਦੇ "ਕੁਕਰਮਾਂ" ਨੂੰ ਛੁਪਾ ਸਕਦੇ ਹਨ ਤਾਂ ਉਹ "ਗੰਭੀਰ ਭੁੱਲ" ਕਰ ਰਹੇ ਹਨ। ਮੋਦੀ ਨੇ ਇਹ ਵੀ ਕਿਹਾ ਕਿ ਭਾਰਤ ਦੇ ਲੋਕਾਂ ਨੇ ਵਾਰ-ਵਾਰ ਦੇਖਿਆ ਹੈ ਕਿ ਕਿਵੇਂ ਇੱਕ 'ਪਰਿਵਾਰ' ਦੀ ਅਗਵਾਈ ਵਾਲੀ ਪਾਰਟੀ ਡਾ: ਅੰਬੇਡਕਰ ਦੀ ਵਿਰਾਸਤ ਨੂੰ ਮਿਟਾਉਣ ਅਤੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲਿਆਂ ਨੂੰ ਅਪਮਾਨਿਤ ਕਰਨ ਲਈ ਹਰ ਸੰਭਵ 'ਗੰਦੀ ਚਾਲ' ਵਰਤਣ ਵਿੱਚ ਸ਼ਾਮਲ ਹੈ। ਪ੍ਰਧਾਨ ਮੰਤਰੀ ਮੋਦੀ ਦੀ ਇਹ ਟਿੱਪਣੀ ਕਾਂਗਰਸ ਦੇ ਇਸ ਦੋਸ ਦੇ ਮੱਦੇਨਜਰ ਆਈ ਹੈ ਕਿ ਅਮਿਤ ਸਾਹ ਨੇ ਬਾਬਾ ਸਾਹਿਬ ਦਾ ਅਪਮਾਨ ਕੀਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਡਾ: ਅੰਬੇਡਕਰ ਨੂੰ ਇੱਕ ਵਾਰ ਨਹੀਂ ਸਗੋਂ ਦੋ ਵਾਰ ਚੋਣਾਂ ਵਿੱਚ ਹਰਾਉਣਾ, ਪੰਡਿਤ ਨਹਿਰੂ ਵਿਰੁੱਧ ਪ੍ਰਚਾਰ ਕਰਨਾ ਅਤੇ ਉਨ੍ਹਾਂ ਦੀ ਹਾਰ ਨੂੰ ਵੱਕਾਰ ਦਾ ਮੁੱਦਾ ਬਣਾਉਣਾ, ਉਨ੍ਹਾਂ ਨੂੰ ਭਾਰਤ ਰਤਨ ਦੇਣ ਤੋਂ ਇਨਕਾਰ ਕਰਨਾ ਅਤੇ ਸੰਸਦ ਦੇ ਸੈਂਟਰਲ ਹਾਲ ਵਿੱਚ ਉਨ੍ਹਾਂ ਦੀ ਤਸਵੀਰ ਨੂੰ ਥਾਂ ਦੇਣ ਤੋਂ ਇਨਕਾਰ ਕਰਨਾ ਕਾਂਗਰਸ ਦੀ 'ਪਾਪਾਂ ਦੀ ਸੂਚੀ' ਵਿੱਚ ਸਾਮਲ ਹੈ।

## ਅੰਗਰੇਜਾਂ ਦੇ ਜਮਾਨੇ 'ਚ ਕਿਸਾਨਾਂ ਦੇ ਸ਼ੋਸ਼ਣ ਦੀ ਯਾਦ ਦਿਵਾ ਰਹੀ ਕੇਂਦਰ ਸਰਕਾਰ: ਸ਼ੈਲਜਾ

ਚੰਡੀਗੜ੍ਹ 18 ਦਸੰਬਰ। ਕਾਂਗਰਸ ਜਨਰਲ ਸਕੱਤਰ ਅਤੇ ਸਿਰਸਾ ਦੀ ਸੰਸਦ ਮੈਂਬਰ ਕੁਮਾਰੀ ਸ਼ੈਲਜਾ ਨੇ ਸੋਮਵਾਰ ਨੂੰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਵਿਗੜਦੀ ਸਿਹਤ ਨੂੰ ਲੈ ਕੇ ਚਿੰਤਾ ਜਾਹਰ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਨੂੰ ਜ਼ਿੱਦ ਛੱਡ ਕੇ ਇਸ ਦਿਸ਼ਾ ਵਿਚ ਉੱਚਿਤ ਕਮਦ ਚੁੱਕਣਾ ਚਾਹੀਦਾ ਹੈ। ਸ਼ੈਲਜਾ ਨੇ ਇੱਥੇ ਜਾਰੀ ਬਿਆਨ ਵਿਚ ਦੋਸ਼ ਲਾਇਆ ਕਿ ਡੱਲੇਵਾਲ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਖੁੱਲ੍ਹੀ ਚਿੱਠੀ ਲਿਖ ਕੇ ਘੱਟੋ-ਘੱਟ ਸਮਰਥਨ ਮੁੱਲ () ਗਾਰੰਟੀ ਕਾਨੂੰਨ ਸਮੇਤ 13 ਮੰਗਾਂ ਨੂੰ ਚੁੱਕ ਚੁੱਕੇ ਹਨ। ਸ਼ੈਲਜਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਹਰਿਆਣਾ ਦੀ ਨਾਇਬ ਸਿੰਘ ਸੈਣੀ ਸਰਕਾਰ ਕਿਸਾਨਾਂ ਦੀ ਗੱਲ ਸੁਣਨ ਲਈ ਤਿਆਰ ਹੀ ਨਹੀਂ ਹਨ। ਸਰਕਾਰ ਨੇ ਪੰਜਾਬ ਅਤੇ ਹਰਿਆਣਾ ਦੇ ਬਾਰਡਰ ਨੂੰ ਭਾਰਤ-ਪਾਕਿਸਤਾਨ ਦਾ ਬਾਰਡਰ ਬਣਾ ਕੇ ਰੱਖ ਦਿੱਤਾ ਹੈ। ਕਿਸਾਨਾਂ ਦੀ ਗੱਲ ਸੁਣਨ ਦੀ ਬਜਾਏ ਉਨ੍ਹਾਂ ਉੱਪਰ ਪਾਣੀ ਦੀਆਂ ਵਾਛੜਾਂ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ 'ਤੇ ਹੰਝੂ ਗੈਸ ਦੇ ਗੋਲੇ ਦਾਗੇ ਜਾ ਰਹੇ ਹਨ। ਮੋਦੀ ਸਰਕਾਰ ਨੇ ਹੀ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਨੂੰ ਕਿਸਾਨਾਂ ਨਾਲ ਲਾਗੂ ਕਰਨ ਸਮੇਤ ਤਮਾਮ ਵਾਅਦੇ ਕਰ ਕੇ ਖਤਮ ਕਰਵਾਇਆ ਸੀ ਪਰ ਸਰਕਾਰ ਕਿਸਾਨਾਂ ਨਾਲ ਕੀਤੇ ਵਾਅਦੇ ਭੁੱਲ ਗਈ। ਕਾਂਗਰਸੀ ਆਗੂ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਕਿਸਾਨਾਂ ਦੇ ਹੱਕਾਂ ਲਈ ਸੜਕਾਂ ਤੋਂ ਲੈ ਕੇ ਸਦਨ ਤੱਕ ਲੜ ਰਹੀ ਹੈ, ਜਦਕਿ ਭਾਜਪਾ



ਕਿਸਾਨਾਂ ਦੀ ਬਜਾਏ ਪੂੰਜੀਪਤੀਆਂ ਨੂੰ ਫਾਇਦਾ ਪਹੁੰਚਾਉਣ ਵਿਚ ਲੱਗੀ ਹੋਈ ਹੈ। ਸੈਲਜਾ ਨੇ ਦੋਸ ਲਗਾਇਆ ਕਿ ਹਰਿਆਣਾ ਸਰਕਾਰ ਦਾ ਕਿਸਾਨਾਂ 'ਤੇ ਬੇਰਹਿਮੀ ਦਾ ਕੰਮ ਤਾਨਾਸਾਹੀ, ਅਣਮਨੁੱਖੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਇਨਸਾਫ ਦੀ ਦੁਹਾਈ ਤੋਂ ਡਰੀ ਮੋਦੀ ਸਰਕਾਰ ਜਿਸ ਤਰ੍ਹਾਂ ਕਿਸਾਨਾਂ ਨਾਲ ਸਲੂਕ ਕਰ ਰਹੀ ਹੈ, ਉਹ ਅੰਗਰੇਜਾਂ ਦੇ ਰਾਜ ਦੌਰਾਨ ਕਿਸਾਨਾਂ ਦੇ ਹੋਏ ਸੋਸਣ ਦੀ ਯਾਦ ਦਿਵਾਉਂਦਾ ਹੈ।

# ਸਰਕਾਰ ਦਾ ਵੱਡਾ ਕਦਮ, ਸਿਰਫ ਇਨ੍ਹਾਂ ਵਾਹਨਾਂ ਨੂੰ ਹੀ ਮਿਲੇਗਾ ਪੈਟਰੋਲ-ਡੀਜਲ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 18 ਦਸੰਬਰ। ਦਿੱਲੀ 'ਚ ਵਧਦੇ ਪ੍ਰਦੂਸਣ ਨੂੰ ਦੇਖਦੇ ਹੋਏ ਦਿੱਲੀ ਪੁਲਸ ਦੀ ਟਰੈਫਿਕ ਯੂਨਿਟ ਨੇ ਇਕ ਅਹਿਮ ਕਦਮ ਚੁੱਕਿਆ ਹੈ। ਹੁਣ ਦਿੱਲੀ ਵਿੱਚ -4 (ਗ੍ਰੇਡਡ ਰਿਸਪਾਂਸ ਐਕਸਨ ਪਲਾਨ) ਤਹਿਤ, ਸਿਰਫ -6 ਸਟੈਂਡਰਡ ਵਾਹਨਾਂ ਨੂੰ ਹੀ ਪੈਟਰੋਲ ਅਤੇ ਡੀਜਲ ਮਿਲੇਗਾ। ਯਾਨੀ ਕਿ ਪੈਟਰੋਲ ਅਤੇ ਡੀਜਲ ਸਿਰਫ ਉਨ੍ਹਾਂ ਵਾਹਨਾਂ ਨੂੰ ਮਿਲੇਗਾ ਜੋ ਨਵੇਂ -6 ਮਾਪਦੰਡਾਂ ਨੂੰ ਪੂਰਾ ਕਰਦੇ ਹਨ। ਇਸ ਕਦਮ ਨਾਲ ਪ੍ਰਦੂਸਣ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦਿੱਲੀ ਟ੍ਰੈਫਿਕ ਪੁਲਸ ਨੇ ਸਾਰੇ ਪੈਟਰੋਲ ਪੰਪ ਮਾਲਕਾਂ ਨੂੰ ਪੱਤਰ ਭੇਜ ਕੇ -6 ਵਾਹਨਾਂ ਤੋਂ ਇਲਾਵਾ ਕਿਸੇ ਹੋਰ ਵਾਹਨ ਨੂੰ ਪੈਟਰੋਲ ਜਾਂ ਡੀਜਲ ਦੀ ਸਪਲਾਈ ਨਾ ਕਰਨ ਦੀ ਹਦਾਇਤ ਕੀਤੀ ਹੈ। ਜੇਕਰ ਪੈਟਰੋਲ ਪੰਪ ਮਾਲਕ ਇਸ ਹੁਕਮ ਦੀ ਉਲੰਘਣਾ ਕਰਦੇ ਹਨ ਤਾਂ ਉਨ੍ਹਾਂ ਖ਼ਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਦਿੱਲੀ ਪੁਲਸ ਦੇ ਵਿਸੇਸ ਕਮਿਸਨਰ (ਟ੍ਰੈਫਿਕ) ਅਜੇ ਚੌਧਰੀ ਨੇ ਇਸ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਹੁਣ ਤੱਕ ਇਹ ਪੱਤਰ ਦਿੱਲੀ ਦੇ ਕਈ ਪੈਟਰੋਲ ਪੰਪ ਮਾਲਕਾਂ ਨੂੰ ਭੇਜੇ ਜਾ ਚੁੱਕੇ ਹਨ ਅਤੇ ਬਾਕੀ ਵੀ ਜਲਦੀ ਹੀ ਭੇਜ ਦਿੱਤੇ ਜਾਣਗੇ। ਗ੍ਰੇਪ-4 ਲਾਗੂ ਹੁੰਦੇ ਹੀ ਦਿੱਲੀ ਪੁਲਸ ਪੂਰੀ ਤਰ੍ਹਾਂ ਅਲਰਟ ਹੋ ਗਈ ਹੈ। ਸੋਮਵਾਰ ਰਾਤ 11 ਵਜੇ ਤੋਂ ਹੀ ਟ੍ਰੈਫਿਕ ਪੁਲਸ ਨੇ ਪ੍ਰਦੂਸਣ ਨੂੰ ਘੱਟ ਕਰਨ ਲਈ ਜਰੂਰੀ ਕਦਮ ਚੁੱਕਣੇ ਸੁਰੂ ਕਰ ਦਿੱਤੇ। ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਪ੍ਰਦੂਸਣ ਸਰਟੀਫਿਕੇਟ (ਪੀਯੂਸੀ) ਤੋਂ ਬਿਨਾਂ ਵਾਹਨਾਂ ਦੇ ਚਲਾਨ ਕੀਤੇ ਜਾਣਗੇ ਅਤੇ ਪ੍ਰਦੂਸਣ ਫੈਲਾਉਣ ਵਾਲੇ ਵਾਹਨ ਜਬਤ ਕੀਤੇ




ਜਾਣਗੇ। ਪਿਛਲੇ ਜੀ.ਆਰ.ਪੀ.-4 ਦੌਰਾਨ 350 ਦੇ ਕਰੀਬ ਅਜਿਹੇ ਵਾਹਨਾਂ ਦੇ ਚਲਾਨ ਕੀਤੇ ਗਏ ਸਨ ਜੋ ਬਿਨਾਂ ਜਾਇਜ ਪ੍ਰਦੂਸਣ ਸਰਟੀਫਿਕੇਟ ਤੋਂ ਚੱਲ ਰਹੇ ਸਨ। ਨਵੀਂ ਦਿੱਲੀ ਜ਼ਿਲੇ ਦੇ ਪੈਟਰੋਲ ਪੰਪ ਮਾਲਕਾਂ ਨੂੰ ਪੱਤਰ ਭੇਜ ਕੇ ਹਦਾਇਤ ਕੀਤੀ ਗਈ ਹੈ ਕਿ ਉਹ ਬੀ.ਐੱਸ.-6 ਵਾਹਨਾਂ ਤੋਂ ਇਲਾਵਾ ਕਿਸੇ ਹੋਰ ਵਾਹਨ ਨੂੰ ਪੈਟਰੋਲ ਅਤੇ ਡੀਜਲ ਦੀ ਸਪਲਾਈ ਨਾ ਕਰਨ। ਟਰੈਫਿਕ ਪੁਲਸ ਹੁਣ ਸੀਸੀਟੀਵੀ ਕੈਮਰਿਆਂ ਰਾਹੀਂ ਪੈਟਰੋਲ ਪੰਪਾਂ 'ਤੇ ਨਜਰ ਰੱਖੇਗੀ, ਤਾਂ ਜੋ ਹੁਕਮਾਂ ਦੀ ਪਾਲਣਾ ਕੀਤੀ ਜਾ ਸਕੇ। ਇਸ ਵਾਰ ਦਿੱਲੀ ਪੁਲਸ ਨੇ ਪ੍ਰਦੂਸਣ ਫੈਲਾਉਣ ਵਾਲੇ ਵਾਹਨਾਂ 'ਤੇ ਨਜਰ ਰੱਖਣ ਲਈ ਸੜਕਾਂ 'ਤੇ 50 ਤੋਂ ਵੱਧ ਜੋਨਲ ਅਫਸਰ (ਜੋਨਲ ਅਫਸਰ) ਤਾਇਨਾਤ ਕੀਤੇ ਹਨ। ਇਹ -4 ਤਹਿਤ ਪਾਬੰਦੀਸੁਦਾ ਵਾਹਨਾਂ ਨੂੰ ਫੜਨ ਵਿੱਚ ਮਦਦ ਕਰਨਗੇ। ਭਾਰੀ ਵਾਹਨਾਂ ਨੂੰ ਰੋਕਣਾ: ਦਿੱਲੀ ਟ੍ਰੈਫਿਕ ਪੁਲਸ ਨੇ ਗੁਆਂਢੀ ਰਾਜਾਂ ਤੋਂ ਆਉਣ ਵਾਲੇ ਭਾਰੀ ਵਾਹਨਾਂ ਨੂੰ ਰੋਕਣ ਲਈ ਸਰਹੱਦ 'ਤੇ ਨਾਕੇ ਲਗਾਏ ਹਨ। ਵਿਸੇਸ ਟੀਮਾਂ ਤਾਇਨਾਤ: ਰੁਟੀਨ ਟ੍ਰੈਫਿਕ ਪੁਲਸ ਦੇ ਨਾਲ-ਨਾਲ ਦਿੱਲੀ ਦੀਆਂ ਸਾਰੀਆਂ ਸਰਹੱਦਾਂ 'ਤੇ ਵਿਸੇਸ ਟੀਮਾਂ ਵੀ ਤਾਇਨਾਤ ਕੀਤੀਆਂ ਗਈਆਂ ਹਨ। ਪੀਸੀਆਰ ਯੂਨਿਟਾਂ ਦੀ ਵਰਤੋਂ: ਪ੍ਰਦੂਸਣ ਫੈਲਾਉਣ ਵਾਲੇ ਵਾਹਨਾਂ ਨੂੰ ਫੜਨ ਲਈ 88 ਪੀਸੀਆਰ ਵੈਨਾਂ ਸੜਕ 'ਤੇ ਲਗਾਈਆਂ ਗਈਆਂ ਹਨ। ਪਿਕੇਟ ਅਤੇ ਚਲਾਨ ਦਾ ਪ੍ਰਬੰਧ: ਦਿੱਲੀ ਦੇ ਵੱਖ-ਵੱਖ ਹਿੱਸਿਆਂ ਵਿੱਚ ਸਥਾਈ ਪੈਕਟ ਬਣਾਏ ਗਏ ਹਨ ਅਤੇ ਪੁਲਸ ਨੂੰ ਚਲਾਨ ਜਾਰੀ ਕਰਨ ਲਈ ਮਸੀਨਾਂ ਦਿੱਤੀਆਂ ਗਈਆਂ ਹਨ। ਮੋਟਰਸਾਈਕਲਾਂ 'ਤੇ ਪੁਲਸ: ਪ੍ਰਦੂਸਣ ਫੈਲਾਉਣ ਵਾਲੇ ਵਾਹਨਾਂ ਨੂੰ ਫੜਨ ਲਈ ਮੋਟਰਸਾਈਕਲਾਂ 'ਤੇ ਵੀ ਟਰੈਫ਼ਿਕ ਪੁਲਸ ਤਾਇਨਾਤ ਕੀਤੀ ਗਈ ਹੈ।

# ਲਾੜੇ ਨੂੰ 2.5 ਕਰੋੜ ਤੇ ਸਾਲੀ ਨੂੰ ਜੁੱਤੀ ਚੋਰੀ ਕਰਨ ਲਈ 11 ਲੱਖ, ਸ਼ਾਹੀ ਵਿਆਹ ਦਾ ਵੀਡੀਓ ਵਾਇਰਲ

ਨੈਸ਼ਨਲ ਡੈਸਕ 18 ਦਸੰਬਰ। ਯੂਪੀ ਦੇ ਮੇਰਠ ਦਾ ਇੱਕ ਵੀਡੀਓ ਸੋਸਲ ਮੀਡੀਆ 'ਤੇ ਤੇਜੀ ਨਾਲ ਵਾਇਰਲ ਹੋ ਰਿਹਾ ਹੈ। ਇਹ ਵੀਡੀਓ ਇੱਕ ਵਿਆਹ ਸਮਾਗਮ ਦੀ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਵਿਆਹ 'ਚ 2 ਕਰੋੜ 56 ਲੱਖ ਰੁਪਏ 'ਦਾਜ' ਵਜੋਂ ਦਿੱਤੇ ਗਏ ਸਨ। ਮਾਮਲਾ ਇੱਥੇ ਹੀ ਖਤਮ ਨਹੀਂ ਹੋਇਆ, ਸਗੋਂ ਜੁੱਤੀ ਚੋਰੀ ਅਤੇ ਨਿਕਾਹ ਸਮਾਰੋਹ ਵਿੱਚ ਵੀ ਕਾਫੀ ਪੈਸਾ ਵੰਡਿਆ ਗਿਆ। ਫਿਲਹਾਲ ਇਹ ਵਾਇਰਲ ਵੀਡੀਓ ਇਲਾਕੇ 'ਚ ਚਰਚਾ ਦਾ ਵਿਸਾ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਇਸ ਨੂੰ ਲੈ ਕੇ ਸੋਸਲ ਮੀਡੀਆ 'ਤੇ ਕਈ ਤਰ੍ਹਾਂ ਦੀਆਂ ਚਰਚਾਵਾਂ ਹੋ ਰਹੀਆਂ ਹਨ। ਹਾਲਾਂਕਿ ਅਜੇ ਤੱਕ ਇਸ ਵੀਡੀਓ ਦੀ ਪੁਸਟੀ ਨਹੀਂ ਹੋਈ ਹੈ। ਨਾ ਹੀ ਕੋਈ ਅਧਿਕਾਰਤ ਬਿਆਨ ਸਾਹਮਣੇ ਆਇਆ ਹੈ। ਦੱਸਿਆ ਗਿਆ ਕਿ ਇਹ ਵਿਆਹ ਸਮਾਰੋਹ ਦਿੱਲੀ-ਦੇਹਰਾਦੂਨ ਹਾਈਵੇਅ ਯਾਨੀ ਮੇਰਠ ਦੇ -58 'ਤੇ ਸਥਿਤ ਇਕ ਰਿਜੋਰਟ 'ਚ ਆਯੋਜਿਤ ਕੀਤਾ ਗਿਆ ਸੀ। ਜਿੱਥੇ ਪੈਸਿਆਂ ਨਾਲ ਭਰਿਆ ਸੂਟਕੇਸ ਲਿਆਂਦਾ ਗਿਆ। ਕਰੀਬ 2 ਕਰੋੜ 56 ਲੱਖ ਰੁਪਏ ਦਾਜ ਵਜੋਂ ਦਿੱਤੇ ਗਏ ਸਨ। ਇਸ ਦੇ ਨਾਲ ਹੀ ਵਿਆਹ ਪ੍ਰੋਗਰਾਮ 'ਚ ਜੁੱਤੀ ਚੋਰੀ ਦੀ ਰਸਮ ਦੇ ਨਾਂ 'ਤੇ 11 ਲੱਖ ਰੁਪਏ ਵੀ ਦਿੱਤੇ ਗਏ। ਇੰਨਾ ਹੀ ਨਹੀਂ ਨਿਕਾਹ ਕਰਾਉਣ ਵਾਲੇ ਵਿਅਕਤੀ ਨੂੰ 11 ਲੱਖ ਰੁਪਏ ਵੀ ਮਿਲੇ ਹਨ। ਇਹ ਵੀਡੀਓ ਚਾਰ ਦਿਨ ਪਹਿਲਾਂ ਦੀ ਦੱਸੀ ਜਾ ਰਹੀ ਹੈ, ਜਿੱਥੇ ਇੱਕ ਵੱਡੇ



ਰਿਜੋਰਟ ਵਿੱਚ ਇੱਕ ਮੁਸਲਿਮ ਜੋੜੇ ਦੇ ਵਿਆਹ ਦਾ ਸਮਾਗਮ ਆਯੋਜਿਤ ਕੀਤਾ ਗਿਆ ਸੀ। ਵਿਆਹ ਦੀ ਬਾਰਾਤ ਗਾਜੀਆਬਾਦ ਤੋਂ ਮੇਰਠ ਆਈ ਸੀ। ਜਿਸ 'ਚ ਲਾੜੀ ਦੇ ਪੱਖ ਨੇ ਲਾੜੇ ਨੂੰ ਇੰਨੀ ਵੱਡੀ ਰਕਮ ਦਿੱਤੀ ਕਿ ਹਰ ਕੋਈ ਦੇਖਦਾ ਹੀ ਰਹਿ ਗਿਆ। ਵੀਡੀਓ 'ਚ ਸੁਣਿਆ ਜਾ ਰਿਹਾ ਹੈ ਕਿ ਸੂਟਕੇਸ 'ਚ 2 ਕਰੋੜ 56 ਲੱਖ ਰੁਪਏ ਦਿੱਤੇ ਜਾ ਰਹੇ ਹਨ। ਮੌਕੇ 'ਤੇ ਮੌਜੂਦ ਕੁਝ ਲੋਕ ਲਗਾਤਾਰ ਇਸ ਦੀ ਵੀਡੀਓ ਬਣਾ ਰਹੇ ਸਨ। ਇਸ ਦੌਰਾਨ ਇੱਕ ਧਾਰਮਿਕ ਸਥਾਨ ਲਈ 8 ਲੱਖ ਰੁਪਏ ਵੀ ਦਿੱਤੇ ਗਏ। ਫਿਲਹਾਲ ਇਸ ਵਿਆਹ ਦੀ ਵੀਡੀਓ ਸੋਸਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਕੁਝ ਲੋਕ ਇਸ ਵਿਆਹ ਦੀ ਰਸਮ ਨੂੰ ਸਮਾਜ ਲਈ ਗਲਤ ਕਹਿ ਰਹੇ ਹਨ। ਇਸ ਦੇ ਨਾਲ ਹੀ ਕੁਝ ਲੋਕਾਂ ਦਾ ਕਹਿਣਾ ਹੈ ਕਿ ਵਿਆਹ ਇਕ ਨਿੱਜੀ ਮਾਮਲਾ ਹੈ ਅਤੇ ਦੋਵਾਂ ਪਰਿਵਾਰਾਂ ਦਾ ਮਾਮਲਾ ਹੈ।

## ਪੁਲਸ ਕਮਿਸਨਰ ਦਾ ਚਾਈਨਾ ਡੋਰ ਵਿਰੁੱਧ ਸਖਤ ਐਕਸ਼ਨ, 40 ਗੱਟੂਆਂ ਤੇ 96 ਬੋਤਲਾਂ ਸਰਾਬ ਸਮੇਤ ਕਾਬੂ

ਅੰਮ੍ਰਿਤਸਰ 18 ਦਸੰਬਰ। ਪੁਲਸ ਕਮਿਸਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਅੱਜ ਚਾਈਨਾ ਗੱਟੂਆਂ (ਡੋਰ) ਨੂੰ ਲੈ ਕੇ ਸਖਤ ਕਾਰਵਾਈ ਕਰਦਿਆਂ ਸਮੂਹ ਥਾਣਾ ਮੁਖੀਆਂ ਅਤੇ ਪੁਲਸ ਚੌਕੀਆਂ ਦੇ ਇੰਚਾਰਜਾਂ ਨੂੰ ਸਖਤ ਹੁਕਮ ਜਾਰੀ ਕੀਤੇ ਹਨ ਕਿ ਇਸ ਖੂਨੀ ਡੋਰ ਨੂੰ ਵੇਚਣ ਵਾਲਿਆਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਸ 'ਤੇ ਥਾਣਾ ਬੀ ਡਵੀਜਨ ਦੇ ਇੰਚਾਰਜ ਇੰਸਪੈਕਟਰ ਸੁਖਬੀਰ ਸਿੰਘ ਹਰਕਤ 'ਚ ਆਏ ਅਤੇ ਉਨ੍ਹਾਂ ਦੀ ਅਗਵਾਈ 'ਚ ਟੀਮ ਨੇ ਚਾਈਨਾ ਡੋਰ ਵੇਚਣ ਵਾਲੇ ਇਕ ਦੋਸੀ ਨੂੰ 40 ਚਾਈਨਾ ਡੋਰ ਦੇ ਗੱਟੂਆਂ ਸਮੇਤ ਕਾਬੂ ਕਰਨ 'ਚ ਸਫਲਤਾ ਹਾਸਲ ਕੀਤੀ। ਪੁਲਸ ਨੇ ਮੁਲਜਮ ਖ਼ਿਲਾਫ ਤੁਰੰਤ ਕਾਰਵਾਈ ਕਰਦਿਆਂ ਉਸ ਦੇ ਕਬਜੇ ਵਿੱਚੋਂ 96 ਬੋਤਲਾਂ ਨਾਜਾਇਜ ਸਰਾਬ ਵੀ ਬਰਾਮਦ ਕੀਤੀ ਹੈ।

## ਸੂਰਤ 'ਚ ਭਾਜਪਾ ਦੀ ਮਹਿਲਾ ਨੇਤਾ ਨੇ ਲਿਆ ਫਾਹਾ

ਸੂਰਤ (ਏਜੰਸੀ) 18 ਦਸੰਬਰ। ਗੁਜਰਾਤ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਇਕ 34 ਸਾਲਾ ਮਹਿਲਾ ਨੇਤਾ ਨੇ ਸੂਰਤ ਦੇ ਭੀਮਰਦ ਇਲਾਕੇ ਵਿਚ ਆਪਣੇ ਘਰ ਵਿਚ ਕਥਿਤ ਤੌਰ 'ਤੇ ਖੁਦਕੁਸੀ ਕਰ ਲਈ। ਇਕ ਪੁਲਸ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਦੇ ਡਿਪਟੀ ਕਮਿਸਨਰ ਵਿਜੇ ਸਿੰਘ ਗੁਰਜਰ ਨੇ ਦੱਸਿਆ ਕਿ ਸੂਰਤ ਸਹਿਰ ਦੇ ਵਾਰਡ ਨੰਬਰ 30 ਦੀ ਭਾਜਪਾ ਮਹਿਲਾ ਇਕਾਈ ਦੀ ਪ੍ਰਧਾਨ ਦੀਪਿਕਾ ਪਟੇਲ ਦੀ ਲਾਸ ਐਤਵਾਰ ਦੁਪਹਿਰ ਕਰੀਬ 2 ਵਜੇ ਉਨ੍ਹਾਂ ਦੇ ਬੈੱਡਰੂਮ ਦੇ ਛੱਤ ਵਾਲੇ ਪੱਖੇ ਨਾਲ ਲਟਕਦੀ ਮਿਲੀ। ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ, "ਘਟਨਾ ਵਾਲੀ ਥਾਂ ਤੋਂ ਕੋਈ ਸੁਸਾਈਡ ਨੋਟ ਨਹੀਂ ਮਿਲਿਆ ਹੈ। ਇਹ ਕਦਮ ਚੁੱਕਣ ਤੋਂ ਪਹਿਲਾਂ ਉਨ੍ਹਾਂ ਨੇ ਵਾਰਡ 30 ਦੇ ਕੌਂਸਲਰ ਚਿਰਾਗ ਸੋਲੰਕੀ ਨੂੰ ਫੋਨ ਕੀਤਾ ਸੀ, ਜਿਸ ਨੂੰ ਉਹ ਆਪਣਾ



ਭਰਾ ਸਮਝਦੀ ਸੀ। ਪਟੇਲ ਨੇ ਸੋਲੰਕੀ ਨੂੰ ਦੱਸਿਆ ਕਿ ਉਹ ਤਣਾਅ ਵਿੱਚ ਹੈ ਅਤੇ ਆਪਣੀ ਜੀਵਨ ਲੀਲਾ ਸਮਾਪਤ ਕਰਨਾ ਚਾਹੁੰਦੀ ਹੈ। ਇਸ ਮਗਰੋਂ ਸੋਲੰਕੀ ਜਲਦ ਹੀ ਪਟੇਲ ਕੋਲ ਪਹੁੰਚੇ। ਵਾਰ-ਵਾਰ ਦਰਵਾਜਾ ਖੜਕਾਉਣ ਦੇ ਬਾਵਜੂਦ ਅੰਦਰੋਂ ਕੋਈ ਜਵਾਬ ਨਹੀਂ ਆਇਆ, ਜਿਸ ਤੋਂ ਬਾਅਦ ਘਰ ਅਤੇ ਉਨ੍ਹਾਂ ਦੇ ਬੈੱਡਰੂਮ ਦਾ ਦਰਵਾਜਾ ਤੋੜਿਆ ਗਿਆ। ਗੁਰਜਰ ਨੇ ਕਿਹਾ, 'ਪਟੇਲ ਦਾ ਪਤੀ ਬਾਹਰ ਸੀ। ਜਦੋਂ ਸੋਲੰਕੀ ਘਰ ਪਹੁੰਚੇ ਤਾਂ ਪਟੇਲ ਦੇ ਬੱਚੇ ਮੌਜੂਦ ਸਨ। ਉਹ ਪਟੇਲ ਨੂੰ ਸਿਵਲ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਪੋਸਟ ਮਾਰਟਮ ਦੀ ਰਿਪੋਰਟ 'ਚ ਫਾਹਾ ਲਗਾ ਕੇ ਮੌਤ ਹੋਣ ਦੀ ਪੁਸਟੀ ਹੋਈ ਹੈ। ਉਨ੍ਹਾਂ ਦਾ ਮੋਬਾਈਲ ਫੋਨ ਜਬਤ ਕਰ ਲਿਆ ਗਿਆ ਹੈ ਅਤੇ ਜਾਂਚ ਦੇ ਹਿੱਸੇ ਵਜੋਂ ਫੋਰੈਂਸਿਕ ਵਿਸਲੇਸਣ ਕੀਤਾ ਜਾਵੇਗਾ।'

## ਪੁਲਸ ਨੇ ਚੋਰੀ ਦੇ ਵਾਹਨ ਸਣੇ ਮੁਲਜਮ ਕੀਤਾ ਗ੍ਰਿਫਤਾਰ, ਸਾਥੀ ਦੀ ਹੋਈ ਪਛਾਣ

ਜਲੰਧਰ 18 ਦਸੰਬਰ। ਥਾਣਾ ਬਸਤੀ ਬਾਵਾ ਖੇਲ ਦੀ ਪੁਲਸ ਨੇ ਇਕ ਚੋਰੀ ਦੀ ਐਕਟਿਵਾ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ ਅਤੇ ਇਸ ਮਾਮਲੇ ਦੇ ਸਬੰਧ ਵਿੱਚ ਇਕ ਦੋਸੀ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦਕਿ ਉਸ ਦੇ ਸਾਥੀ ਦੀ ਪਛਾਣ ਕਰ ਲਈ ਗਈ ਹੈ ਅਤੇ ਉਸ ਦੀ



ਗ੍ਰਿਫਤਾਰੀ ਲਈ ਯਤਨ ਜਾਰੀ ਹਨ। ਘਟਨਾ ਦਾ ਪਤਾ ਉਦੋਂ ਲੱਗਾ ਜਦੋਂ ਚੁੰਗੀ ਨੰਬਰ 9, ਬਸਤੀ ਦਾਨਿਸਮੰਡਾ ਦੀ ਰਹਿਣ ਵਾਲੀ ਜੋਤੀ ਨੇ 22 ਅਕਤੂਬਰ 2024 ਨੂੰ ਆਪਣੀ ਦੁਕਾਨ ਦੇ ਬਾਹਰੋਂ ਆਪਣਾ ਐਕਟਿਵਾ ਸਕੂਟਰ (ਪੀ. ਬੀ08-ਈ. ਯੂ-8277) ਚੋਰੀ ਹੋਣ ਦੀ ਸੂਚਨਾ ਦਿੱਤੀ। ਉਸ ਦੀ ਸ਼ਿਕਾਇਤ ਤੋਂ ਬਾਅਦ ਐੱਫ. ਆਈ. ਆਰ. ਨੰਬਰ 194, ਮਿਤੀ 28 ਨਵੰਬਰ ਅਧੀਨ ਧਾਰਾ 303(2) ਅਤੇ 3 (5ਬੀ. ਐੱਨ. ਐੱਸ. ਐਕਟ ਦੀ ਧਾਰਾ ) ਦੇ ਤਹਿਤ ਥਾਣਾ ਬਸਤੀ ਬਾਵਾ ਖੇਲ ਵਿਖੇ ਦਰਜ ਕੀਤੀ ਗਈ ਸੀ। 28 ਨਵੰਬਰ 2024 ਨੂੰ ਬਾਬਾ ਬੁੱਢਾ ਜੀ ਪੁਲ 'ਤੇ ਨਾਕਾਬੰਦੀ ਦੌਰਾਨ ਪੁਲਸ ਨੇ ਮੁਨੀਸ ਕੁਮਾਰ ਵਾਸੀ ਸਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ ਨੂੰ ਚੋਰੀ ਦੇ ਸਕੂਟਰ ਸਮੇਤ ਕਾਬੂ ਕਰ ਲਿਆ। ਹੋਰ ਪੁੱਛਗਿੱਛ 'ਤੇ ਇਕ ਹੋਰ ਸਾਥੀ ਗੁਰਦੀਪ ਸਿੰਘ ਉਰਫ ਦੀਪ ਵਾਸੀ ਨਿਜਾਤਮ ਨਗਰ, ਜਲੰਧਰ ਦੀ ਸਮੂਲੀਅਤ ਦਾ ਖੁਲਾਸਾ ਹੋਇਆ। ਉਸ ਨੂੰ ਫੜਨ ਦੀ ਕੋਸ਼ਿਸ ਕੀਤੀ ਜਾ ਰਹੀ ਹੈ। ਪੁਲਸ ਕਮਿਸਨਰ ਸਵਪਨ ਸਰਮਾ ਨੇ ਖੇਤਰ ਵਿੱਚ ਵਾਹਨ ਚੋਰੀਆਂ ਨੂੰ ਨੱਥ ਪਾਉਣ ਲਈ ਵਿਭਾਗ ਦੀ ਵਚਨਬੱਧਤਾ 'ਤੇ ਜੋਰ ਦਿੰਦਿਆਂ ਤੁਰੰਤ ਕਾਰਵਾਈ ਲਈ ਅਧਿਕਾਰੀਆਂ ਦੀ ਸਲਾਘਾ ਕੀਤੀ ।

## ਮੱਝਾਂ-ਗਾਂਵਾਂ ਨੂੰ ਖਵਾਓ ਇਹ ਚੀਜ, ਮਿੰਟਾਂ 'ਚ ਭਰਨਗੀਆਂ ਦੁੱਧ ਦੀਆਂ ਬਾਲਟੀਆਂ

ਨੈਸ਼ਨਲ ਡੈਸਕ 18 ਦਸੰਬਰ। ਜੇਕਰ ਤੁਹਾਡੇ ਪਸ਼ੂ ਦੁੱਧ ਨਹੀਂ ਦਿੰਦੇ ਜਾਂ ਦੁੱਧ ਦੀ ਕਮੀ ਹੈ ਤਾਂ ਉਨ੍ਹਾਂ ਨੂੰ ਸਰ੍ਹੋਂ ਦੀ ਖਲ ਖੁਆਓ। ਇਸ ਨਾਲ ਪਸ਼ੂਆਂ ਵਿਚ ਦੁੱਧ ਦਾ ਉਤਪਾਦਨ ਬਹੁਤ ਤੇਜੀ ਨਾਲ ਵਧਦਾ ਹੈ। ਇਸ ਤੋਂ ਇਲਾਵਾ ਪਸ਼ੂਆਂ ਵਿਚ ਪ੍ਰੋਟੀਨ ਦੀ ਮਾਤਰਾ ਵੀ ਵੱਧ ਜਾਂਦੀ ਹੈ। ਤੁਹਾਨੂੰ ਸਰ੍ਹੋਂ ਦਾ ਪਾਊਡਰ ਵੀ ਆਸਾਨੀ ਨਾਲ ਮਿਲ ਜਾਵੇਗਾ। ਜੇਕਰ ਤੁਸੀਂ ਵੀ ਦੁਧਾਰੂ ਪਸ਼ੂ ਪਾਲਦੇ ਹੋ ਅਤੇ ਉਨ੍ਹਾਂ ਦਾ ਦੁੱਧ ਵਧਾਉਣਾ ਚਾਹੁੰਦੇ ਹੋ ਤਾਂ ਸਰ੍ਹੋਂ ਦੀ ਖਲ (ਪਾਊਡਰ) ਸਭ ਤੋਂ ਜ਼ਿਆਦਾ ਫਾਇਦੇਮੰਦ ਹੈ। ਸਰ੍ਹੋਂ ਦਾ ਸਾਗ ਖਾਣ ਨਾਲ ਦੁੱਧ ਦਾ ਉਤਪਾਦਨ ਵੱਧਦਾ ਹੈ। ਖੇਤੀਬਾੜੀ ਵਿਗਿਆਨ ਕੇਂਦਰ ਦੇ ਇੰਚਾਰਜ ਡਾ: ਓਮਕਾਰ ਸਿੰਘ ਨੇ ਕਿਹਾ ਕਿ



ਪਸ਼ੂਆਂ ਲਈ ਪੌਸਟਿਕ ਭੋਜਨ ਬਹੁਤ ਜਰੂਰੀ ਹੈ। ਕਿਸਾਨਾਂ ਨੂੰ ਆਪਣੇ ਪਸ਼ੂਆਂ ਨੂੰ ਪ੍ਰੋਟੀਨ ਖਾਣਾ ਚਾਹੀਦਾ ਹੈ। ਪ੍ਰੋਟੀਨ ਪਸ਼ੂਆਂ ਨੂੰ ਸਿਹਤਮੰਦ ਰੱਖਦਾ ਹੈ ਅਤੇ ਦੁੱਧ ਵੀ ਵਧਦਾ ਹੈ। ਸਰ੍ਹੋਂ ਤੋਂ ਤਿਆਰ ਕੀਤੀ ਖਲ ਪ੍ਰੋਟੀਨ ਦਾ ਖਜਾਨਾ ਹੈ। ਜੇਕਰ ਦੁੱਧ ਦੇਣ ਵਾਲੇ ਪਸ਼ੂਆਂ ਨੂੰ ਹਰ ਰੋਜ ਖਲ ਖੁਆਈ ਜਾਵੇ ਤਾਂ ਉਨ੍ਹਾਂ ਵਿਚ ਕਈ ਬਦਲਾਅ ਦੇਖਣ ਨੂੰ ਮਿਲਦੇ ਹਨ। ਇਸ ਦੇ ਨਾਲ ਹੀ ਜੇਕਰ 15 ਦਿਨਾਂ ਤੱਕ ਰੋਜਾਨਾ ਪਸ਼ੂਆਂ ਨੂੰ ਸਰ੍ਹੋਂ ਦੀ ਕੇਕ ਖੁਆਈ ਜਾਵੇ ਤਾਂ ਦੁੱਧ ਦਾ ਉਤਪਾਦਨ 2 ਲੀਟਰ ਤੱਕ ਵਧ ਜਾਂਦਾ ਹੈ। ਡੇਅਰੀ ਪਸ਼ੂਆਂ ਵਿਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੁੰਦੀਆਂ ਹਨ। ਇਸ ਲਈ ਕਿਸਾਨ ਭਰਾਵਾਂ ਨੂੰ ਪਸ਼ੂਆਂ ਨੂੰ ਚਾਰਾ ਪਾਉਣਾ ਚਾਹੀਦਾ ਹੈ। ਖਲ ਵਿਚ ਮੌਜੂਦ ਪੌਸਟਿਕ ਤੱਤ ਪਸ਼ੂਆਂ ਦੀ ਰੋਗ ਪ੍ਰਤੀਰੋਧਕ ਸਕਤੀ ਨੂੰ ਵਧਾਉਂਦੇ ਹਨ, ਇਸ ਲਈ ਪਸ਼ੂਆਂ ਨੂੰ ਖਲ ਖੁਆਉਣੀ ਚਾਹੀਦੀ ਹੈ। ਅਕਸਰ ਪਸ਼ੂਆਂ ਵਿਚ ਹੌਲੀ-ਹੌਲੀ ਦੁੱਧ ਦੀ ਕਮੀ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿਚ ਕਿਸਾਨਾਂ ਨੂੰ ਸਰ੍ਹੋਂ ਨੂੰ ਪੀਸ ਕੇ ਤਿਆਰ ਕੀਤੀ ਖਲ ਦੀ ਮਦਦ ਲੈਣੀ ਚਾਹੀਦੀ ਹੈ। ਇਸ ਕਾਰਨ ਦੁੱਧ ਦੇਣਾ ਬੰਦ ਕਰ ਚੁੱਕੇ ਪਸ਼ੂ ਵੀ ਹੌਲੀ-ਹੌਲੀ ਦੁੱਧ ਦੇਣਾ ਸੁਰੂ ਕਰ ਦਿੰਦੇ ਹਨ। ਇਸ ਤੋਂ ਇਲਾਵਾ ਦੁੱਧ ਦੀ ਮਾਤਰਾ ਵੀ ਵਧ ਜਾਂਦੀ ਹੈ।

# ਹੁਣ ਇਸ ਰੰਗ 'ਚ ਰੰਗੀਆਂ ਜਾਣਗੀਆਂ ਰੋਡਵੇਜ ਦੀਆਂ ਬੱਸਾਂ

ਇਟਾਵਾ 18 ਦਸੰਬਰ। ਰੋਡਵੇਜ ਦੀਆਂ ਬੱਸਾਂ ਨੂੰ ਹੁਣ ਨਵਾਂ ਰੰਗ ਮਿਲਣ ਜਾ ਰਿਹਾ ਹੈ। ਰੋਡਵੇਜ 'ਚ ਸਫਰ ਕਰਨ ਵਾਲੇ ਯਾਤਰੀਆਂ ਨੂੰ ਹੁਣ ਬੱਸਾਂ ਕੁਝ ਵੱਖਰੇ ਰੰਗ ਵਿਚ ਰੰਗੀਆਂ ਮਿਲਣਗੀਆਂ। ਜੀ ਹਾਂ, ਰੋਡਵੇਜ ਦੀਆਂ ਬੱਸਾਂ ਨੂੰ ਭਗਵਾ ਰੰਗ 'ਚ ਰੰਗਿਆ ਜਾਣਾ ਸੁਰੂ ਹੋ ਗਿਆ ਹੈ। ਇਸ ਦੇ ਪਿੱਛੇ ਦੀ ਵਜ੍ਹਾ ਉੱਤਰ ਪ੍ਰਦੇਸ ਦੇ ਪ੍ਰਯਾਗਰਾਜ 'ਚ ਜਨਵਰੀ ਮਹੀਨੇ 'ਚ ਆਯੋਜਿਤ ਹੋਣ ਵਾਲਾ ਮਹਾਕੁੰਭ ਮੇਲਾ ਹੈ। ਕਰੀਬ 20 ਦਿਨਾਂ ਤੱਕ ਚੱਲਣ ਵਾਲੇ ਮਹਾਕੁੰਭ ਲਈ ਟਰਾਂਸਪੋਰਟ ਕਾਰਪੋਰੇਸਨ ਜੰਗੀ ਪੱਧਰ 'ਤੇ ਤਿਆਰੀਆਂ 'ਚ ਜੁਟੀ ਹੋਈ ਹੈ। ਇਟਾਵਾ ਵਿਚ ਟਰਾਂਸਪੋਰਟ ਕਾਰਪੋਰੇਸਨ ਨੇ ਜਨਵਰੀ ਤੋਂ ਹੋਣ ਵਾਲੇ ਮਹਾਕੁੰਭ ਲਈ ਕੁੰਭ ਜਾਣ ਵਾਲੇ ਯਾਤਰੀਆਂ ਦੀ ਸਹੂਲਤ ਲਈ ਇਟਾਵਾ ਖੇਤਰ ਦੀਆਂ ਲਗਭਗ 489 ਬੱਸਾਂ ਨੂੰ ਭਗਵੇਂ ਰੰਗ ਵਿਚ ਰੰਗਣ ਦੀ ਤਿਆਰੀ ਸੁਰੂ ਕਰ ਦਿੱਤੀ ਹੈ। ਉੱਤਰ ਪ੍ਰਦੇਸ ਦੇ ਪ੍ਰਯਾਗਰਾਜ 'ਚ ਜਨਵਰੀ ਮਹੀਨੇ 'ਚ ਆਯੋਜਿਤ ਹੋਣ ਵਾਲਾ ਮਹਾਕੁੰਭ ਮੇਲੇ ਵਿਚ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਜਾਂਦੇ ਹਨ। ਇਟਾਵਾ ਰੋਡਵੇਜ ਜੋਨ



ਮੈਨੇਜਰ ਉਮੇਸ ਸੀ. ਐਸ. ਆਰੀਆ ਨੇ ਐਤਵਾਰ ਨੂੰ ਦੱਸਿਆ ਕਿ ਇਟਾਵਾ ਖੇਤਰ ਵਿਚ ਕੁੱਲ 489 ਬੱਸਾਂ ਹਨ। ਜਿਸ ਵਿਚ ਲਗਭਗ 181 ਬੱਸਾਂ ਨੂੰ ਪਹਿਲਾਂ ਹੀ ਭਗਵੇਂ ਰੰਗ ਵਿਚ ਰੰਗਿਆ ਗਿਆ ਹੈ। ਇਸ ਦੇ ਨਾਲ ਹੀ 100 ਕੰਟਰੈਕਟ ਡਰਾਈਵਰਾਂ ਦੀ ਭਰਤੀ ਕੀਤੀ ਜਾਣੀ ਹੈ। ਉਮੇਸ ਨੇ ਦੱਸਿਆ ਕਿ ਇਸ ਮਹਾਕੁੰਭ ਮੇਲੇ ਵਿਚ ਦੂਜੇ ਪੜਾਅ ਵਿਚ 22 ਜਨਵਰੀ ਤੋਂ 7 ਫਰਵਰੀ ਤੱਕ 229 ਬੱਸਾਂ ਸਿੱਧੇ ਜ਼ਿਲ੍ਹੇ ਤੋਂ ਪ੍ਰਯਾਗਰਾਜ ਲਈ ਚੱਲਣਗੀਆਂ। ਕੁੰਭ ਦੀ ਯਾਤਰਾ ਕਰਨ ਵਾਲੇ ਯਾਤਰੀਆਂ ਲਈ ਇਟਾਵਾ ਖੇਤਰ ਦੀਆਂ ਵਿਸੇਸ 410 ਬੱਸਾਂ ਤਾਇਨਾਤ ਕੀਤੀਆਂ ਜਾਣਗੀਆਂ। ਇਸ ਸਮੇਂ ਸਾਰੀਆਂ ਬੱਸਾਂ ਨੂੰ ਨਵਾਂ ਰੂਪ ਦੇਣ ਦਾ ਕੰਮ ਚੱਲ ਰਿਹਾ ਹੈ। ਨਵੇਂ ਰੂਪ ਮਗਰੋਂ ਸਾਰੀਆਂ ਬੱਸਾਂ ਨੂੰ ਭਗਵੇਂ ਰੰਗ ਵਿਚ ਰੰਗਿਆ ਜਾਵੇਗਾ। ਇਟਾਵਾ ਜ਼ਿਲ੍ਹੇ ਅਤੇ ਆਲੇ-ਦੁਆਲੇ ਦੇ ਜ਼ਿਲ੍ਹਿਆਂ ਦੇ ਲੋਕਾਂ ਨੂੰ ਸਿੱਧੀ ਪ੍ਰਯਾਗਰਾਜ ਸੇਵਾ ਪ੍ਰਦਾਨ ਕੀਤੀ ਜਾਵੇਗੀ ਜੋ ਕੁੰਭ ਇਸਨਾਨ ਕਰਦੇ ਹਨ। ਯਾਤਰੀਆਂ ਦੀ ਸਹੂਲਤ ਲਈ 100 ਵਾਧੂ ਕੰਟਰੈਕਟ ਡਰਾਈਵਰ ਵੀ ਭਰਤੀ ਕੀਤੇ ਜਾਣਗੇ, ਜਿਨ੍ਹਾਂ ਦੀ ਇੰਟਰਵਿਊ ਲਈ ਜਾ ਰਹੀ ਹੈ ਅਤੇ ਸਿਖਲਾਈ ਲਈ ਕਾਨਪੁਰ ਭੇਜਿਆ ਜਾ ਰਿਹਾ ਹੈ।

## ਪੰਜਾਬ 'ਚ ਵੱਡੀ ਵਾਰਦਾਤ, ਪਹਿਲਾਂ ਇਕੱਠੇ ਬੈਠ ਪੀਤੀ ਸ਼ਰਾਬ, ਫਿਰ ਕਰ 'ਤਾ ਵੱਡਾ ਕਾਂਡ

ਜਲੰਧਰ 18 ਦਸੰਬਰ। ਜਲੰਧਰ ਦੇ ਆਦਮਪੁਰ 'ਚ ਵੱਡੀ ਵਾਰਦਾਤ ਹੋਣ ਦੀ ਖਬਰ ਸਾਹਮਣੇ ਆਈ ਹੈ। ਇਥੇ ਸ਼ਰਾਬ ਦੇ ਨਸ਼ੇ ਵਿਚ ਇਕ ਮਜਦੂਰ ਨੇ ਆਪਣੇ ਦੋਸਤ ਦਾ ਤੇਜਧਾਰ ਹਥਿਆਰਾਂ ਨਾਲ ਵਾਰ ਕਰਕੇ ਕਤਲ ਕਰ ਦਿੱਤਾ। ਮ੍ਰਿਤਕ ਦੀ ਪਛਾਣ ਮਹਾਦੀਪੁਰ ਵੈਸਟ ਬੰਗਾਲ ਦੇ ਰਹਿਣ ਵਾਲੇ ਆਨੰਦ ਗੁਰੀਆ ਦੇ ਰੂਪ ਵਿਚ ਹੋਈ ਹੈ। ਉਥੇ ਹੀ ਦੋਸ਼ੀ ਰਾਮਰਾਏ ਚੰਪਈ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਰਾਮਰਾਏ ਖ਼ਿਲਾਫ ਥਾਣਾ ਆਦਮਪੁਰ ਵਿਚ ਕਤਲ ਸਮੇਤ ਹੋਰ ਵੱਖ-ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਪੁਲਸ ਨੇ ਜ਼ਿਮੀਦਾਰ ਹਰਦੀਪ ਸਿੰਘ ਦੇ ਬਿਆਨਾਂ 'ਤੇ ਐੱਫ. ਆਈ. ਆਰ. ਦਰਜ ਕੀਤੀ ਗਈ ਹੈ। ਮ੍ਰਿਤਕ ਆਨੰਦ ਗੁਰੀਆ ਆਦਮਪੁਰ ਵਿਚ ਜ਼ਿਮੀਦਾਰ ਹਰਦੀਪ ਸਿੰਘ ਦੇ ਕੋਲ ਕੰਮ ਕਰਦਾ ਸੀ। ਉਥੇ ਹੀ ਦੋਸ਼ੀ ਆਦਮਪੁਰ ਵਿਚ ਕਿਸੇ ਹੋਰ ਜ਼ਿਮੀਦਾਰ ਦੇ ਕੋਲ ਕੰਮ ਕਰਦਾ ਸੀ। ਦੋਵੇਂ ਐਤਵਾਰ ਦੀ ਰਾਤ ਇਕੱਠੇ ਸ਼ਰਾਬ ਪੀਣ ਗਏ ਸਨ। ਆਦਮਪੁਰ ਵਿਚ ਹੀ ਦੋਵਾਂ ਨੇ ਪਹਿਲਾਂ ਸ਼ਰਾਬ ਪੀਤੀ ਅਤੇ ਫਿਰ ਦੋਹਾਂ ਵਿਚਾਲੇ ਕਿਸੇ ਗੱਲ ਨੂੰ ਲੈ ਕੇ ਬਹਿਸ ਹੋ ਗਈ, ਜਿਸ ਤੋਂ ਬਾਅਦ ਆਨੰਦ ਦਾ ਤੇਜਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਦੋਸ਼ੀ ਨੇ ਆਨੰਦ ਦੀ ਛਾਤੀ ਅਤੇ ਗਰਦਨ 'ਤੇ ਕਈ ਵਾਰ ਕੀਤੇ ਸਨ। ਜਦੋਂ ਸੋਮਵਾਰ ਨੂੰ ਸਵੇਰੇ ਆਨੰਦ ਕੰਮ 'ਤੇ ਨਹੀਂ ਆਇਆ ਤਾਂ ਤਲਾਸ਼ ਸ਼ੁਰੂ ਕੀਤੀ ਗਈ। ਇਸ ਦੇ ਬਾਅਦ ਪਤਾ ਲੱਗਾ ਕਿ ਆਨੰਦ ਦਾ ਕਤਲ ਕੀਤਾ ਗਿਆ ਹੈ। ਤੁਰੰਤ ਮਾਮਲੇ ਦੀ ਜਾਣਕਾਰੀ ਪੁਲਸ ਨੂੰ ਦਿੱਤੀ ਗਈ। ਪੁਲਸ ਨੇ ਮਾਮਲੇ ਦਤੀ ਜਾਂਚ ਕਰਨ ਉਪਰੰਤ ਰਾਮਰਾਏ ਖ਼ਿਲਾਫ ਕਤਲ ਦਾ ਮਾਮਲਾ ਦਰਜ ਕਰਕੇ ਦੇਰ ਰਾਤ ਨੂੰ ਗ੍ਰਿਫਤਾਰ ਕਰ ਲਿਆ ਸੀ। ਪੁਲਸ ਨੇ ਲਾਸ਼ ਨੂੰ ਕਬਜੇ ਵਿਚ ਲੈ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਦੋਸ਼ੀ ਨੂੰ ਕੋਰਟ ਵਿਚ ਪੇਸ਼ ਕਰਕੇ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕੀਤੀ ਜਾਵੇਗੀ।

# ਇਸ ਸੂਬਾ ਸਰਕਾਰ ਨੇ 1000 ਤੋਂ ਵੱਧ ਕਿਸਾਨਾਂ ਨੂੰ ਦਿੱਤਾ 57 ਲੱਖ ਰੁਪਏ ਦਾ ਮੁਆਵਜਾ

ਬਿਲਾਸਪੁਰ 18 ਦਸੰਬਰ। ਹਿਮਾਚਲ ਪ੍ਰਦੇਸ਼ ਵਿਚ ਪਿਛਲੇ ਸਾਲ ਕੁਦਰਤੀ ਆਫਤਾਂ ਕਾਰਨਬਿਲਾਸਪੁਰ ਦੇ 1000 ਤੋਂ ਜ਼ਿਆਦਾ ਕਿਸਾਨਾਂ ਨੂੰ 57 ਲੱਖ ਰੁਪਏ ਦਾ ਮੁਆਵਜਾ ਦਿੱਤਾ ਗਿਆ ਹੈ। ਸੂਬੇ ਦੇ ਤਕਨੀਕੀ ਸਿੱਖਿਆ, ਵੋਕੇਸਨਲ ਅਤੇ ਉਦਯੋਗਿਕ ਸਿਖਲਾਈ ਮੰਤਰੀ ਰਾਜੇਸ ਧਰਮਾਣੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਧਰਮਾਣੀ ਮੁਤਾਬਕ ਸੂਬੇ ਦੇ ਰਾਹਤ ਨਿਯਮਾਂ ਵਿਚ ਸੋਧ ਤੋਂ ਬਾਅਦ 1,078 ਕਿਸਾਨਾਂ ਨੂੰ ਮੁਆਵਜਾ ਦੇਣ ਦਾ ਫੈਸਲਾ ਲਿਆ ਗਿਆ ਹੈ। ਇਕ ਅਧਿਕਾਰਤ ਬਿਆਨ ਮੁਤਾਬਕ ਧਰਮਾਣੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਹੜ੍ਹਾਂ ਨਾਲ ਪ੍ਰਭਾਵਿਤ ਵਾਹੀਯੋਗ ਜਮੀਨ ਲਈ ਮਾਮੂਲੀ ਤੌਰ 'ਤੇ 1400 ਰੁਪਏ ਪ੍ਰਤੀ ਬਿਘਾ ਮੁਆਵਜਾ ਦਿੱਤਾ ਸੀ ਪਰ ਮੌਜੂਦਾ ਕਾਂਗਰਸ ਸਰਕਾਰ ਨੇ ਇਸ ਨੂੰ ਵਧਾ ਕੇ 5,000 ਰੁਪਏ ਪ੍ਰਤੀ ਬਿਘਾ ਕਰ ਦਿੱਤਾ ਹੈ। ਇਸੇ ਤਰ੍ਹਾਂ ਵਾਹੀਯੋਗ ਅਤੇ ਬਾਗਬਾਨੀ ਜਮੀਨ ਦੇ ਨੁਕਸਾਨ ਲਈ ਮੁਆਵਜਾ ਰਾਸੀ 3600 ਰੁਪਏ ਪ੍ਰਤੀ ਬਿਘਾ ਤੋਂ ਵਧਾ ਕੇ 10,000 ਰੁਪਏ ਪ੍ਰਤੀ ਬਿਘਾ ਕਰ ਦਿੱਤੀ ਗਈ ਹੈ, ਜਦਕਿ ਫਸਲਾਂ ਦੇ ਨੁਕਸਾਨ ਦਾ ਮੁਆਵਜਾ



ਜੋ ਪਹਿਲਾਂ 300 ਤੋਂ 500 ਰੁਪਏ ਪ੍ਰਤੀ ਬਿਘਾ ਸੀ, ਨੂੰ ਵਧਾ ਕੇ 2000 ਰੁਪਏ ਪ੍ਰਤੀ ਬਿਘਾ ਕਰ ਦਿੱਤਾ ਗਿਆ ਹੈ। ਧਰਮਾਣੀ ਨੇ ਕਿਹਾ ਕਿ ਖੇਤੀਬਾੜੀ ਵਿਭਾਗ ਨੇ ਛੋਟੀਆਂ ਸਿੰਚਾਈ ਸਕੀਮਾਂ, ਪਾਣੀ ਦੇ ਭੰਡਾਰਨ ਢਾਂਚੇ ਅਤੇ ਟੈਂਕ ਨਿਰਮਾਣ ਵਰਗੀਆਂ ਪਹਿਲਕਦਮੀਆਂ ਰਾਹੀਂ 230.63 ਹੈਕਟੇਅਰ ਜਮੀਨ ਨੂੰ ਸਿੰਚਾਈ ਅਧੀਨ ਲਿਆਂਦਾ ਹੈ। ਰਾਜ ਸਰਕਾਰ ਬਿਲਾਸਪੁਰ ਜ਼ਿਲ੍ਹੇ ਵਿਚ ਸਿੰਚਾਈ ਸਹੂਲਤਾਂ ਦੇ ਵਿਸਥਾਰ ਲਈ ਵਚਨਬੱਧ ਹੈ। ਮੰਤਰੀ ਨੇ ਕਿਹਾ ਕਿ ਹਿਮਾਚਲ ਸਰਕਾਰ ਨੇ ਖੇਤੀ ਉਤਪਾਦਕਤਾ ਵਧਾਉਣ ਅਤੇ ਫਸਲੀ ਵਿਭਿੰਨਤਾ ਨੂੰ ਉਤਸਾਹਿਤ ਕਰਨ ਲਈ ਹਿਮ ਉਨਤੀ ਯੋਜਨਾ ਸੁਰੂ ਕੀਤੀ ਹੈ। ਇਸ ਸਕੀਮ ਤਹਿਤ ਜ਼ਿਲ੍ਹੇ ਦੇ ਪਿੰਡਾਂ ਅਤੇ ਪੰਚਾਇਤਾਂ ਵਿਚ 72 ਕਲੱਸਟਰ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਹਰੇਕ ਕਲੱਸਟਰ ਨੂੰ ਖੇਤੀਬਾੜੀ ਦੇ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਅਤੇ ਆਧੁਨਿਕ ਤਕਨਾਲੋਜੀ ਨੂੰ ਅਪਣਾਉਣ ਲਈ 10 ਲੱਖ ਰੁਪਏ ਅਲਾਟ ਕੀਤੇ ਗਏ ਹਨ।

## ਨਸ਼ੇ ਦੀ ਓਵਰਡੋਜ ਨੇ ਲਈ ਇਕ ਹੋਰ ਨੌਜਵਾਨ ਦੀ ਜਾਨ

ਲੁਧਿਆਣਾ 18 ਦਸੰਬਰ। ਢਿੱਲੋਂ ਨਗਰ ਵਿਚ ਨਸ਼ੇ ਦੀ ਓਵਰਡੋਜ ਨਾਲ ਇਕ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਗੁਰਪ੍ਰੀਤ ਸਿੰਘ ਵਜੋਂ ਹੋਈ ਹੈ। ਉਸ ਦੇ ਪਿਤਾ ਦੀ ਸ਼ਿਕਾਇਤ 'ਤੇ ਥਾਣਾ ਡਾਬਾ ਦੀ ਪੁਲਸ ਨੇ ਨਸ਼ਾ ਦੇਣ ਵਾਲੇ ਗਿਆਨੀ ਤੇ ਉਸ ਦੇ ਅਣਪਛਾਤੇ ਸਾਥੀ 'ਤੇ ਕੇਸ ਦਰਜ ਕੀਤਾ ਹੈ। ਮ੍ਰਿਤਕ ਦੀ ਮਾਂ ਦਰਸ਼ਨਾ ਰਾਣੀ ਨੇ ਦੱਸਿਆ ਕਿ ਐਤਵਾਰ ਨੂੰ ਗਿਆਨੀ ਤੇ ਉਸ ਦੇ ਅਣਪਛਾਤੇ ਸਾਥੀ ਉਸ ਦੇ ਪੁੱਤ ਨੂੰ ਚੁੱਕ ਕੇ ਘਰ ਲੈ ਕੇ ਆਏ ਸਨ। ਉਨ੍ਹਾਂ ਨੇ ਉਸ ਨੂੰ ਬੈੱਡ 'ਤੇ ਲਿਟਾ ਦਿੱਤਾ ਤੇ ਕਹਿਣ ਲੱਗੇ ਕਿ ਉਨ੍ਹਾਂ ਦੇ ਪੁੱਤ ਨੇ ਨਸ਼ਾ ਜ਼ਿਆਦਾ ਕੀਤਾ ਹੈ। ਇਸ ਲਈ ਬੇਹੋਸ਼ ਹੋ ਗਿਆ ਹੈ। ਇਸ ਮਗਰੋਂ ਉਹ ਚਲੇ ਗਏ। ਉਸ ਨੇ ਪੁੱਤ ਨੂੰ ਚੁੱਕਣ ਦੀ ਕੋਸ਼ਿਸ਼ ਕੀਤੀ ਪਰ ਉਹ ਬਿਲਕੁੱਲ ਬੇਜਾਨ ਸੀ। ਇਸ ਮਗਰੋਂ ਗੁਆਂਢੀਆਂ ਦੀ ਮਦਦ ਨਾਲ ਉਸ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਨੇ ਉਸ ਨੂੰ ਚੈੱਕ ਕਰ ਕੇ ਮ੍ਰਿਤਕ ਐਲਾਨ ਦਿੱਤਾ। ਦਰਸ਼ਨ ਰਾਣੀ ਦਾ ਦੋਸ਼ ਹੈ ਕਿ ਉਕਤ ਮੁਲਜਮਾਂ ਨੇ ਹੀ ਉਸ ਦੇ ਪੁੱਤ ਨੂੰ ਜ਼ਿਆਦਾ ਨਸ਼ਾ ਕਰਵਾਇਆ ਹੈ। ਜਿਸ ਕਾਰਨ ਓਵਰਡੋਜ ਹੋਣ ਨਾਲ ਉਸ ਦੀ ਮੌਤ ਹੋ ਗਈ।

# ਡੇਰਾ ਰਾਧਾ ਸੁਆਮੀ ਜਾ ਰਹੀ ਸ਼ਰਧਾਲੂਆਂ ਨਾਲ ਭਰੀ ਬੱਸ 'ਚ ਲੱਗੀ ਭਿਆਨਕ ਅੱਗ

ਫਤਿਹਾਬਾਦ 18 ਦਸੰਬਰ। ਆਏ ਦਿਨ ਅੱਗ ਲੱਗਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਕਦੇ ਕਾਰ ਵਿਚ ਤਾਂ ਕਦੇ ਬੱਸ ਵਿਚ ਅੱਗ ਲੱਗਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਤਾਜਾ ਮਾਮਲਾ ਹਰਿਆਣਾ ਦੇ ਫਤਿਹਾਬਾਦ ਜ਼ਿਲ੍ਹੇ ਦੇ ਪਿੰਡ ਬਦੋਪਾਲ ਅਤੇ ਧਾਂਗੜ ਦਰਮਿਆਨ ਸਾਹਮਣੇ ਆਇਆ ਹੈ, ਜਿੱਥੇ ਸ਼ਰਧਾਲੂਆਂ ਨਾਲ ਭਰੀ ਪ੍ਰਾਈਵੇਟ ਬੱਸ ਵਿਚ ਭਿਆਨਕ ਅੱਗ ਲੱਗ ਗਈ। ਡਰਾਈਵਰ ਅਮਿਤ ਨੇ ਸਮਝਦਾਰੀ ਦਿਖਾਉਂਦੇ ਹੋਏ ਸਮੇਂ ਸਿਰ ਬੱਸ ਨੂੰ ਸੜਕ ਕਿਨਾਰੇ ਰੋਕ ਕੇ ਸਵਾਰੀਆਂ ਨੂੰ ਹੇਠਾਂ ਉਤਾਰਿਆ, ਜਿਸ ਕਾਰਨ ਵੱਡਾ ਹਾਦਸਾ ਹੋਣੋਂ ਟਲ ਗਿਆ। ਸੂਚਨਾ ਮਿਲਣ ਤੋਂ ਬਾਅਦ ਫਤਿਹਾਬਾਦ ਫਾਇਰ ਵਿਭਾਗ ਦੇ ਮੁਲਾਜਮਾਂ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ ਪਰ ਉਦੋਂ ਤੱਕ ਬੱਸ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਚੁੱਕੀ ਸੀ। ਜਾਣਕਾਰੀ ਮੁਤਾਬਕ ਹਿਸਾਰ ਦੇ ਆਜਾਦ ਨਗਰ ਤੋਂ ਇਕ ਪ੍ਰਾਈਵੇਟ ਬੱਸ 50 ਤੋਂ ਵੱਧ ਸਰਧਾਲੂਆਂ ਨੂੰ ਲੈ ਕੇ



ਸਿਰਸਾ ਦੇ ਸਿਕੰਦਰਪੁਰ ਸਥਿਤ ਡੇਰਾ ਰਾਧਾ ਸੁਆਮੀ ਜਾ ਰਹੀ ਸੀ। ਜਿਵੇਂ ਹੀ ਬੱਸ ਫਤਿਹਾਬਾਦ ਦੇ ਪਿੰਡ ਬਦੋਪਾਲ ਅਤੇ ਧਾਂਗੜ ਦਰਮਿਆਨ ਹੋਟਲ ਨੇੜੇ ਪਹੁੰਚੀ ਤਾਂ ਅਚਾਨਕ ਬੱਸ ਵਿਚੋਂ ਧੂੰਆਂ ਨਿਕਲਣਾ ਸੁਰੂ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਬੱਸ ਦਾ ਟਾਇਰ ਸੜਨ ਕਾਰਨ ਅੱਗ ਫੈਲ ਗਈ। ਡਰਾਈਵਰ ਨੇ ਤੁਰੰਤ ਬੱਸ ਰੋਕ ਕੇ ਸਾਰੀਆਂ ਸਵਾਰੀਆਂ ਨੂੰ ਹੇਠਾਂ ਉਤਰਨ ਲਈ ਕਿਹਾ। ਤੁਰੰਤ ਸਵਾਰੀਆਂ ਵੀ ਹੇਠਾਂ ਆ ਗਈਆਂ। ਜਿਵੇਂ ਹੀ ਸਵਾਰੀਆਂ ਹੇਠਾਂ ਉਤਰੀਆਂ ਤਾਂ ਅਚਾਨਕ ਬੱਸ ਅੱਗ ਦਾ ਗੋਲਾ ਬਣ ਗਈ। ਇਕ ਹੋਰ ਬੱਸ ਮੰਗਵਾ ਕੇ ਸਰਧਾਲੂਆਂ ਨੂੰ ਸਿਕੰਦਰਪੁਰ ਡੇਰੇ ਵਿਚ ਭੇਜ ਦਿੱਤਾ ਗਿਆ।

## 400 ਲੀਟਰ ਲਾਹਣ ਅਤੇ 50 ਬੋਤਲਾਂ ਦੇਸੀ ਸਰਾਬ ਬਰਾਮਦ

ਬਟਾਲਾ/ਨੌਸਹਿਰਾ ਮੱਝਾ ਸਿੰਘ 18 ਦਸੰਬਰ। ਐਕਸਾਈਜ ਵਿਭਾਗ ਨੇ ਸਰਕਲ ਬਟਾਲਾ ਤੇ ਫਤਹਿਗੜ੍ਹ ਚੂੜੀਆਂ ਦੇ ਪਿੰਡਾਂ 'ਚੋਂ ਸਰਚ ਅਭਿਆਨ ਤਹਿਤ 400 ਲੀਟਰ ਲਾਹਣ ਅਤੇ 50 ਬੋਤਲਾਂ ਦੇਸੀ ਸਰਾਬ ਬਰਾਮਦ ਕੀਤੀ। ਸਰਕਲ ਜੀ. ਐੱਮ. ਤਜਿੰਦਰਪਾਲ ਸਿੰਘ ਤੇਜੀ ਅਤੇ ਸਰਕਲ ਇੰਚਾਰਜ ਗੁੱਲੂ ਮਰੜ ਨੇ ਦੱਸਿਆ ਕਿ ਈ. ਟੀ. ਓ. ਐਕਸਾਈਜ ਦਵਿੰਦਰ ਸਿੰਘ, ਐਕਸਾਈਜ ਇੰਸਪੈਕਟਰ ਗੁਰਬਿੰਦਰ ਸਿੰਘ, ਇੰਸਪੈਕਟਰ ਵਿਜੇ ਕੁਮਾਰ, ਇੰਸਪੈਕਟਰ ਅਨਿਲ ਕੁਮਾਰ, ਐਕਸਾਈਜ ਪੁਲਸ ਸਟਾਫ ਇੰਚਾਰਜ ਏ. ਐੱਸ. ਆਈ. ਸਰੂਪ ਸਿੰਘ, ਏ. ਐੱਸ. ਆਈ. ਬਲਵਿੰਦਰ ਸਿੰਘ 'ਤੇ ਆਧਾਰਿਤ ਰੇਡ ਟੀਮ ਨੇ ਪਿੰਡ ਕੋਟਲਾ ਨਵਾਬ ਦੇ ਖਾਲੀ ਪਲਾਟਾਂ ਦੀਆਂ ਝਾੜੀਆਂ 'ਚੋਂ ਛਾਪੇਮਾਰੀ ਕੀਤੀ ਤਾਂ 1 ਲੋਹੇ ਅਤੇ 1 ਪਲਾਸਟਿਕ ਦੇ ਡਰੱਮ 'ਚੋਂ 400 ਲੀਟਰ ਲਾਹਣ ਅਤੇ ਇਕ ਪਲਾਸਟਿਕ ਕੈਨ 'ਚੋਂ 50 ਬੋਤਲਾਂ ਦੇਸੀ ਨਾਜਾਇਜ ਸਰਾਬ ਬਰਾਮਦ ਕੀਤੀ ਗਈ। ਇਸ ਮੌਕੇ ਇੰਚਾਰਜ ਪਰਮਜੀਤ ਰਿਆਲੀ ਕਲਾਂ, ਹੌਲਦਾਰ ਨਰਿੰਦਰ, ਹੌਲਦਾਰ ਗਗਨ, ਸਿਪਾਹੀ ਮਨਦੀਪ ਸਿੰਘ, ਕਾਕਾ, ਸੋਨੂੰ ਮੰਗੀਆ, ਇੰਚਾਰਜ ਦਲਬੀਰ ਸਿੰਘ ਤਲਵੰਡੀ, ਗਗਨਦੀਪ ਸਿੰਘ, ਹਰਿੰਦਰ ਸਿੰਘ ਆਦਿ ਹਾਜਰ ਸਨ।

## ਦੋ ਕਾਰਾਂ ਦੀ ਟੱਕਰ ਮਗਰੋਂ ਬੁਰੀ ਤਰ੍ਹਾਂ ਨੁਕਸਾਨੇ ਗਏ ਵਾਹਨ

ਨਵਾਂਸਹਿਰ 18 ਦਸੰਬਰ। ਨਵਾਂਸਹਿਰ-ਬਲਾਚੌਰ ਮੁੱਖ ਮਾਰਗ 'ਤੇ ਦੋ ਕਾਰਾਂ ਦੀ ਆਹਮੋ-ਸਾਹਮਣੇ ਹੋਈ ਟੱਕਰ 'ਚ ਦੋਵੇਂ ਕਾਰਾਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਹਾਲਾਂਕਿ ਖੁਸਕਿਸਮਤੀ ਨਾਲ ਹਾਦਸੇ ਕਾਰਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਜਾਣਕਾਰੀ ਦਿੰਦੇ ਫਗਵਾੜਾ ਦੇ ਰਹਿਣ ਵਾਲੇ ਸਰਬਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਰੇਡੀਮੇਡ ਦਾ ਕਾਰੋਬਾਰ ਹੈ, ਉਹ ਆਪਣੇ ਇਕ ਹੋਰ ਦੋਸਤ ਨਾਲ ਚੰਡੀਗੜ੍ਹ ਵਿਖੇ ਮੇਲੇ 'ਚ ਸਾਮਲ ਹੋਣ ਲਈ ਜਾ ਰਿਹਾ ਸੀ ਕਿ ਪਿੰਡ ਸੋਨਾ ਕੋਲ ਥੋੜ੍ਹੀ ਦੂਰ ਤੋਂ ਆ ਰਹੀ ਇਕ ਕਾਰ ਨੇ ਟੱਕਰ ਮਾਰ ਦਿੱਤੀ। ਨਵਾਂਸਹਿਰ-ਮਹਾਲੋਂ ਬਾਈਪਾਸ ਤੋਂ ਥੋੜ੍ਹਾ ਅੱਗੇ ਪਿੰਡ ਸੋਨਾ ਕੋਲ ਇਕ ਵਰਨਾ ਕਾਰ ਆਈ, ਜਿਸ 'ਚ ਦੋ ਵਿਅਕਤੀ ਸਵਾਰ ਸਨ ਅਤੇ ਇਸ ਨੂੰ ਇਕ ਲੜਕੀ ਚਲਾ ਰਹੀ ਸੀ ਨੇ ਡਿਵਾਈਡਰ ਦੇ ਦੂਜੇ ਪਾਸੇ ਤੋਂ ਆ ਕੇ ਉਨ੍ਹਾਂ ਦੀ ਕਾਰ ਨੂੰ ਟੱਕਰ ਮਾਰ ਦਿੱਤੀ। ਉਸ ਨੇ ਦੱਸਿਆ ਕਿ ਹਾਦਸੇ ਵਿਚ ਦੋਵੇਂ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ, ਹਾਲਾਂਕਿ ਸਾਰੇ ਹੀ ਇਸ ਹਾਦਸੇ ਵਿਚ ਵਾਲ-ਵਾਲ ਬਚ ਗਏ।

# 900 ਕਰੋੜ ਦੀ ਲਾਗਤ ਨਾਲ ਬਣੇਗਾ ਇਸ ਧਾਮ ਦਾ ਲਾਂਘਾ, ਸ਼ਰਧਾਲੂਆਂ ਨੂੰ ਹੋਵੇਗੀ ਸਹੂਲਤ

ਝਾਰਖੰਡ 18 ਦਸੰਬਰ। ਦੇਸ ਦੇ 12 ਜੋਤੀਲਿੰਗਾਂ 'ਚੋਂ ਇਕ ਬਾਬਾ ਬੈਜਨਾਥ ਧਾਮ ਦਾ ਹੁਣ ਹੋਰ ਵਿਕਾਸ ਹੋਵੇਗਾ। ਇੱਥੇ ਜਲਦੀ ਹੀ ਇਕ ਲਾਂਘਾ (ਕਾਰੀਡੋਰ) ਬਣਾਇਆ ਜਾਵੇਗਾ ਜੋ ਸਰਧਾਲੂਆਂ ਨੂੰ ਹੋਰ ਸਹੂਲਤਾਂ ਪ੍ਰਦਾਨ ਕਰੇਗਾ। ਬੈਜਨਾਥ ਧਾਮ 'ਚ ਸਾਲ ਭਰ ਸਰਧਾਲੂਆਂ ਦੀ ਭਾਰੀ ਭੀੜ ਰਹਿੰਦੀ ਹੈ ਖਾਸ ਕਰ ਕੇ ਸਾਉਣ ਦੇ ਮਹੀਨੇ 'ਚ ਕਈ ਸੂਬਿਆਂ ਤੋਂ ਸਰਧਾਲੂ ਉੱਥੇ ਪਹੁੰਚਦੇ ਹਨ। ਅਜਿਹੇ 'ਚ ਝਾਰਖੰਡ ਸਰਕਾਰ ਨੇ ਬਾਬਾ ਬੈਜਨਾਥ ਧਾਮ ਨੂੰ ਹੋਰ ਵਿਕਸਿਤ ਕਰਨ ਦੀ ਯੋਜਨਾ ਬਣਾਈ ਹੈ। ਮੁੱਖ ਮੰਤਰੀ ਹੇਮੰਤ ਸੋਰੇਨ ਨੇ ਹਾਲ ਹੀ 'ਚ ਸਹੁੰ ਚੁੱਕਣ ਤੋਂ ਬਾਅਦ ਦੇਵਘਰ ਨੂੰ ਇਹ ਵੱਡਾ ਤੋਹਫਾ ਦਿੱਤਾ ਹੈ। ਹੇਮੰਤ ਸੋਰੇਨ ਨੇ ਦੇਵਘਰ ਸਥਿਤ ਪ੍ਰਸਿੱਧ ਬਾਬਾ ਬੈਜਨਾਥ ਧਾਮ ਲਈ ਇਤਿਹਾਸਕ ਪ੍ਰਾਜੈਕਟ ਦਾ ਐਲਾਨ ਕੀਤਾ ਹੈ। ਇਹ ਪ੍ਰਾਜੈਕਟ 900 ਕਰੋੜ ਰੁਪਏ ਦੀ ਲਾਗਤ ਨਾਲ 33 ਏਕੜ ਵਿਚ ਬਣਨ ਵਾਲੇ ਬੈਜਨਾਥ ਧਾਮ ਕਾਰੀਡੋਰ ਦਾ ਹੈ, ਜਿਸ ਦਾ ਉਦੇਸ ਸਰਧਾਲੂਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨਾ ਹੈ। ਇਸ ਪ੍ਰਾਜੈਕਟ ਨੂੰ ਮਨਜੂਰੀ ਦਿੰਦੇ ਹੋਏ ਮੁੱਖ ਮੰਤਰੀ ਸੋਰੇਨ ਨੇ ਕਿਹਾ ਕਿ ਕਾਰੀਡੋਰ ਦੇ ਨਿਰਮਾਣ ਤੋਂ ਬਾਅਦ 33 ਏਕੜ ਜਮੀਨ ਦਾ ਵਿਕਾਸ ਕੀਤਾ ਜਾਵੇਗਾ। ਇਸ ਵਿਚ ਟਾਵਰ ਚੌਕ, ਬੱਸ ਸਟੈਂਡ, ਸ਼ਿਵਗੰਗਾ, ਮੰਦਰ ਮੋੜ ਅਤੇ ਹਦਦਹੀਆ ਚੌਕ ਵਰਗੇ ਪ੍ਰਮੁੱਖ ਖੇਤਰ ਸਾਮਲ ਹੋਣਗੇ, ਜਿਸ ਨਾਲ ਮੰਦਰ ਦਾ ਦ੍ਰਿਸ ਬਿਹਤਰ ਹੋਵੇਗਾ। ਇਸ ਨਿਰਮਾਣ ਕਾਰਜ ਦੌਰਾਨ ਜਿਹੜੇ ਮਕਾਨ ਅਤੇ ਦੁਕਾਨਾਂ ਢਹਿ-ਢੇਰੀ ਹੋ ਜਾਣਗੀਆਂ, ਉਨ੍ਹਾਂ ਨੂੰ ਬਣਦਾ ਮੁਆਵਜਾ ਦਿੱਤਾ ਜਾਵੇਗਾ। ਸੈਰ-ਸਪਾਟਾ ਵਿਭਾਗ ਨੇ ਇਸ ਲਈ 275 ਕਰੋੜ ਰੁਪਏ ਦਾ ਬਜਟ ਰੱਖਿਆ ਹੈ। ਇਸ ਦੇ ਨਾਲ ਹੀ ਜਿਨ੍ਹਾਂ



ਦੁਕਾਨਦਾਰਾਂ ਦੀਆਂ ਦੁਕਾਨਾਂ ਕਾਰੀਡੋਰ ਵਿਚ ਆਉਣਗੀਆਂ, ਉਨ੍ਹਾਂ ਨੂੰ ਨਵੀਆਂ ਦੁਕਾਨਾਂ ਮੁਹੱਈਆ ਕਰਵਾਈਆਂ ਜਾਣਗੀਆਂ। ਲਾਂਘੇ ਦੇ ਨਿਰਮਾਣ ਦੌਰਾਨ ਸ਼ਿਵਗੰਗਾ ਤੋਂ ਮਾਨਸਰੋਵਰ ਦੇ ਰਸਤੇ ਬੈਜਨਾਥ ਮੰਦਰ ਤੱਕ ਸਾਫ-ਸੁਥਰਾ ਰਸਤਾ ਬਣਾਇਆ ਜਾਵੇਗਾ। ਜਲਦੀ ਹੀ ਇਸ ਪ੍ਰਾਜੈਕਟ ਦੀ ਡੀ. ਪੀ. ਆਰ (ਵਿਸਤ੍ਰਿਤ ਪ੍ਰਾਜੈਕਟ ਰਿਪੋਰਟ) ਤਿਆਰ ਕੀਤੀ ਜਾਵੇਗੀ। ਝਾਰਖੰਡ ਸਰਕਾਰ ਦਾ ਇਹ ਕਦਮ ਬਾਬਾ ਬੈਜਨਾਥ ਧਾਮ ਨੂੰ ਧਾਰਮਿਕ ਅਤੇ ਸੱਭਿਆਚਾਰਕ ਨਜਰੀਏ ਤੋਂ ਹੋਰ ਵੀ ਮਹੱਤਵਪੂਰਨ ਬਣਾ ਦੇਵੇਗਾ।

## ਵਿਦੇਸ਼ੋਂ ਆਈ ਖਬਰ ਨੇ ਪਰਿਵਾਰ 'ਚ ਪਵਾਏ ਵੈਣ, ਜਹਾਨੋਂ ਤੁਰ ਗਿਆ ਜਵਾਨ ਪੁੱਤ

ਮੋਗਾ 18 ਦਸੰਬਰ। ਜੌਰਜੀਆ ਵਿਚ ਬੀਤੇ ਦਿਨੀਂ ਇਕ ਹਾਦਸਾ ਵਾਪਰਿਆ ਸੀ ਜਿਸ ਵਿਚ ਪੰਜਾਬ ਦੇ 12 ਨੌਜਵਾਨਾਂ ਦੀ ਮੌਤ ਹੋ ਗਈ ਸੀ। ਮ੍ਰਿਤਕਾਂ ਵਿਚ ਮੋਗਾ ਦੇ ਪਿੰਡ ਘਲਕਲਾਂ ਦਾ ਰਹਿਣ ਵਾਲਾ ਗਗਨਦੀਪ ਵੀ ਸ਼ਾਮਲ ਹੈ। ਮਿਲੀ ਜਾਣਕਾਰੀ ਮੁਤਾਬਕ ਗਗਨਦੀਪ 4 ਮਹੀਨੇ ਪਹਿਲਾਂ ਹੀ ਜੌਰਜੀਆ ਗਿਆ ਸੀ ਅਤੇ ਉਸਦੇ ਘਰ ਦੇ ਹਾਲਾਤ ਵੀ ਕੁਝ ਜ਼ਿਆਦਾ ਚੰਗੇ ਨਹੀਂ ਹਨ। ਜਿਵੇਂ ਹੀ ਗਗਨਦੀਪ ਦੀ ਮੌਤ ਦੀ ਖਬਰ ਉਸ ਦੇ ਪਰਿਵਾਰ ਨੂੰ ਮਿਲੀ ਤਾਂ ਪਰਿਵਾਰ ਵਿਚ ਚੀਕ-ਚਿਹਾੜਾ ਪੈ ਗਿਆ। ਗਗਨਦੀਪ ਦੇ ਪਰਿਵਾਰ ਦਾ ਆਖਣਾ ਹੈ ਕਿ ਉਨ੍ਹਾਂ ਨੇ ਕੀ ਸੋਚ ਕੇ ਆਪਣੇ ਪੁੱਤ ਨੂੰ ਵਿਦੇਸ਼ ਭੇਜਿਆ ਸੀ ਪਰ ਇਹ ਕੀ ਭਾਣਾ ਵਾਪਰ ਗਿਆ। ਗਗਨਦੀਪ ਦੇ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ। ਦੂਜੇ ਪਾਸੇ ਪਿੰਡ ਦੇ ਸਾਬਕਾ ਸਰਪੰਚ ਨੇ ਪਰਿਵਾਰ ਦੀ ਮੰਦੀ ਹਾਲਤ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰ ਤੋਂ ਇਹ ਵੀ ਮੰਗ ਕੀਤੀ ਕਿ ਲਾਸ਼ ਨੂੰ ਭਾਰਤ ਲੈ ਕੇ ਆਉਣ ਲਈ ਪਰਿਵਾਰ ਦੀ ਸਹਾਇਤਾ ਕੀਤੀ ਜਾਵੇ ਤਾਂ ਜੋ ਪਰਿਵਾਰ ਆਪਣੇ ਨੌਜਵਾਨ ਪੁੱਤ ਦੀਆਂ ਅੰਤਿਮ ਰਸਮਾਂ ਆਪਣੇ ਹੱਥੀਂ ਕਰ ਸਕੇ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪਹਿਲਾਂ ਮਾਸੂਮ ਨਾਲ ਕੀਤੀ ਦਰਿੰਦਗੀ ਫਿਰ ਗੰਭੀਰ ਜਖਮੀ ਕਰ ਭੱਜਿਆ ਮਜਦੂਰ

ਭਰੂਚ 18 ਦਸੰਬਰ। ਗੁਜਰਾਤ ਦੇ ਭਰੂਚ ਜਿ਼ਲ੍ਹੇ ਦੇ ਇਕ ਉਦਯੋਗਿਕ ਖੇਤਰ ਵਿਚ ਸੋਮਵਾਰ ਨੂੰ ਇਕ ਮਜਦੂਰ ਨੂੰ 11 ਸਾਲਾ ਲੜਕੀ ਨੂੰ ਉਸ ਦੇ ਘਰ ਦੇ ਨੇੜਿਓਂ ਅਗਵਾ ਕਰਕੇ ਜਬਰ ਜਨਾਹ ਕਰਨ ਦੇ ਦੋਸ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਸੋਮਵਾਰ ਨੂੰ ਝਾਰਖੰਡ ਦੇ ਰਹਿਣ ਵਾਲੇ 36 ਸਾਲਾ ਦੋਸੀ ਨੂੰ ਗ੍ਰਿਫਤਾਰ ਕੀਤਾ। ਉਪ ਪੁਲਸ ਕਪਤਾਨ ਕੁਸਲ ਓਝਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੁਲਜਮ ਪੀੜਤ ਲੜਕੀ ਦੇ ਗੁਆਂਢ ਵਿੱਚ ਰਹਿੰਦਾ ਸੀ। ਮੁਲਜਮ ਉਸ ਦੇ ਨਾਲ ਉਸ ਫੈਕਟਰੀ ਵਿੱਚ ਵੀ ਕੰਮ ਕਰਦਾ ਸੀ ਜਿੱਥੇ ਲੜਕੀ ਦਾ ਪਿਤਾ ਕੰਮ ਕਰਦਾ ਸੀ। ਉਨ੍ਹਾਂ ਕਿਹਾ ਕਿ ਜਿਨਸੀ ਹਮਲੇ ਕਾਰਨ ਲੜਕੀ ਨੂੰ ਗੰਭੀਰ ਅੰਦਰੂਨੀ ਸੱਟਾਂ ਲੱਗੀਆਂ ਅਤੇ ਸਿਵਲ ਹਸਪਤਾਲ ਵਿੱਚ ਮੁੱਢਲੀ ਸਹਾਇਤਾ ਤੋਂ ਬਾਅਦ ਉਸ ਨੂੰ ਵਡੋਦਰਾ ਦੇ ਐੱਸਐੱਸਜੀ ਹਸਪਤਾਲ ਵਿੱਚ ਭੇਜ ਦਿੱਤਾ ਗਿਆ। ਓਝਾ ਨੇ ਕਿਹਾ, "ਜਦੋਂ ਦੋਸੀ ਨੇ ਲੜਕੀ ਨੂੰ ਅਗਵਾ ਕੀਤਾ, ਉਹ ਆਪਣੇ ਘਰ ਦੇ ਨੇੜੇ ਖੇਡ ਰਹੀ ਸੀ। ਦੋਸੀ ਨੇ ਉਸ ਨਾਲ ਜਬਰ-ਜਨਾਹ ਕੀਤਾ ਅਤੇ ਉਸ ਨੂੰ ਗੰਭੀਰ ਜਖਮੀ ਕਰ ਦਿੱਤਾ। ਬੱਚੀ ਨੇ ਮਦਦ ਲਈ ਰੌਲਾ ਪਾਇਆ, ਜਿਸ ਤੋਂ ਬਾਅਦ ਬੱਚੀ ਦੀ ਮਾਂ ਮੌਕੇ 'ਤੇ ਪਹੁੰਚੀ। ਲੜਕੀ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ ਅਤੇ ਉਸਦੀ ਹਾਲਤ ਸਥਿਰ ਹੈ। ਉਨ੍ਹਾਂ ਕਿਹਾ ਕਿ ਪੁਲਸ ਨੇ ਕੁਝ ਸੱਕੀ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਅਤੇ ਆਖਰਕਾਰ ਮੁਲਜਮ ਤੱਕ ਪਹੁੰਚ ਗਈ, ਜਿਸ ਨੇ ਜੁਰਮ ਕਬੂਲ ਕਰ ਲਿਆ। ਅਧਿਕਾਰੀ ਨੇ ਕਿਹਾ, "ਉਹ ਲੜਕੀ ਦੇ ਪਿਤਾ ਨੂੰ ਜਾਣਦਾ ਹੈ ਕਿਉਂਕਿ ਉਹ ਦੋਵੇਂ ਇੱਕੋ ਫੈਕਟਰੀ ਵਿੱਚ ਮਜਦੂਰ ਵਜੋਂ ਕੰਮ ਕਰਦੇ ਹਨ।" ਮੁਲਜਮ ਵਿਆਹਿਆ ਹੈ ਅਤੇ ਉਸ ਦੇ ਦੋ ਬੱਚੇ ਹਨ। ਉਸ ਨੂੰ ਜਬਰ ਜਨਾਹ, ਅਗਵਾ ਅਤੇ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ।

# ਸ਼ਮਸ਼ਾਨਘਾਟ 'ਚ ਹੋਏ ਨੌਜਵਾਨ ਦੇ ਕਤਲ ਮਾਮਲੇ 'ਚ ਸਭ ਤੋਂ ਵੱਡਾ ਖੁਲਾਸਾ, 'ਤਾਏ' ਨੇ ਹੀ ਰਚਿਆ ਪੂਰਾ 'ਕਤਲਕਾਂਡ'

ਪਟਿਆਲਾ 18 ਦਸੰਬਰ। ਬੀਤੇ ਦਿਨੀਂ ਪਟਿਆਲਾ ਦੇ ਘਲੋੜੀ ਗੇਟ ਇਲਾਕੇ 'ਚ ਸਥਿਤ ਸਮਸਾਨਘਾਟ ਵਿਖੇ ਤਾਏ ਦੇ ਫੁੱਲ ਚੁਗਣ ਗਏ ਨਵਨੀਤ ਸਿੰਘ ਨਾਂ ਦੇ ਨੌਜਵਾਨ ਦੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿੱਚ ਪੁਲਸ ਨੇ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ, ਜਿਨ੍ਹਾਂ ਦੀ ਉਮਰ ਤਕਰੀਬਨ 60 ਸਾਲ ਤੋਂ ਉੱਪਰ ਦੀ ਦੱਸੀ ਜਾ ਰਹੀ ਹੈ। ਇਸ ਸਾਰੇ ਮਾਮਲੇ ਦਾ ਖੁਲਾਸਾ ਕਰਦੇ ਹੋਏ ਪਟਿਆਲਾ ਦੇ ਐੱਸ.ਐੱਸ.ਪੀ. ਡਾ. ਨਾਨਕ ਸਿੰਘ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਦੀ ਗ੍ਰਿਫਤਾਰੀ ਪਟਿਆਲਾ ਤੋਂ ਕੀਤੀ ਗਈ ਹੈ, ਜਿਨ੍ਹਾਂ ਕੋਲੋਂ ਵਾਰਦਾਤ ਦੌਰਾਨ ਵਰਤਿਆ ਗਿਆ ਇੱਕ 32 ਬੋਰ ਦਾ ਪਿਸਟਲ, 10 ਜਿੰਦਾ ਕਾਰਤੂਸ ਤੇ ਇੱਕ 315 ਬੋਰ ਦੀ ਰਾਈਫਲ ਅਤੇ 4 ਜਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਮ੍ਰਿਤਕ ਨੌਜਵਾਨ ਨਵਨੀਤ ਸਿੰਘ ਦੀ ਉਮਰ 33 ਸਾਲ ਦੇ ਕਰੀਬ ਸੀ ਅਤੇ ਉਸ ਦੇ ਤਾਇਆ



ਜੀ ਦੀ 27 ਨਵੰਬਰ ਨੂੰ ਮੌਤ ਹੋ ਗਈ ਸੀ, ਜਿਸ ਮਗਰੋਂ ਉਹ 29 ਨਵੰਬਰ ਨੂੰ ਉਨ੍ਹਾਂ ਦੇ ਫੁੱਲ ਚੁਗਣ ਦੀ ਰਸਮ ਨਿਭਾਉਣ ਲਈ ਘਲੋੜੀ ਗੇਟ ਸਮਸਾਨਘਾਟ ਦੇ ਗਿਆ ਸੀ। ਉਸ ਦੇ ਤਾਇਆ ਜੀ ਨੇ ਮਰਨ ਤੋਂ ਪਹਿਲਾਂ ਆਪਣਾ ਧਰਮਪੁਰ ਵਾਲਾ ਹੋਟਲ ਨਵਨੀਤ ਦੇ ਨਾਂ ਕਰ ਦਿੱਤਾ ਸੀ, ਜਿਸ ਦੇ ਰੋਸ ਵਜੋਂ ਉਸ ਦੇ ਤਾਏ ਜਗਰੂਪ ਸਿੰਘ ਦੇ ਹੀ ਭਰਾ ਰਘਬੀਰ ਸਿੰਘ ਨੇ ਆਪਣੇ ਖਾਸ ਦੋਸਤ ਮਲਕੀਤ ਸਿੰਘ ਦੇ ਨਾਲ ਮਿਲ ਕੇ ਸਮਸਾਨਘਾਟ ਦੇ ਵਿੱਚ ਹੀ ਨਵਨੀਤ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਹਾਲਾਂਕਿ ਪੁਲਸ ਨੇ 48 ਘੰਟਿਆਂ ਦੇ ਅੰਦਰ ਹੀ ਦੋਵਾਂ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਐੱਸ.ਐੱਸ.ਪੀ. ਪਟਿਆਲਾ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਜਗਰੂਪ ਸਿੰਘ ਨੇ ਨਵਨੀਤ ਸਿੰਘ ਨੂੰ ਗੋਦ ਲਿਆ ਹੋਇਆ ਸੀ, ਜਿਸ ਕਾਰਨ ਉਸ ਨੇ ਮਰਨ ਤੋਂ ਪਹਿਲਾਂ ਆਪਣਾ ਧਰਮਪੁਰ ਵਾਲਾ ਹੋਟਲ ਨਵਨੀਤ ਸਿੰਘ ਦੇ ਨਾਂ ਲਿਖਵਾ ਦਿੱਤਾ ਸੀ। ਇਸੇ ਗੁੱਸੇ ਦੇ ਚਲਦਿਆਂ ਜਗਰੂਪ ਸਿੰਘ ਦੇ ਭਰਾ ਰਘਬੀਰ ਸਿੰਘ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਰਘਬੀਰ ਸਿੰਘ ਨੇ ਆਪਣੇ ਸਾਥੀ ਮਲਕੀਤ ਸਿੰਘ ਨੂੰ ਪੈਸਿਆਂ ਦਾ ਲਾਲਚ ਦੇ ਕੇ ਇਹ ਸਾਰਾ ਕਤਲਕਾਂਡ ਰਚਿਆ ਕਿਉਂਕਿ ਮਲਕੀਤ ਸਿੰਘ ਦਾ ਨਿਸਾਨਾ ਬਹੁਤ ਪੱਕਾ ਸੀ।

## ਕੇਂਦਰੀ ਸਹਿਕਾਰੀ ਬੈਂਕ 'ਚ ਚੋਰਾਂ ਨੇ ਬੋਲਿਆ ਧਾਵਾ, ਤਿਜੋਰੀ ਤੋੜ 8 ਲੱਖ ਰੁਪਏ 'ਤੇ ਹੱਥ ਕੀਤਾ ਸਾਫ

ਭਰਤਪੁਰ 18 ਦਸੰਬਰ। ਰਾਜਸਥਾਨ ਦੇ ਭਰਤਪੁਰ ਦੇ ਕਸਬਾ ਭੁਸਾਬਰ ਵਿੱਚ ਥਾਣੇ ਤੋਂ ਮਹਿਜ 200 ਮੀਟਰ ਦੀ ਦੂਰੀ 'ਤੇ ਬੱਸ ਸਟੈਂਡ ਨੇੜੇ ਸਥਿਤ ਭਰਤਪੁਰ ਕੇਂਦਰੀ ਸਹਿਕਾਰੀ ਬੈਂਕ ਦੀ ਖਿੜਕੀ ਅਤੇ ਤਿਜੋਰੀ ਤੋੜ ਕੇ ਚੋਰ ਕੱਲ ਰਾਤ ਕਰੀਬ 8 ਲੱਖ 14 ਹਜਾਰ ਰੁਪਏ ਚੋਰੀ ਕਰਕੇ ਰਫੂ-ਚੱਕਰ ਹੋ ਗਏ। ਪੁਲਸ ਸੂਤਰਾਂ ਨੇ ਦੱਸਿਆ ਕਿ ਸੁੱਕਰਵਾਰ ਸਵੇਰੇ ਜਦੋਂ ਕੈਸੀਅਰ ਬੈਂਕ ਪਹੁੰਚਿਆ ਤਾਂ ਖਿੜਕੀ ਦੀ ਗਰਿੱਲ ਕੱਟੀ ਹੋਈ ਮਿਲੀ। ਸੂਚਨਾ ਮਿਲਣ 'ਤੇ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਬੈਂਕ ਦੀ ਜਾਂਚ ਕੀਤੀ। ਪੁਲਸ ਨੇ ਡਾਗ ਸਕੁਐਡ ਅਤੇ ਹੋਰ ਟੀਮਾਂ ਨੂੰ ਬੁਲਾ ਕੇ ਮੌਕੇ ਤੋਂ ਸਬੂਤ ਇਕੱਠੇ ਕੀਤੇ। ਪੁਲਸ ਨੇ ਬੈਂਕ ਦੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਤਾਂ ਇੱਕ ਫੁਟੇਜ ਵਿੱਚ ਚੋਰ ਨਜਰ ਆਇਆ। ਪੁਲਸ ਸੀ.ਸੀ.ਟੀ.ਵੀ. ਦੇ ਆਧਾਰ 'ਤੇ ਚੋਰਾਂ ਦੀ ਭਾਲ ਕਰ ਰਹੀ ਹੈ। ਬੈਂਕ ਸੂਤਰਾਂ ਨੇ ਦੱਸਿਆ ਕਿ 12 ਥਾਵਾਂ ਤੋਂ ਖਿੜਕੀ ਦੀ ਗਰਿੱਲ ਕੱਟੀ ਗਈ ਸੀ। ਬੈਂਕ ਵਿੱਚ ਪਈ ਤਿਜੋਰੀ ਨੂੰ ਗੈਸ ਕਟਰ ਨਾਲ ਕੱਟਿਆ ਗਿਆ ਸੀ। ਬੈਂਕ ਦੇ ਸੀਸੀਟੀਵੀ ਫੁਟੇਜ ਵਿੱਚ ਮੁਲਜਮ ਨੌਜਵਾਨ ਦਾ ਚਿਹਰਾ ਸਾਫ ਦਿਖਾਈ ਦੇ ਰਿਹਾ ਹੈ। ਨੌਜਵਾਨ ਦੇ ਹੱਥ ਵਿੱਚ ਕੈਂਚੀ ਜਾਂ ਹਥਿਆਰ ਵਰਗੀ ਕੋਈ ਚੀਜ ਨਜਰ ਆ ਰਹੀ ਹੈ। ਪੁਲਸ ਉਸ ਦੇ ਹੁਲੀਏ ਦੇ ਆਧਾਰ 'ਤੇ ਉਸ ਦੀ ਭਾਲ ਕਰ ਰਹੀ ਹੈ।

# ਸਰਾਬ ਤਸਕਰੀ ਦੇ ਗਿਰੋਹ ਦਾ ਪਰਦਾਫਾਸ, ਅੱਠ ਪੇਟੀਆਂ ਸਰਾਬ ਸਣੇ ਇਕ ਤਸਕਰ ਗ੍ਰਿਫਤਾਰ

ਜਲੰਧਰ 18 ਦਸੰਬਰ। ਥਾਣਾ ਬਸਤੀ ਬਾਵਾ ਖੇਲ ਦੀ ਪੁਲਸ ਕਮਿਸਨਰੇਟ ਜਲੰਧਰ ਨੇ ਨਾਜਾਇਜ ਸਰਾਬ ਦੀ ਤਸਕਰੀ ਨੂੰ ਨੱਥ ਪਾਉਣ ਲਈ ਇਕ ਵੱਡੀ ਸਫਲਤਾ ਹਾਸਲ ਕਰਦਿਆਂ ਇਕ ਦੋਸੀ ਨੂੰ 8 ਪੇਟੀਆਂ ਸਰਾਬ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਪੁਲਸ ਕਮਿਸਨਰ ਸਵਪਨ ਸਰਮਾ ਨੇ ਦੱਸਿਆ ਕਿ ਮੁਖਬਰ ਦੀ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਥਾਣਾ ਬਸਤੀ ਬਾਵਾ ਖੇਲ ਦੀ ਪੁਲਸ ਟੀਮ ਨੇ 27 ਨਵੰਬਰ 2024 ਨੂੰ ਲੈਦਰ ਕੰਪਲੈਕਸ ਰੋਡ, ਵਰਿਆਣਾ ਮੋੜ, ਕਪੂਰਥਲਾ ਰੋਡ ਨੇੜੇ ਨਹਿਰ ਪੁਲੀ ਵਿਖੇ ਨਾਕਾਬੰਦੀ ਦੌਰਾਨ ਇੱਕ ਵਿਅਕਤੀ ਨੂੰ ਕਾਬੂ ਕੀਤਾ। ਸਫੈਦ ਫਿਏਟ (ਪੀ. ਬੀ. 08 ਸੀ. ਕੇ 7747)। ਜਾਂਚ ਕਰਨ 'ਤੇ ਗੱਡੀ 'ਚੋਂ ਅੱਠ ਪੇਟੀਆਂ ਨਾਜਾਇਜ ਸਰਾਬ ਦੀਆਂ ਬਰਾਮਦ ਹੋਈਆਂ, ਜਿਨ੍ਹਾਂ 'ਚ ਰਾਇਲ ਸਟੈਗ ਦੀਆਂ ਚਾਰ ਪੇਟੀਆਂ ਅਤੇ ਪੰਜਾਬ ਕਿੰਗ ਦੀਆਂ ਚਾਰ ਪੇਟੀਆਂ ਸਾਮਲ ਸਨ।



ਮੁਲਜਮ ਦੀ ਪਛਾਣ ਸਤਿੰਦਰ ਸਿੰਘ ਉਰਫ ਸੰਨੀ ਸਰਦਾਰ ਪੁੱਤਰ ਹਰਮਿੰਦਰ ਸਿੰਘ ਵਾਸੀ ਟਾਵਰ ਇਨਕਲੇਵ, ਜਲੰਧਰ ਵਜੋਂ ਹੋਈ ਹੈ, ਜਿਸ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ। ਇਸ ਸਬੰਧੀ ਥਾਣਾ ਬਸਤੀ ਬਾਵਾ ਖੇਲ ਵਿਖੇ ਮੁਕੱਦਮਾ ਨੰਬਰ 193 ਮਿਤੀ 27 ਨਵੰਬਰ ਨੂੰ ਆਬਕਾਰੀ ਐਕਟ ਤਹਿਤ ਦਰਜ ਕੀਤਾ ਗਿਆ ਹੈ। ਪੁਲਸ ਕਮਿਸਨਰ ਸਵਪਨ ਸਰਮਾ ਨੇ ਟੀਮ ਦੀ ਉਨ੍ਹਾਂ ਦੀ ਤੇਜ ਕਾਰਵਾਈ ਲਈ ਸਲਾਘਾ ਕੀਤੀ ਹੈ, ਜੋਕਿ ਖੇਤਰ ਵਿੱਚ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਕਮਿਸਨਰੇਟ ਪੁਲਸ ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਦੱਸਿਆ ਕਿ ਸਤਿੰਦਰ ਸਿੰਘ, ਜਿਸ ਦਾ ਕੋਈ ਪਹਿਲਾਂ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ, ਹੁਣ ਪੁਲਸ ਹਿਰਾਸਤ ਵਿੱਚ ਹੈ ਅਤੇ ਇਸ ਤਸਕਰੀ ਦੇ ਨੈਟਵਰਕ ਦੇ ਹੋਰ ਸਬੰਧਾਂ ਦਾ ਪਰਦਾਫਾਸ ਕਰਨ ਲਈ ਤਫਤੀਸ ਜਾਰੀ ਹੈ। ਉਨ੍ਹਾਂ ਕਿਹਾ ਕਿ ਜਬਤ ਕੀਤੀ ਗਈ ਸਰਾਬ ਅਤੇ ਵਾਹਨ ਨੂੰ ਜਬਤ ਕਰ ਲਿਆ ਗਿਆ ਹੈ ਅਤੇ ਪੁਲਸ ਟੀਮਾਂ ਭਵਿੱਖ ਵਿੱਚ ਵੀ ਅਜਿਹੇ ਅਪਰਾਧਾਂ ਨੂੰ ਰੋਕਣ ਲਈ ਚੌਕਸੀ ਵਧਾ ਰਹੀਆਂ ਹਨ।

## ਪੰਜਾਬ 'ਚ ਅਜਿਹਾ ਹਾਦਸਾ ਦੇਖ ਖੜ੍ਹੇ ਹੋ ਜਾਣ ਰੌਂਗਟੇ, ਵਿਆਹ ਤੋਂ ਆ ਰਹੇ ਮੁੰਡਿਆਂ ਦੀ ਚੱਲਦੀ ਕਾਰ ਦਾ ਫਟਿਆ ਟਾਇਰ

ਭਵਾਨੀਗੜ੍ਹ 18 ਦਸੰਬਰ। ਬੀਤੀ ਰਾਤ ਜੀਰਕਪੁਰ-ਬਠਿੰਡਾ ਨੈਸਨਲ ਹਾਈਵੇਅ 'ਤੇ ਸਥਿਤ ਪਿੰਡ ਚੰਨੋ ਨੇੜੇ ਇਕ ਸਵਿਫਟ ਕਾਰ ਟਾਇਰ ਫਟਣ ਕਾਰਨ ਬੇਕਾਬੂ ਹੋ ਕੇ ਖੇਤਾਂ 'ਚ ਪਲਟ ਗਈ। ਹਾਦਸੇ ਦੌਰਾਨ ਕਾਰ 'ਚ ਸਵਾਰ ਦੋ ਦੋਸਤਾਂ 'ਚੋਂ ਇਕ ਦੀ ਮੌਤ ਹੋ ਗਈ ਜਦਕਿ ਦੂਜਾ ਗੰਭੀਰ ਰੂਪ 'ਚ ਜਖਮੀ ਹੋ ਗਿਆ। ਦੋਵੇਂ ਦੋਸਤ ਭਵਾਨੀਗੜ੍ਹ ਨੇੜਲੇ ਪਿੰਡ ਭੱਟੀਵਾਲ ਖੁਰਦ ਦੇ ਰਹਿਣ ਵਾਲੇ ਸਨ ਅਤੇ ਕਿਸੇ ਵਿਆਹ ਸਮਾਗਮ ਤੋਂ ਵਾਪਸ ਆ ਰਹੇ ਸਨ। ਘਟਨਾ ਸਬੰਧੀ ਜਾਣਕਾਰੀ ਦਿੰਦੇ ਹੋਏ ਕਾਲਾਝਾੜ ਪੁਲਸ ਚੌਕੀ ਦੇ ਇੰਚਾਰਜ ਏ.ਐੱਸ.ਆਈ ਗੁਰਦੇਵ ਸਿੰਘ ਨੇ ਦੱਸਿਆ ਕਿ ਇਹ ਹਾਦਸਾ ਰਾਤ ਕਰੀਬ ਸਾਢੇ ਗਿਆਰਾਂ ਵਜੇ ਹਾਈਵੇਅ 'ਤੇ ਨਾਇਰਾ ਪੈਟਰੋਲ ਪੰਪ ਨੇੜੇ ਵਾਪਰਿਆ, ਜਿਸ 'ਚ ਦੋ ਨੌਜਵਾਨ ਸੰਜਮਪ੍ਰੀਤ ਸਿੰਘ (24) ਤੇ ਉਸਦਾ ਦੋਸਤ ਗੁਰਪ੍ਰੀਤ ਸਿੰਘ ਦੋਵੇਂ ਵਾਸੀ ਭੱਟੀਵਾਲ ਖੁਰਦ ਪਟਿਆਲਾ ਕੋਲੋਂ ਵਿਆਹ ਪ੍ਰੋਗਰਾਮ 'ਚ ਹਿੱਸਾ ਲੈ ਕੇ ਸਵਿਫਟ ਕਾਰ ਰਾਹੀਂ ਵਾਪਸ ਆਪਣੇ ਪਿੰਡ ਆ ਰਹੇ ਸਨ। ਇਸ ਦੌਰਾਨ ਜਦੋਂ ਉਹ ਪਿੰਡ ਚੰਨੋ ਨੇੜੇ ਪਹੁੰਚੇ ਤਾਂ ਅਚਾਨਕ ਟਾਇਰ ਫਟਣ ਕਾਰਨ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਡਿਵਾਈਡਰ ਨਾਲ ਟਕਰਾਉਂਦੀ ਹੋਈ ਪਲਟੀ ਖਾ ਕੇ ਸੜਕ ਦੇ ਦੂਜੇ ਪਾਸੇ ਖੇਤਾਂ ਵਿਚ ਜਾ ਡਿੱਗੀ। ਪੁਲਸ ਅਧਿਕਾਰੀ ਨੇ ਦੱਸਿਆ ਕਿ ਹਾਦਸੇ ਵਿਚ ਗੰਭੀਰ ਜਖਮੀ ਹੋਏ ਸੰਜਮਪ੍ਰੀਤ ਸਿੰਘ ਦੀ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਮੌਤ ਹੋ ਗਈ ਜਦੋਂਕਿ ਗੁਰਪ੍ਰੀਤ ਸਿੰਘ ਦਾ ਪਟਿਆਲਾ ਹਸਪਤਾਲ ਵਿਖੇ ਇਲਾਜ ਚੱਲ ਰਿਹਾ ਹੈ। ਪੁਲਸ ਵੱਲੋਂ ਘਟਨਾ ਸਬੰਧੀ 174 ਦੇ ਤਹਿਤ ਕਾਰਵਾਈ ਕੀਤੀ ਗਈ ਹੈ।

# ਟਰੈਕਟਰ ਤੇ ਮੋਟਰਸਾਈਕਲ ਦੀ ਆਹਮੋ-ਸਾਹਮਣੀ ਟੱਕਰ 'ਚ ਇਕ ਵਿਅਕਤੀ ਦੀ ਦਰਦਨਾਕ ਮੌਤ

ਪਾਇਲ 18 ਦਸੰਬਰ। ਪਾਇਲ ਸਬ-ਡਵੀਜਨ ਅਧੀਨ ਪੈਂਦੇ ਥਾਣਾ ਮਲੌਦ ਦੇ ਪਿੰਡ ਗੋਸਲਾ ਨੇੜੇ ਟਰੈਕਟਰ ਅਤੇ ਮੋਟਰਸਾਈਕਲ ਵਿਚਕਾਰ ਹੋਈ ਆਹਮੋ-ਸਾਹਮਣੀ ਟੱਕਰ ਵਿਚ ਇਕ ਵਿਅਕਤੀ ਦੀ ਦਰਦਨਾਕ ਮੌਤ ਹੋ ਗਈ। ਬਾਅਦ ਵਿਚ ਮ੍ਰਿਤਕ ਦੀ ਪਛਾਣ ਸਿੰਗਾਰਾ ਖਾਨ ਪੁੱਤਰ ਸਵ. ਡੋਗਰ ਖਾਨ ਵਾਸੀ ਪਿੰਡ ਧੌਲ ਕਲਾ, ਥਾਣਾ ਮਲੌਦ, ਜਿ਼ਲ੍ਹਾ ਲੁਧਿਆਣਾ ਵਜੋਂ ਹੋਈ ਹੈ। ਸਿ਼ਕਾਇਤਕਰਤਾ ਸਰਦਾਰ ਖਾਨ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿਚ ਦੱਸਿਆ ਕਿ ਉਹ ਆਪਣੀ ਮਾਸੀ ਦੇ ਲੜਕੇ ਸੰਦੀਕ ਖਾਨ ਪੁੱਤਰ ਮਲਦੀਨ ਖਾਨ ਵਾਸੀ ਪਿੰਡ ਅਲਵੇਲਪੁਰਾ ਜਿ਼ਲ੍ਹਾ ਮਾਲੇਰਕੋਟਲਾ ਨਾਲ ਆਪਣੇ ਪਲਟੀਨਾ ਮੋਟਰਸਾਈਕਲ 'ਤੇ ਅਤੇ ਉਸ ਦਾ ਛੋਟਾ ਭਰਾ ਸਿੰਗਾਰਾ ਖਾਨ ਅਪਣੇ ਮੋਟਰਸਾਈਕਲ 'ਤੇ ਪਿੰਡ ਅਲਵੇਲਪੁਰਾ ਜਿ਼ਲ੍ਹਾ ਮਾਲੇਰਕੋਟਲਾ ਸਿਰਾਜ ਖਾਨ ਦੇ ਘਰ ਮੱਝਾ ਦੇਖਣ ਜਾ ਰਹੇ ਸੀ। ਇਸੇ ਦੌਰਾਨ ਜਦੋਂ ਉਹ ਪਿੰਡ ਗੋਸਲਾ ਨੇੜੇ ਗੁੱਗਾ ਮਾੜੀ ਕੋਲ ਪੁੱਜੇ ਤਾਂ ਰਾਮਗੜ੍ਹ ਸਰਦਾਰਾ ਵੱਲੋਂ ਆ ਰਹੀ ਸੋਨਾਲੀਕਾ ਟਰੈਕਟਰ-ਟਰਾਲੀ ਦੇ ਡਰਾਈਵਰ ਹਨੀਫ ਖਾਨ ਨੇ ਆਪਣਾ ਮੋਬਾਈਲ ਫੋਨ ਸੁਣਦੇ ਹੋਏ




ਤੇਜ ਰਫਤਾਰੀ ਅਤੇ ਲਾਪਰਵਾਹੀ ਨਾਲ ਚਲਾਉਂਦੇ ਹੋਏ ਆਪਣੀ ਟਰੈਕਟਰ-ਟਰਾਲੀ ਨੂੰ ਉਸਦੇ ਭਰਾ ਦੇ ਮੋਟਰਸਾਈਕਲ ਵਿੱਚ ਮਾਰੀ। ਇਹ ਹਾਦਸਾ ਇਨ੍ਹਾਂ ਭਿਆਨਕ ਸੀ ਕਿ ਉਸ ਦਾ ਛੋਟਾ ਭਰਾ ਸਿੰਗਾਰਾ ਖਾਨ ਗੰਭੀਰ ਰੂਪ 'ਚ ਜਖਮੀ ਹੋ ਗਿਆ ਅਤੇ ਜਿ਼ਆਦਾ ਖੂਨ ਵਹਿਣ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਮਲੌਦ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਮ੍ਰਿਤਕ ਦੀ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਹੈ। ਇਸ ਸਬੰਧੀ ਜਦੋਂ ਮਾਮਲੇ ਦੀ ਜਾਂਚ ਕਰ ਰਹੇ ਏ.ਐੱਸ.ਆਈ ਗੁਰਮੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਮਾਮਲੇ ਦੀ ਪੁਸਟੀ ਕਰਦਿਆਂ ਦੱਸਿਆ ਕਿ ਟਰੈਕਟਰ-ਟਰਾਲੀ ਚਾਲਕ ਹਨੀਫ ਖਾਨ ਦੇ ਖਿ਼ਲਾਫ ਧਾਰਾ 281,106,324 (4) ਬੀ.ਐੱਨ.ਐੱਸ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ ਅਤੇ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਨਾਜਾਇਜ ਕਬਜਿ਼ਆਂ 'ਤੇ ਨਗਰ ਸੁਧਾਰ ਟਰੱਸਟ ਦਾ ਐਕਸ਼ਨ

ਲੁਧਿਆਣਾ 18 ਦਸੰਬਰ। ਨਗਰ ਸੁਧਾਰ ਟਰੱਸਟ ਲੁਧਿਆਣਾ ਵੱਲੋਂ ਭਾਈ ਰਣਧੀਰ ਸਿੰਘ ਨਗਰ ਅਤੇ ਸਹੀਦ ਭਗਤ ਸਿੰਘ ਨਗਰ ਲੁਧਿਆਣਾ ਵਿਖੇ ਟਰੱਸਟ ਪਲਾਟਾਂ 'ਤੇ ਕੀਤੇ ਨਾਜਾਇਜ ਕਬਜਿ਼ਆਂ ਨੂੰ ਖਾਲੀ ਕਰਵਾਉਣ ਦੀ ਕਾਰਵਾਈ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਤਰਸੇਮ ਸਿੰਘ ਭਿੰਡਰ ਨੇ ਦੱਸਿਆ ਕਿ ਇਸ ਕਾਰਵਾਈ ਦੌਰਾਨ ਪੁਲਸ ਸਮੇਤ ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਭਾਈ ਰਣਧੀਰ ਸਿੰਘ ਨਗਰ ਵਿਖੇ ਪੈਂਦੇ ਦੋ ਪਲਾਟਾਂ



ਵਿਚੋਂ ਇਕ ਪਲਾਟ ਜਿਸ ਵਿਚ ਟੈਂਪਰੇਰੀ ਝੁੱਗੀ ਬਣਾਕੇ ਗੇਟ ਲਗਾਇਆ ਹੋਇਆ ਸੀ ਅਤੇ ਉਸ ਪਲਾਟ ਵਿਚ ਧੋਬੀ ਰਹਿੰਦਾ ਸੀ, ਦਾ ਕਬਜਾ ਟਰੱਸਟ ਵੱਲੋਂ ਟੈਂਪਰੇਰੀ ਝੁੱਗੀ ਨੂੰ ਢਾਹੁਣ ਉਪਰੰਤ ਪ੍ਰਾਪਤ ਕਰ ਲਿਆ ਗਿਆ। ਇਸ ਦੇ ਨਾਲ ਹੀ ਦੂਜੇ ਪਲਾਟ ਉਪਰ ਬੈਂਕ ਵੱਲੋਂ ਸਥਾਨਕ ਅਦਾਲਤ ਦੇ ਹੁਕਮਾਂ ਨਾਲ ਗੇਟ 'ਤੇ ਸੀਲ ਲਗਾਈ ਹੋਈ ਸੀ, ਜਿਸ ਕਾਰਨ ਉਸ ਪਲਾਟ ਦਾ ਕਬਜਾ ਟਰੱਸਟ ਵੱਲੋਂ ਪ੍ਰਾਪਤ ਨਹੀਂ ਕੀਤਾ ਜਾ ਸਕਿਆ ਅਤੇ ਇਸ ਸਬੰਧੀ ਅਗਲੇਰੀ ਕਾਨੂੰਨੀ ਰਾਏ ਉਪਰੰਤ ਅਗਲੇਰੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ । ਇਸ ਦੇ ਨਾਲ ਹੀ ਟਰੱਸਟ ਦੀ ਸਹੀਦ ਭਗਤ ਸਿੰਘ ਨਗਰ, ਲੁਧਿਆਣਾ ਸਕੀਮ ਵਿਚ ਪੈਂਦੇ ਇਕ ਪਲਾਟ, ਜਿਸ ਉੱਪਰ ਨਾਜਾਇਜ ਰਸਤਾ ਕੱਢਿਆ ਹੋਇਆ ਸੀ ਅਤੇ ਸੜਕ ਬਣਾਈ ਹੋਈ ਸੀ, ਦਾ ਕਬਜਾ ਟਰੱਸਟ ਵੱਲੋਂ ਪ੍ਰਾਪਤ ਕਰਕੇ ਚਾਰਦਿਵਾਰੀ ਕਰ ਦਿੱਤੀ ਗਈ ਹੈ। ਚੇਅਰਮੈਨ ਵੱਲੋਂ ਦੱਸਿਆ ਗਿਆ ਕਿ ਟਰੱਸਟ ਵੱਲੋਂ ਨਾਜਾਇਜ ਕਬਜੇ ਖਾਲੀ ਕਰਵਾਉਣ ਦੀ ਮੁਹਿੰਮ ਭਵਿੱਖ ਵਿਚ ਵੀ ਜਾਰੀ ਰਹੇਗੀ।

## ਵਾਰਦਾਤ ਦੀ ਸਾਜਿਸ਼ ਰਚ ਰਹੇ 5 ਨੌਜਵਾਨ ਅਸਲੇ ਸਣੇ ਕਾਬੂ

ਮੋਗਾ 18 ਦਸੰਬਰ। ਜ਼ਿਲ੍ਹਾ ਪੁਲਸ ਮੁਖੀ ਅਜੇ ਗਾਂਧੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ 'ਤੇ ਗਲਤ ਅਨਸਰਾਂ ਨੂੰ ਕਾਬੂ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਮੋਗਾ ਪੁਲਸ ਨੇ ਕਿਸੇ ਵਾਰਦਾਤ ਦੀ ਸਾਜਿ਼ਸ਼ ਰਚ ਰਹੇ 5 ਨੌਜਵਾਨਾਂ ਨੂੰ ਅਸਲੇ ਸਮੇਤ ਕਾਬੂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਦ ਡੀ. ਐੱਸ. ਪੀ. ਸਿਟੀ ਰਵਿੰਦਰ ਸਿੰਘ ਅਤੇ ਡੀ. ਐੱਸ. ਪੀ. ਐੱਚ. ਜੋਰਾ ਸਿੰਘ ਦੀ ਅਗਵਾਈ ਵਿਚ ਥਾਣਾ ਸਦਰ ਮੋਗਾ ਦੇ ਇੰਚਾਰਜ ਗੁਰਸੇਵਕ ਸਿੰਘ ਅਤੇ ਸਹਾਇਕ ਥਾਣੇਦਾਰ ਸੁਖਮੰਦਰ ਸਿੰਘ ਪੁਲਸ ਪਾਰਟੀ ਸਮੇਤ ਲਿੰਕ ਰੋਡ ਘੱਲ ਕਲਾਂ ਤੋਂ ਬੁੱਕਣ ਵਾਲਾ ਪੁਲ ਸੂਆ ਕੋਲ ਜਾ ਰਹੇ ਸੀ ਤਾਂ ਉਨ੍ਹਾਂ ਨੂੰ ਗੁਪਤ ਸੂਤਰਾਂ ਤੋਂ ਜਾਣਕਾਰੀ ਮਿਲੀ ਕਿ ਕੁਝ ਨੌਜਵਾਨ ਜੋ ਅਸਲੇ ਨਾਲ ਲੈਸ ਹਨ ਅਤੇ ਕਿਸੇ ਵਾਰਦਾਤ ਦੀ ਸਾਜਿ਼ਸ਼ ਰਚ ਰਹੇ ਹਨ ਜੇਕਰ ਉਨ੍ਹਾਂ ਨੂੰ ਨਾਕਾਬੰਦੀ ਕਰ ਕੇ ਰੋਕਿਆ ਜਾਵੇ ਤਾਂ ਉਹ ਅਸਲੇ ਸਮੇਤ ਕਾਬੂ ਆ ਸਕਦੇ ਹਨ। ਜਿਸ 'ਤੇ ਪੁਲਸ ਪਾਰਟੀ ਨੇ ਜਦ ਕਾਰ ਸਵਾਰ 5 ਨੌਜਵਾਨਾਂ ਸਤਪਾਲ ਸਿੰਘ ਉਰਫ ਪਾਲੀ ਨਿਵਾਸੀ ਪਿੰਡ ਆਲਮਕੇ, ਅਮਨ ਕੁਮਾਰ ਉਰਫ਼ ਅਮਨਾ ਨਿਵਾਸੀ ਪਿੰਡ ਟਿਵਾਣਾ ਕਲਾਂ, ਗੁਰਮੇਜ ਸਿੰਘ ਉਰਫ ਗੁਰੀ ਨਿਵਾਸੀ ਪਿੰਡ ਆਲਮਕੇ, ਮਨਜੀਤ ਸਿੰਘ ਉਰਫ਼ ਮੰਜੂ ਨਿਵਾਸੀ ਪਿੰਡ ਆਲਮਕੇ, ਪਵਨ ਕੁਮਾਰ ਉਰਫ ਪਵਨਾ ਨਿਵਾਸੀ ਪਿੰਡ ਹਠਾੜ ਫਾਜਿਲਕਾ ਨੂੰ ਰੋਕਿਆ ਅਤੇ ਤਲਾਸ਼ੀ ਲੈਣ 'ਤੇ ਉਨ੍ਹਾਂ ਕੋਲੋਂ ਇਕ ਪਿਸਟਲ ਮੇਡ ਇੰਨ ਇਟਲੀ ਦੇ ਇਲਾਵਾ ਦੋ ਮੈਗਜੀਨ, 18 ਜਿੰਦਾ ਕਾਰਤੂਸ ਬਰਾਮਦ ਕੀਤੇ ਗਏ। ਪੁਲਸ ਨੇ ਸਾਰੇ ਕਥਿਤ ਦੋਸ਼ੀਆਂ ਨੂੰ ਤੁਰੰਤ ਹਿਰਾਸਤ ਵਿਚ ਲੈ ਲਿਆ, ਜਿਨ੍ਹਾਂ ਦੇ ਖ਼ਿਲਾਫ਼ ਥਾਣਾ ਸਦਰ ਮੋਗਾ ਵਿਚ ਵੱਖ-ਵੱਖ ਧਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜਦ ਇਸ ਸਬੰਧ ਵਿਚ ਡੀ. ਐੱਸ. ਪੀ. ਸਿਟੀ ਰਵਿੰਦਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਸਤਪਾਲ ਸਿੰਘ ਉਰਫ ਪਾਲੀ ਦੇ ਖ਼ਿਲਾਫ ਦੋ ਮਾਮਲੇ, ਗੁਰਮੇਜ ਸਿੰਘ ਗੁਰੀ ਦੇ ਖ਼ਿਲਾਫ਼ 5 ਮਾਮਲੇ, ਅਮਨ ਕੁਮਾਰ ਅਮਨਾ ਖ਼ਿਲਾਫ਼ 3 ਮਾਮਲੇ ਵੱਖ-ਵੱਖ ਧਾਰਾਵਾਂ ਤਹਿਤ ਵੱਖ-ਵੱਖ ਥਾਣਿਆਂ ਵਿਚ ਦਰਜ ਹਨ। ਉਨ੍ਹਾਂ ਕਿਹਾ ਕਿ ਕਾਬੂ ਕੀਤੇ ਗਏ ਕਥਿਤ ਦੋਸ਼ੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਹ ਮੋਗਾ ਇਲਾਕੇ ਵਿਚ ਅਸਲੇ ਸਮੇਤ ਕਿਸ ਮਕਸਦ ਲਈ ਆਏ ਸਨ ਅਤੇ ਉਨ੍ਹਾਂ ਦੀ ਕੀ ਯੋਜਨਾ ਸੀ। ਉਨ੍ਹਾਂ ਕਿਹਾ ਕਿ ਪੁੱਛਗਿੱਛ ਦੇ ਬਾਅਦ ਸਾਰੇ ਕਥਿਤ ਦੋਸ਼ੀ ਨੌਜਵਾਨਾਂ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰ ਕੇ ਇਕ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ।

# ਖੈਰਲਾਂਜੀ ਥਾਣਾ ਖੇਤਰ ਤੋਂ ਇਕ ਹੈਰਾਨੀਜਨਕ ਮਾਮਲਾ

ਨੈਸਨਲ ਡੈਸਕ 18 ਦਸੰਬਰ। ਮੱਧ ਪ੍ਰਦੇਸ ਦੇ ਬਾਲਾਘਾਟ ਜਿ਼ਲ੍ਹੇ ਦੇ ਖੈਰਲਾਂਜੀ ਥਾਣਾ ਖੇਤਰ ਤੋਂ ਇਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਲੜਕੀ ਨੇ ਦੋ ਵਾਰ ਪ੍ਰੇਮ ਵਿਆਹ ਕਰਵਾਇਆ ਸੀ ਅਤੇ ਜਦੋਂ ਉਹ ਦੂਜੇ ਵਿਆਹ ਤੋਂ ਬਾਅਦ ਥਾਣੇ ਪਹੁੰਚੀ ਤਾਂ ਉਸ ਦਾ ਪਹਿਲਾ ਪਤੀ ਵੀ ਉੱਥੇ ਪਹੁੰਚ ਗਿਆ। ਇਸ ਤੋਂ ਬਾਅਦ ਥਾਣੇ 'ਚ ਹੰਗਾਮਾ ਹੋ ਗਿਆ। ਕਈ ਘੰਟਿਆਂ ਦੀ ਬਹਿਸ ਤੋਂ ਬਾਅਦ ਜਦੋਂ ਪੁਲਸ ਅਧਿਕਾਰੀਆਂ ਨੇ ਲੜਕੀ ਤੋਂ ਉਸਦੀ ਰਾਏ ਪੁੱਛੀ ਤਾਂ ਉਸਨੇ ਆਪਣੇ ਨਵੇਂ ਪਤੀ ਨਾਲ ਰਹਿਣ ਦੀ ਇੱਛਾ ਜਾਹਰ ਕੀਤੀ। ਮਾਮਲਾ ਉਦੋਂ ਸੁਰੂ ਹੋਇਆ ਜਦੋਂ ਰੋਹਿਤ ਉਪਵੰਸੀ ਨਾਂ ਦੇ ਵਿਅਕਤੀ ਨੇ ਪੁਲਸ ਨੂੰ ਆਪਣੀ ਪਤਨੀ ਦੇ ਲਾਪਤਾ ਹੋਣ ਦੀ ਸਿ਼ਕਾਇਤ ਕੀਤੀ। ਰੋਹਿਤ ਨੇ ਦੱਸਿਆ ਕਿ ਉਸ ਦਾ ਆਪਣੀ ਪਤਨੀ ਨਾਲ 8 ਸਾਲਾਂ ਤੋਂ ਪ੍ਰੇਮ ਸਬੰਧ ਸੀ ਅਤੇ ਦੋਵਾਂ ਨੇ 25 ਅਕਤੂਬਰ 2024 ਨੂੰ ਅਦਾਲਤ ਵਿੱਚ ਵਿਆਹ ਕਰਵਾ ਲਿਆ ਸੀ। ਇਸ ਤੋਂ ਬਾਅਦ ਲੜਕੀ ਆਪਣੀ ਮਾਂ ਦੀ ਤਬੀਅਤ ਠੀਕ ਨਾ ਹੋਣ ਦਾ ਬਹਾਨਾ ਲਗਾ ਕੇ ਆਪਣੇ ਨਾਨਕੇ ਘਰ ਗਈ ਪਰ ਉਹ ਨਾ ਤਾਂ ਵਾਪਸ ਆਈ ਅਤੇ ਨਾ ਹੀ ਰੋਹਿਤ ਨਾਲ ਸੰਪਰਕ ਕੀਤਾ। ਪੁਲਸ ਜਾਂਚ ਦੌਰਾਨ ਜਦੋਂ ਲੜਕੀ ਨੂੰ ਆਪਣੇ ਨਵੇਂ ਪ੍ਰੇਮੀ



ਰਾਹੁਲ ਬੁਰੜੇ ਨਾਲ ਫੜਿਆ ਗਿਆ ਤਾਂ ਉਸ ਨੇ ਪੁਲਸ ਨੂੰ ਦੱਸਿਆ ਕਿ ਉਸ ਨੇ ਹਾਲ ਹੀ 'ਚ ਪਤੀ ਨਾਲ ਰਹਿਣ ਦੀ ਇੱਛਾ ਜਾਹਰ ਕੀਤੀ। ਮਾਮਲਾ ਉਦੋਂ ਸੁਰੂ ਹੋਇਆ ਜਦੋਂ ਰੋਹਿਤ ਉਪਵੰਸੀ ਨਾਂ ਦੇ ਵਿਅਕਤੀ ਨੇ ਪੁਲਸ ਨੂੰ ਆਪਣੀ ਪਤਨੀ ਦੇ ਲਾਪਤਾ ਹੋਣ ਦੀ ਸਿ਼ਕਾਇਤ ਕੀਤੀ। ਰੋਹਿਤ ਨੇ ਦੱਸਿਆ ਕਿ ਉਸ ਦਾ ਆਪਣੀ ਪਤਨੀ ਨਾਲ 8 ਸਾਲਾਂ ਤੋਂ ਪ੍ਰੇਮ ਸਬੰਧ ਸੀਰਾਹੁਲ ਨਾਲ ਦੂਜੀ ਵਾਰ ਕੋਰਟ ਮੈਰਿਜ ਕੀਤੀ ਸੀ। ਪਹਿਲੇ ਪਤੀ ਨੂੰ ਇਸ ਗੱਲ ਦਾ ਪਤਾ ਲੱਗਾ ਅਤੇ ਫਿਰ ਪੁਲਸ ਨੂੰ ਸਿ਼ਕਾਇਤ ਕੀਤੀ। ਪੁਲਸ ਨੇ ਦੋਵਾਂ ਪਤੀਆਂ ਨੂੰ ਥਾਣੇ ਬੁਲਾਇਆ, ਜਿੱਥੇ ਦੋਵਾਂ ਨੇ ਲੜਕੀ 'ਤੇ ਆਪਣਾ ਹੱਕ ਜਤਾਉਣ ਲਈ ਜੋਰਦਾਰ ਬਹਿਸ ਕੀਤੀ। ਇਸ ਹੰਗਾਮੇ ਤੋਂ ਬਾਅਦ ਪੁਲਸ ਅਧਿਕਾਰੀਆਂ ਨੇ ਲੜਕੀ ਨੂੰ ਪੁੱਛਿਆ ਕਿ ਉਹ ਕਿਸ ਨਾਲ ਰਹਿਣਾ ਚਾਹੁੰਦੀ ਹੈ ਤਾਂ ਉਸ ਨੇ ਰਾਹੁਲ ਨਾਲ ਰਹਿਣ ਦੀ ਇੱਛਾ ਜਾਹਰ ਕੀਤੀ। ਪੁਲਸ ਵੱਲੋਂ ਦੋਵਾਂ ਵਿਆਹਾਂ ਦੇ ਦਸਤਾਵੇਜਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਵਾਂ ਧਿਰਾਂ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ ਵੀ ਦਰਜ ਕੀਤੇ ਜਾ ਰਹੇ ਹਨ।


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POON-AM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BAL-JEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAG-WAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUD-DHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHAR-GAON, TEH-SANGAMNER, DISTT-AHMADNAGAR, MAHA-RASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DAT-TATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਹਨੇਰਿਆਂ 'ਚ ਹਰਫ਼ਾਂ ਦਾ ਦੀਵਾ ਹੈ ਮੇਰੀ ਸ਼ਾਇਰੀ



• ਡਾ. ਰਾਮ ਨਿਵਾਸ
98153-17356

ਪੰਜਾਬੀ ਸ਼ਾਇਰੀ 'ਚ ਅਨੂਪ ਵਿਰਕ ਇਕ ਮਾਣਮੱਤਾ ਨਾਂ ਹੈ। ਉਸ ਦੀ ਸ਼ਾਇਰੀ ਵਿਚ ਪੰਜ-ਆਬ ਦੀ ਮਿੱਟੀ ਦਾ ਮੋਹ ਹੈ। ਗਾਉਂਦੇ ਪਾਣੀਆਂ ਦੀ ਹੂਕ ਹੈ। ਕਣਕਾਂ ਦੇ ਰੰਗ ਦੀ ਸੁਨਹਿਰੀ ਭਾਅ ਮਾਰਦੀ ਹੈ। ਉਸ ਦੀ ਸ਼ਾਇਰੀ ਵਿਚ ਸਿਆਲ ਦੀ ਨਿੱਘੀ ਖਿੜੀ ਧੁੱਪ ਹੈ ਅਤੇ ਰਿਸ਼ਤਿਆਂ ਦੀ ਤਿੱਖੜ ਦੁਪਹਿਰ ਦੀ ਓਧਰੀ ਤੜਫ਼ ਵੀ। ਅਨੂਪ ਵਿਰਕ ਦੀ ਸ਼ਾਇਰੀ ਵਿਚ ਬਾਬੇ ਬੁੱਲ੍ਹੇ ਸ਼ਾਹ ਜਿਹੀ ਫ਼ਕੀਰਾਨਾ ਮੌਲਿਕ ਹੇਕ ਹੈ। ਫ਼ਿਕਰ ਹੈ ਪੰਜਾਬ ਦੇ ਖੇਤਾਂ ਦੇ ਸਿਆੜਾਂ ਦੇ ਸੱਥਰ ਬਣ ਜਾਣ ਦਾ। ਉਹ ਸੁਖਨ ਸੁਗੰਧੀ ਦੀ ਸ਼ਾਮਲਾਟ ਹੈ। ਅੰਬਰਾਂ ਦੀ ਕਾਸ਼ਨੀ ਅੱਖ ਨਾਲ ਗੱਲ ਕਰਦਾ, ਹਾਜ਼ਿਰ ਹਰਫ਼ ਹਮੇਸ਼ ਹੈ। ਅੱਜ ਪੰਜਾਬੀ ਮਾਂ ਬੋਲੀ ਦਾ ਮਾਣ, ਪੰਜਾਬੀ ਕਾਵਿ ਦੇ ਸੁਨੱਖੇ ਲੋਕ ਗੀਤ ਵਰਗੇ ਮੁਹਾਂਦਰੇ, ਸ਼ਾਹੀ ਸ਼ਹਿਰ ਪਟਿਆਲਾ 'ਚ ਰਹਿੰਦੇ ਸ਼ਾਇਰ ਅਨੂਪ ਵਿਰਕ ਹੋਰਾਂ ਨਾਲ ਕੀਤੀ ਗੱਲਬਾਤ ਪੇਸ਼ ਹੈ :

**• ਵਿਰਕ ਸਾਬ੍ਹ ਤੁਸੀਂ ਸਾਹਿਤਕ ਅਤੇ ਅਕਾਦਮਿਕ ਤੌਰ 'ਤੇ ਭਰਪੂਰ ਜ਼ਿੰਦਗੀ ਜੀਵੀ ਹੈ-ਆਪਣੇ ਪਰਿਵਾਰਕ ਪਿਛੋਕੜ ਬਾਰੇ ਦੱਸੋ ?**

ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਧਰਤੀ ਨਨਕਾਣਾ ਸਾਹਿਬ ਦੀ ਮਿੱਟੀ ਦੇ ਖ਼ੁਮਾਰ 'ਚ ਮੇਰਾ ਜਨਮ ਹੋਇਆ। ਪਿੰਡ ਨੱਡਾ ਜ਼ਿਲ੍ਹਾ ਗੁਜਰਾਂਵਾਲੇ ਵਿਖੇ 1947 ਦੀ ਵੰਡ ਦੇ ਭਿਆਨਕ ਦਰਦ ਵੇਲੇ ਮੈਂ ਪੰਜਾਬ ਦੀ ਅਲੌਕਿਕ ਮਿੱਟੀ ਨੂੰ ਪਹਿਲੀ ਨਜ਼ਰ ਵੇਖਿਆ ਹੋਵੇਗਾ। ਪੰਜਾਬ ਜਿਸ ਨੂੰ ਅਨੇਕਾਂ ਵਾਰ ਵੰਡਿਆ ਗਿਆ, ਉਜਾੜਿਆ ਗਿਆ, ਲਿਤਾੜਿਆ ਗਿਆ ਪਰ ਹਰ ਵਾਰ ਉਹ ਕੁਕਨੂਸ ਵਾਂਗ ਆਪਣੀ ਹੀ ਸਵਾਹ 'ਚੋਂ ਫਿਰ ਪ੍ਰਗਟ ਹੋ ਗਿਆ। ਸ਼ਾਇਰ ਗੁਰੂ ਨਾਨਕ ਦੇ ਇਲਾਹੀ ਬੋਲਾਂ ਨੇ ਇੱਥੋਂ ਦੇ ਦਰਿਆਵਾਂ, ਹਵਾਵਾਂ, ਰੁੱਖਾਂ ਬੇਲਿਆਂ ਵਿਚ ਆਪਣੀ ਮਾਖਿਓਂ ਮਿੱਠੀ ਬਾਣੀ ਦਾ ਅੰਮ੍ਰਿਤ ਘੋਲਿਆ। ਆਪਣੀ ਜੰਮਣ ਭੂਮੀ ਤੋਂ ਵਿਛੜਕੇ ਮਾਂ-ਪਿਓ ਦੀਆਂ ਉਦਾਸ ਅੱਖੀਆਂ ਦਾ ਉਦਰੇਵਾਂ, ਮੇਰੇ ਨੈਣਾਂ ਦਾ ਓਨੀਂਦਰਾ ਬਣ ਗਿਆ :-

*ਜਿਹੜੀ ਮਿੱਟੀ ਨਾ ਕਦੇ ਆਰਾਮ ਕੀਤਾ*
*ਉਹਦੇ ਨੈਣ ਓਨੀਂਦਰੇ ਵੱਸਦਾ ਹਾਂ*
*ਹਾਲੀ ਪਾਲੀ ਹਾਂ ਡੰਗਰਾਂ ਪੈਲੀਆਂ ਦਾ*
*ਖੇਤ ਉਜੜੇ ਰਹੇ ਗਿਰਾਂ ਕੋਈ ਨਾ*
*ਫ਼ਸਲ ਸਿਰਾਂ ਦੀ ਵੱਢਦੇ ਬੀਜਦੇ ਹਾਂ*
*ਧਰਤ ਸਾਡੀ ਪਰ ਧਰਤ 'ਤੇ ਥਾਂ ਕੋਈ ਨਾ*
*ਅਸੀਂ ਖ਼ੂਨ ਦੇ ਨਾਲ ਇਤਿਹਾਸ ਲਿਖਿਆ*
*ਕੀ ਹੋਇਆ ਜੇ ਇਸ ਵਿਚ ਨਾਂ ਕੋਈ ਨਾ।*

ਬਚਪਨ ਪਿੰਡ ਨਕਟੇ ਸਕੂਲ ਭਵਾਨੀਗੜ੍ਹ ਅਤੇ ਰਿਪੁਦਮਨ ਕਾਲਜ ਨਾਭਾ ਮੇਰੇ ਬਚਪਨ ਅਤੇ ਜਵਾਨੀ ਦੇ ਦਿਨ ਸਨ। ਮੇਰੀ ਕਵਿਤਾ ਇਸ ਕਾਲਜ ਦੇ ਹੁਸੀਨ ਬਾਗ਼ਾਂ ਵਿਚ ਅੱਖਾਂ ਖੋਲ੍ਹਣ ਲਗ ਪਈ। ਕਾਲਪਨਿਕ ਹੁਸੀਨ, ਅਦਾਵਾਂ ਦੇ ਪਰਛਾਵੇਂ ਮੇਰੇ ਗੀਤਾਂ ਦੇ ਨਾਲ-ਨਾਲ ਤੁਰਨ ਲੱਗ ਪਏ। ਸ਼ਿਵ ਬਟਾਲਵੀ ਮੈਨੂੰ ਨਿੱਕਿਆ ਕਹਿ ਕੇ ਮੋਹ ਕਰਨ ਲੱਗ ਪਿਆ। ਸ਼ਿਵ ਦੀ ਉਦਾਸੀ ਮੇਰੇ ਗੀਤਾਂ ਦੇ ਨੈਣਾਂ ਵਿਚ ਪਸਰ ਗਈ ਅਤੇ ਮੇਰੀ ਸੋਚ ਨੇ ਸਾਹਿਤਕ ਅੰਗੜਾਈ ਲੈਂਦੇ ਹੋਏ ਇਹ ਲਿਖਣਾ ਸ਼ੁਰੂ ਕੀਤਾ :-

"ਮੇਰੀ ਅੱਖ਼ਰ ਵਰਗੀ ਹਸਤੀ ਹੈ ਮੈਨੂੰ ਸ਼ਬਦ ਸਮਝ ਸਵੀਕਾਰ ਕਰੋ
ਮੇਰਾ ਵੀ ਨਿਕਲੇ ਅਰਥ ਕੋਈ ਮੇਰੇ 'ਤੇ ਪਰਉਪਕਾਰ ਕਰੋ।"

ਇਸੇ ਕਾਲਜ ਤੋਂ ਮੇਰਾ ਅਧਿਆਪਕ ਬਣ ਜਾਣ ਦਾ ਸਫ਼ਰ ਸ਼ੁਰੂ ਹੋਇਆ ਅਤੇ ਮੈਨੂੰ ਮਹਿਸੂਸ ਹੋਇਆ ਕਿ ਗੁਰੂ ਗਿਆਨ ਹੀ ਨਹੀਂ ਦਿੰਦਾ ਜ਼ਿੰਦਗੀ ਦੀਆਂ ਨਿਆਮਤਾਂ, ਖ਼ੁਸ਼ੀਆਂ, ਗ਼ਮੀਆਂ ਦੀ ਘੜੀਆਂ ਨੂੰ ਵੀ ਆਪਣੇ ਸ਼ਗਿਰਦਾਂ ਦੇ ਨਾਂ ਕਰਦਾ ਹੋਇਆ ਆਪ ਵੀ ਬਹੁਤ ਕੁੱਝ ਹਾਸਿਲ ਕਰਦਾ ਹੈ। ਹਰ ਵਿਦਿਆਰਥੀ ਇਕ ਕਿਤਾਬ ਦਾ ਰੂਪ ਹੁੰਦਾ ਹੈ ਅਤੇ ਅਧਿਆਪਕ ਦੇ ਕਰਮਾਂ ਵਿਚ ਇੰਨੀਆਂ, ਨਿਰਮਲ, ਨਿਰਛਲ ਸੂਰਤਾਂ ਦਾ ਅਧਿਐਨ ਕਰਨਾ ਨਵੇਂ ਦਿਸਹੱਦਿਆਂ ਦੀ ਮੰਜ਼ਿਲ ਨੂੰ ਪਾਉਣ ਵਾਂਗ ਹੁੰਦਾ ਹੈ। ਲੋਕਾਂ ਦੇ ਦੋ-ਚਾਰ ਧੀਆਂ ਪੁੱਤਰ ਹੁੰਦੇ ਹਨ। ਮੇਰੇ ਸ਼ਗਿਰਦ ਹਜ਼ਾਰਾਂ ਦੀ ਗਿਣਤੀ ਵਿਚ ਮੇਰੇ ਧੀਆਂ-ਪੁੱਤਰ ਹਨ। ਸ਼ਗਿਰਦ ਧਰਤੀ ਵਾਂਗ ਹੁੰਦੇ ਨੇ, ਗੁਰੂ ਜੋ ਵੀ ਉਨ੍ਹਾਂ ਦੇ ਮਨ ਵਿਚ ਬੀਜਦਾ ਏ, ਆਪ ਮੁਹਾਰੇ ਉੱਗ ਆਉਂਦਾ ਏ। ਅਧਿਆਪਕ ਦੇ ਸ਼ਬਦ ਮੀਂਹ ਵਾਂਗ ਹੁੰਦੇ ਨੇ, ਜੋ ਸ਼ਗਿਰਦ ਦੇ ਮਨ ਦੀ ਪਿਆਸੀ ਧਰਤੀ ਨੂੰ ਨਮੀ, ਠੰਢਕ, ਬਖ਼ਸ਼ਦੇ ਹੋਏ ਉਸ ਵਿਚ ਇਲਮ, ਗਿਆਨ, ਸਾਹਿਤ, ਸੱਭਿਆਚਾਰ ਦੀ ਫਸਲ ਬੀਜਦੇ ਨੇ। ਅਸਲ ਗੁਰੂ ਕੋਲ ਗਿਆਨ, ਧਿਆਨ, ਈਮਾਨ, ਹੋਣਾ ਚਾਹੀਦਾ ਹੈ।

**• ਤੁਸੀਂ ਅਕਾਦਮਿਕ ਤੌਰ 'ਤੇ ਸਰਗਰਮ ਰਹੇ ਹੋ। ਵਿਸ਼ਵ ਵਿਦਿਆਲਿਆ ਵਿਚ ਵਿਚਰਦੀ ਅੰਦਰੂਨੀ-ਰਾਜਨੀਤੀ ਅਤੇ ਮਾਹੌਲ-ਵਿਭਚਾਰ ਬਾਰੇ ਚਾਨਣਾ ਪਾਓ?**

ਮੈਂ ਉਸ ਮਾਹੌਲ ਬਾਰੇ ਸਿਰਫ਼ ਇਹੋ ਕਹਿ ਸਕਦਾ ਹਾਂ ਕਿ ਦੰਭ, ਫਰੇਬ, ਝੂਠੀ ਸਿਆਸਤ ਦਾ ਅਡੰਬਰ ਵਿਸ਼ਵ-ਵਿਦਿਆਲਿਆ 'ਤੇ ਕਾਬਜ਼ ਰਿਹਾ। ਮਾਰਕਸ, ਲੈਨਿਨ, ਮਾਓ ਦੇ ਸਿਧਾਂਤਾਂ ਨੇ ਮੇਰੀ ਸੋਚ ਦੇ ਨਜ਼ਰੀਏ ਨੂੰ ਡੂੰਘਾ ਪ੍ਰਭਾਵਿਤ ਕੀਤਾ। ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਮੇਰਾ ਆਦਰਸ਼ ਬਣ ਗਏ। ਗਰਮ ਖ਼ਿਆਲਾਂ ਵਾਲੀ ਕਵਿਤਾ ਦਾ ਸਰੋਕਾਰ ਪਿਘਲ ਕੇ ਪੁਰਬਲੇ ਪੰਜਾਬ ਦੀ ਤਰਾਸ਼ਦੀ ਵਿਚ ਢਲਣ ਲੱਗ ਪਿਆ। ਚੁਰਾਸੀ ਦੇ ਕਾਲੇ ਦਿਨਾਂ ਨੇ ਮਨ ਨੂੰ ਅਜਿਹੀ ਅਸਹਿ ਪੀੜ ਦਿੱਤੀ ਕਿ ਹਿਰਦੇ ਦੇ ਵਲੂੰਧਰੇ ਹੋਏ ਖ਼ਿਆਲਾਂ ਨੇ ਸਭ ਸੁਪਨੇ ਚਕਨਾ ਚੂਰ ਕਰ ਦਿੱਤੇ। ਕੋਮਲ ਮਨ ਕੁਰਲਾ ਉਠਿਆ:-

*'ਉਹ ਦੁੱਖ ਮੇਰਾ ਬਹੁਤ ਭਿਆਨਕ*
*ਲਹੂ ਵਿਚ ਪਾਣੀ ਰੰਗੇ*
*ਨਾਗਾਂ ਨੇ ਗਰਦੌਰੀ ਕੀਤੀ,*
*ਖੇਤ ਮੋਰਾਂ ਦੇ ਵੰਡੇ।"*

*'ਸ਼ਾਇਰ, ਫੁੱਲ, ਚਿਰਾਗ਼ ਦਾ*
*ਅੜਿਓ ਕੋਈ ਨਾ ਦੇਸ਼ ਟਿਕਾਣਾ*
*ਚਾਨਣ ਮਹਿਕ ਮੁਹੱਬਤ ਵੰਡਣੀ*
*ਜਿਸ ਥਾਵੇਂ ਵੀ ਜਾਣਾ'*

**• ਵਿਰਕ ਸਾਬ੍ਹ ਤੁਹਾਡੀ ਪਹਿਲੀ ਰਚਨਾ ਅਤੇ ਪਹਿਲੀ ਕਿਤਾਬ?**

ਕਵੀ ਹੋਣ ਦੇ ਅੰਨ੍ਹੇ ਜੋਸ਼ ਅਤੇ ਭਾਵੁਕ ਸੋਚ ਨੇ 'ਅਨੁਭਵ ਦੇ ਅੱਥਰੂ' ਨਾਮੀ ਕਵਿਤਾ ਦੀ ਕਿਤਾਬ ਨੂੰ ਜਨਮ ਦਿੱਤਾ। ਅੱਖ਼ਰ ਦੀ ਮਹਾਨਤਾ ਮੇਰੀ ਸਾਹਿਤ ਦੀ ਭਗਤੀ ਤੇ ਸ਼ਕਤੀ ਦਾ ਮੁੱਖ ਬਿੰਦੂ ਹਨ। ਮੈਨੂੰ ਮਾੜਾ ਚੰਗਾ ਕਵੀ ਮੰਨ ਲਿਆ ਗਿਆ।

*'ਸ਼ਾਇਰੀ ਮੇਰੀ ਇੰਝ ਹੈ ਜਿਉਂ ਫ਼ਕਰਾਂ ਦਾ ਟੁੱਕ*
*ਮਨ ਨੂੰ ਦੇਵੇ ਤਾਜ਼ਗੀ ਤਨ ਦੀ ਲਹੇ ਨਾ ਭੁੱਖ।'*

ਪੰਜਾਬ ਮੇਰਾ ਮਹਿਬੂਬ ਹੈ, ਜਿਸ ਲਈ ਮੇਰੇ ਅੰਤਰੀਵ ਮਨ 'ਚ ਮੁਹੱਬਤ ਦੀ ਨਦੀ ਵਹਿੰਦੀ ਹੈ।

*'ਆਓ ਉਸ ਪੰਜਾਬ ਦੀ ਸਿਫ਼ਤ ਕਰੀਏ*
*ਗੁਰੂਆਂ ਪੀਰਾਂ ਦਾ ਰਿਹਾ ਹੈ ਰਾਜ ਜਿੱਥੇ*
*'ਜਪੁਜੀ' ਸਾਹਿਬ ਜਿਊਣ ਦੀ ਜੋਤ ਜਿੱਥੇ*
*'ਜਾਪ' ਸਾਹਿਬ ਦਾ ਸਿਰਾਂ 'ਤੇ ਤਾਜ ਜਿੱਥੇ।*
*ਜਿੱਥੇ ਵੇਦ ਉਪਨਿਸ਼ਦਾਂ ਨੇ ਮਹਿਕ ਵੰਡੀ,*
*ਵਾਰਿਸ, ਬੁੱਲ੍ਹੇ ਦੀ ਇਸ਼ਕ ਆਵਾਜ਼ ਜਿੱਥੇ।'*

ਪਰ ਅੱਜ ਦਾ ਪੰਜਾਬ ਗੈਰਤਮੰਦਾਂ ਦਾ ਬੇਵੱਸ ਪਰਛਾਵਾਂ ਬਣ ਕੇ ਮੌਤ ਦਾ ਮਾਹੌਲ ਸਿਰਜ ਰਿਹਾ ਹੈ:-

*'ਆਓ ਉਸ ਪੰਜਾਬ ਦਾ ਦੁੱਖ ਰੋਈਏ*
*ਜਿੱਥੇ ਕਿਰਤ ਕਿਸਾਨੀ ਨੂੰ ਮਾਰਦੇ ਨੇ*
*ਜਿੱਥੇ ਕਣਕ ਦੀ ਥਾਵੇਂ ਸਲਫਾਸ ਉੱਗਦੀ*
*ਆਤਮਘਾਤ ਸੰਘ ਕਰਜ਼ ਉਤਾਰਦੇ ਨੇ*
*ਸਾਧੂ, ਸੰਤ, ਪਖੰਡ ਤੇ ਕੂੜ ਵੇਚਣ*
*ਬਾਣੀ ਵੇਚਦੇ ਬਾਣੇ ਨੂੰ ਧਾਰਦੇ ਨੇ*
*ਜਿੱਥੇ ਧਰਤ ਤੇ ਧਰਮ ਨੂੰ ਸ਼ਰਮ ਆਵੇ*
*ਧੀਆਂ ਮਾਰਦੇ ਨੇ ਨੂੰਹਾਂ ਸਾੜਦੇ ਨੇ*
*ਜਿੱਥੇ ਨਸ਼ੇ ਨਮੋਸ਼ੀ ਨੇ ਨਾਸ਼ ਕੀਤਾ*
*ਜੰਗ ਜਿਊਣ ਦੀ ਜਿੱਤ ਕੇ ਹਾਰਦੇ ਨੇ।"*

## ਅਨੂਪ ਵਿਰਕ

**• ਆਪਣੇ ਸਾਹਿਤਕ ਵਿਦਿਆਰਥੀ-ਜੀਵਨ ਦੀ ਸ਼ੁਰੂਆਤ ਵੇਲੇ ਉਸ ਵੇਲੇ ਦੇ ਚਰਚਿਤ ਮੈਗਜ਼ੀਨ 'ਮਕਤਲ' ਬਾਰੇ ਜੋ ਤੁਸੀਂ ਪ੍ਰਕਾਸ਼ਤ ਕਰਦੇ ਸੀ?**

ਸਾਹਿਤ ਦੀ ਡੂੰਘੀ ਚੇਟਕ ਨੇ ਇਹ ਸਾਹਿਤਕ ਰਸਾਲਾ 'ਮਕਤਲ' ਹੋਂਦ ਵਿਚ ਲਿਆਂਦਾ। ਮੁਹਰਜੀਤ ਅਤੇ ਮੈਂ ਦੋਵਾਂ ਨੇ ਰਲ ਕੇ ਇਹ ਗੰਭੀਰ ਕਿਸਮ ਦਾ ਸਾਹਿਤਕ ਰਸਾਲਾ ਪ੍ਰਕਾਸ਼ਿਤ ਕਰਨ ਦਾ ਹੰਭਲਾ ਮਾਰਿਆ, ਜਿਸ ਨਾਲ ਸਾਹਿਤਕ ਹਲਕਿਆਂ 'ਚ ਭਰਪੂਰ ਚਰਚਾ ਹੋਈ। ਨੂਰ ਸਾਹਿਬ, ਜੋਗਾ ਸਿੰਘ ਅਤੇ ਸੁਰਜੀਤ ਪਾਤਰ ਜਿਹੇ ਨਾਮਵਰ ਅਦੀਬ ਇਸ ਵਿਚ ਛਪਦੇ ਰਹੇ।



98153-16029

ਅਨੂਪ ਵਿਰਕ ਦੀ ਸ਼ਾਇਰੀ 'ਚ ਬਾਬਾ ਬੁੱਲ੍ਹੇ ਸ਼ਾਹ ਜਿਹੀ ਫ਼ਕੀਰਾਨਾ ਮੌਲਿਕ ਹੂਕ ਹੈ। ਫ਼ਿਕਰ ਹੈ ਖੇਤਾਂ ਦੇ ਸਿਆੜਾਂ ਦੇ ਸੱਥਰ ਬਣ ਜਾਣ ਦਾ...

ਰੂਬਰੂ

**• ਕੇਂਦਰੀ ਪੰਜਾਬੀ ਲੇਖਕ ਸਭਾ ਦੀ ਪ੍ਰਧਾਨਗੀ ਦੌਰਾਨ ਤੁਹਾਡੀਆਂ ਕੀ-ਕੀ ਗਤੀਵਿਧੀਆਂ ਰਹੀਆਂ ਤੇ ਤੁਹਾਡਾ ਕੀ ਯੋਗਦਾਨ ਰਿਹਾ?**

ਕੇਂਦਰੀ ਲੇਖਕ ਸਭਾ ਦੀਆਂ ਸਰਗਰਮੀਆਂ ਨੇ ਮੇਰੇ ਮਨ ਵਿਚ ਸਾਹਿਤ ਅਤੇ ਸਾਹਿਤਕਾਰਾਂ ਬਾਰੇ ਉਤੇਜਨਾ ਪੈਦਾ ਕੀਤੀ। ਲੇਖਕਾਂ ਨੇ ਮੇਰੀ ਇਸ ਭਾਵਨਾ ਦੀ ਕਦਰ ਕਰਦੇ ਹੋਏ ਇਸ ਇਤਿਹਾਸਕ ਜੁਝਾਰੂ ਲੇਖਕ ਜਥੇਬੰਦੀ ਦਾ ਸਰਵ-ਸੰਮਤੀ ਨਾਲ ਦੋ ਵਾਰ ਪ੍ਰਧਾਨਗੀ ਕਰਨ ਦਾ ਮਾਣ ਬਖ਼ਸ਼ਿਆ। ਮੇਰੇ ਇਹ ਚਾਰ ਸਾਲ ਦਾ ਸਮਾਂ ਮੇਰੀ ਸਾਹਿਤਕ ਯਾਤਰਾ ਦਾ ਸਭ ਤੋਂ ਦਿਲਚਸਪ ਅਤੇ ਉਤੇਜਨਾ ਭਰਪੂਰ ਸਮਾਂ ਰਿਹਾ। ਡੂੰਘਾ ਤੇ ਤੀਖਣ ਤਜਰਬਾ ਮੇਰੀ ਸਮਝ ਨੂੰ ਪ੍ਰਚੰਡ ਕਰਦਾ ਰਿਹਾ। ਮਾਂ ਬੋਲੀ ਅਤੇ ਸੱਭਿਆਚਾਰ ਲਈ ਮੇਰੀਆਂ ਸਰਗਰਮੀਆਂ ਮੈਨੂੰ ਬਹੁਤ ਵੱਡਾ ਅਤੇ ਮਹਾਨ ਤਜਰਬਾ ਦਿੰਦੀਆਂ ਰਹੀਆਂ।

**• ਤੁਹਾਡੀ ਰਚਨਾ ਦੇ ਮੁੱਖ ਸਰੋਕਾਰ ਕੀ ਰਹੇ?**

ਪੰਜਾਬ, ਇਸ ਦੀਆਂ ਧੀਆਂ, ਇਸ ਦੇ ਸੱਭਿਆਚਾਰ, ਇਸ ਦੀ ਅਮੀਰ ਬੋਲੀ ਮੇਰੀ ਕਵਿਤਾ ਦੇ ਮੁੱਖ ਸਰੋਕਾਰ ਰਹੇ।

*"ਹਰ ਕੰਜਕ ਤੋਂ ਕਵਿਤਾ ਭਾਲਾਂ,*
*ਉਹ ਦਰ ਸੀਸ ਝੁਕਾਵਾਂ*
*ਧੁੱਪ ਤੇ ਚੁੱਪ ਦੇ ਸਫ਼ਿਆਂ ਉੱਤੇ*
*ਗੀਤਾਂ ਦਾ ਸਿਰਨਾਵਾਂ*
*ਪੈਰੀਂ ਉੱਚੀ ਜੱਗੋਂ ਸੁੱਚੀ ਚਾਨਣ ਦੀ ਫੁਲਕਾਰੀ*
*ਧੀਆਂ ਧਰਤ ਪਿਆਰੀ।"*

ਸ਼ਾਇਰਾਂ ਨੂੰ ਇਕ ਖ਼ਤ ਲਿਖਦੇ ਹੋਏ:-

*'ਇਕ ਖ਼ਤ ਤੈਨੂੰ ਯਾਰ ਲਿਖਣਗੇ,*
*ਸ਼ਾਇਰ ਕੂੜ ਨਹੀਂ ਬੋਲੀਦਾ*
*ਖੰਭ ਮੋਰ ਦਾ, ਭੁੰਜ ਨਾਗ ਦੀ,*
*ਇਕ ਪਲੜੇ ਨਹੀਂ ਤੋਲੀਦਾ*
*ਚੁੱਪ ਚੁਪੀਤੇ ਇਹ ਖ਼ਤ ਲੈ ਕੇ,*
*ਪਾਣੀ ਵਿਚ ਵਹਾ ਆਵੀਂ*
*ਇਸ ਬਹਾਨੇ ਦੁਬਿਧਾ ਮਾਰੀਂ,*
*ਸ਼ਾਇਰੀ ਦੇ ਫੁੱਲ ਪਾ ਆਵੀਂ।'*

ਕਵੀਆਂ ਦੇ ਰੁਤਬੇ ਦੀ ਲਾਲਸਾ ਬਾਰੇ ਇਹੋ ਸੰਦੇਸ਼ ਹੈ :-

*'ਉੱਚੇ-ਉੱਚੇ ਰੁਤਬੇ ਦੀ ਰੁੱਤ ਨਹੀਂਓਂ ਰਹਿਣੀ ਸਦਾ*
*ਸਮਿਆਂ ਦੀ ਤੋਰ ਨਹੀਂਓਂ ਰੁਕਣੀ।*
*ਪੌਣਾਂ ਤੇ ਪਰਿੰਦਿਆਂ ਦੇ ਕਿਹੜੇ ਸਨਮਾਨ ਹੁੰਦੇ*
*ਕਵੀ ਵਾਲੀ ਭੁੱਖ ਨਹੀਂਓਂ ਮਿਟਣੀ।'*

**• ਕੀ ਤੁਸੀਂ ਆਪਣੇ ਸਾਹਿਤਕ ਸਫ਼ਰ ਤੋਂ ਸੰਤੁਸ਼ਟ ਹੋ?**

*'ਵੱਡੇ-ਵੱਡੇ ਸੁਪਨੇ ਤੇ ਨਿੱਕੀ ਜਿਹੀ ਜਿੰਦ ਮੇਰੀ*
*ਏਨਾ ਕੁੱਝ ਕਿੰਝ ਇਹ ਸੰਭਾਲਦੀ*
*ਫੈਲੇ ਕੂੜ ਦੇ ਹਨੇਰੇ, ਸਾਧਾਂ ਸੰਤਾਂ ਦੇ ਡੇਰੇ*
*ਅੱਗ ਅਕਲਾਂ ਦੀ ਕਿੱਥੇ-ਕਿੱਥੇ ਬਾਲਦੀ"*
*ਮੌਤ ਦੇ ਹਨ੍ਹੇਰਿਆਂ ਤੇ ਗੀਤਾਂ ਦੇ ਬਨੇਰਿਆਂ 'ਤੇ*
*ਦੀਵਾ ਹਰਫ਼ਾਂ ਦਾ ਬਲਦਾ ਰਹੇ।*
*ਆਸ਼ਿਕ ਅਦੀਬ ਹੁੰਦੇ ਫੁੱਲਾਂ ਦੀਆਂ ਵਾਦੀਆਂ*
*ਇਹ ਵਾਦੀ ਸਦਾ ਵਸਦੀ ਰਹੇ।*

ਪੰਜਾਬੀਆਂ ਲਈ ਮੇਰਾ ਇਹ ਸੰਦੇਸ਼ ਹੈ :-

*ਮੇਰਾ ਮੁਰਸ਼ਦ ਬੁੱਲ੍ਹੇ ਸ਼ਾਹ ਹੋਵੇ*
*ਮੇਰੀ ਕਾਇਆ ਵਿਚ ਕਬੀਰ ਰਹੇ*
*ਮੇਰੀ ਰੂਹ ਰਵਿਦਾਸ ਦਾ ਰੂਪ ਰਹੇ*
*ਮੇਰੇ ਅੰਗ ਸੰਗ ਮੀਆਂ ਮੀਰ ਰਹੇ*
*ਮਨ ਮਸਤਕ ਵਿਚ ਮਰਦਾਨਾ ਹੈ*
*ਹਰ ਯੁੱਗ ਵਿਚ ਨਾਨਕ ਨਾਲ ਰਿਹਾ*
*ਜੋ ਦਰਦ ਪਛਾਣੇ ਰਾਤਾਂ ਦਾ*
*ਕੋਈ ਐਸਾ ਸੂਰਜ ਭਾਲ ਰਿਹਾ*
*ਹੋਵੇ ਹਰ ਹਰਫ਼ ਚਿਰਾਗ਼ ਜਿਹਾ*
*ਗੀਤਾਂ ਦੇ ਦੀਵੇ ਬਾਲ ਰਿਹਾ।* •

---

# ਖ਼ੁਸ਼ਹਾਲ ਜ਼ਿੰਦਗੀ ਜਿਊਣ ਦਾ ਸਲੀਕਾ

• ਜਸਪਾਲ ਸਿੰਘ ਨਾਗਰਾ
001-360-448-1989



ਹਰ ਕੰਮ ਕਰਨ ਦਾ ਸਲੀਕਾ ਹੁੰਦਾ ਹੈ। ਸਲੀਕੇ ਨਾਲ ਕੀਤਾ ਕੰਮ ਸ਼ੋਭਾ ਵਧਾ ਦਿੰਦਾ ਹੈ। ਜ਼ਿੰਦਗੀ ਜਿਊਣ ਦਾ ਵੀ ਸਲੀਕਾ ਹੀ ਹੁੰਦਾ ਹੈ, ਜਿਨ੍ਹਾਂ ਨੂੰ ਆ ਗਿਆ, ਉਹ ਵਧੀਆ ਅਤੇ ਲੰਮੀ ਜ਼ਿੰਦਗੀ ਜਿਉਂਦੇ ਹਨ। ਇਸ ਦਾ ਅਮੀਰੀ ਅਤੇ ਗਰੀਬੀ ਨਾਲ ਵੀ ਕੋਈ ਸਬੰਧ ਨਹੀਂ ਹੁੰਦਾ। ਇਹ ਹਰ ਇਕ ਦੇ ਮਨ ਦੀ ਮੌਜ ਹੈ। ਮੌਜ 'ਚ ਰਹਿਣਾ ਕੋਈ ਸੁਖਾਲਾ ਕੰਮ ਨਹੀਂ। ਆਪਣੀਆਂ ਇਛਾਵਾਂ ਨੂੰ ਕਾਬੂ ਹੇਠ ਲਿਆਉਣਾ ਪੈਂਦਾ ਹੈ। ਲੋਕਾਂ ਦਾ ਡਰ ਮਨ 'ਚੋਂ ਕੱਢਣਾ ਪੈਂਦਾ ਹੈ।

ਕਿਸੇ ਦੀ ਵੀ ਜ਼ਿੰਦਗੀ ਫੁੱਲਾਂ ਦੀ ਸੇਜ ਨਹੀਂ ਹੁੰਦੀ। ਇਹ ਦੁੱਖ-ਸੁੱਖ ਦਾ ਸੁਮੇਲ ਹੈ। ਸੁੱਖਾਂ ਵਿਚ ਕੋਠੇ ਚੜ੍ਹ ਕੇ ਨੱਚੋ ਨਾ, ਦੁੱਖ ਵੇਲੇ ਢੇਰੀ ਢਾਹ ਕੇ ਰੋਵੋ ਨਾ। ਦੁਨੀਆ 'ਚ ਕੁਝ ਵੀ ਸਦੀਵੀ ਨਹੀਂ ਹੁੰਦਾ। ਪਤਝੜ ਪਿੱਛੋਂ ਬਹਾਰ ਨੇ ਆਉਣਾ ਹੀ ਹੁੰਦਾ ਹੈ। ਰਾਤ ਮਗਰੋਂ ਚੜ੍ਹਨ ਲਈ ਦਿਨ ਖੜ੍ਹਾ ਹੀ ਹੁੰਦਾ ਹੈ। ਜ਼ਿੰਦਗੀ ਵਿਚ ਅਨੇਕਾਂ ਲੋਕਾਂ ਨਾਲ ਵਾਹ ਪੈਂਦਾ ਹੈ। ਸਾਰੇ ਤੁਹਾਡੇ ਹਮਦਰਦ ਨਹੀਂ ਹੁੰਦੇ ਅਤੇ ਨਾ ਹੀ ਸਾਰੇ ਦੁਸ਼ਮਣ। ਕੋਈ ਨਾ ਕੋਈ ਅਜਿਹਾ ਜ਼ਰੂਰ ਹੁੰਦਾ ਹੈ, ਜਿਹੜਾ ਤੁਹਾਡੀ ਖ਼ੁਸ਼ੀ ਅਤੇ ਸਲਾਮਤੀ ਲਈ ਦੁਆਵਾਂ ਕਰਦਾ ਹੋਵੇ। ਹੋ ਸਕਦਾ ਕਦੇ ਉਹ ਵੀ ਨਿੱਕੀ-ਮੋਟੀ ਗੱਲ ਤੋਂ ਮੂੰਹ ਵੱਟ ਜਾਵੇ। ਜੇ ਉਹ ਦਿਲੋਂ ਤੁਹਾਡਾ ਹੋਵੇਗਾ ਤਾਂ ਜਲਦ ਹੀ ਮੁੜ ਜ਼ਿੰਦਗੀ ਵਿਚ ਆ ਜਾਵੇਗਾ। ਤੁਹਾਡੀਆਂ ਰੁੱਸੀਆਂ ਖ਼ੁਸ਼ੀਆਂ ਦੁਬਾਰਾ ਆ ਦਸਤਕ ਦੇਣਗੀਆਂ। ਕਦੇ ਵੀ ਹਿੰਮਤ ਨਾ ਹਾਰੋ।

ਜ਼ਿੰਦਗੀ ਵਾਰ-ਵਾਰ ਨਹੀਂ ਮਿਲਦੀ। ਇਸ ਨੂੰ ਭੰਗ ਦੇ ਭਾੜੇ ਨਾ ਜਾਣ ਦਿਓ। ਦੂਜਿਆਂ ਦੀ ਅਮੀਰੀ ਦਾ ਭਾਰ ਆਪਣੇ ਦਿਲ 'ਤੇ ਨਾ ਪੈਣ ਦਿਓ। ਸੋਨੇ ਦੀਆਂ ਰੋਟੀਆਂ ਕੋਈ ਨਹੀਂ ਖਾਂਦਾ। ਰੁੱਖੀ-ਮਿੱਸੀ ਖਾ ਕੇ ਠੰਢਾ ਪਾਣੀ ਪੀਓ ਤੁੱਕ 'ਤੇ ਅਮਲ ਕਰੋ। ਚਿੰਤਾ-ਮੁਕਤ ਹੋ ਕੇ ਖਾਧਾ ਖਾਣਾ ਜ਼ਿਆਦਾ ਤੰਦਰੁਸਤੀ ਬਖ਼ਸ਼ਦਾ ਹੈ। ਨਕਾਰਾਤਮਕ ਸੋਚ ਰੱਖਣ ਵਾਲੇ ਲੋਕਾਂ ਤੋਂ ਦੂਰ ਰਹੋ। ਹਮੇਸ਼ਾ ਚੜ੍ਹਦੇ ਸੂਰਜ ਨੂੰ ਵੇਖੋ। ਰਮਣੀਕ ਥਾਵਾਂ 'ਤੇ ਘੁੰਮਣ ਜਾਓ। ਖਿੜੇ ਫੁੱਲਾਂ ਦੀ ਮਹਿਕ ਮਾਣੋ। ਕੁਦਰਤ ਦੇ ਨਜ਼ਾਰਿਆਂ ਨਾਲ ਇਕਮਿੱਕ ਹੋ ਕੇ ਜਿਊਣਾ ਸਿੱਖੋ। ਲੋੜਵੰਦਾਂ ਦੇ ਕੰਮ ਆਉਣ ਦੀ ਹਿੰਮਤ ਰੱਖੋ। ਬੀਤੇ ਸਮੇਂ 'ਤੇ ਝੂਰੋ ਨਾ, ਭਵਿੱਖ ਲਈ ਚਿੰਤਾਗ੍ਰਸਤ ਨਾ ਹੋਵੋ। ਵਰਤਮਾਨ ਵਿਚ ਜੀਵੋ।



ਜ਼ਿੰਦਗੀ ਵਾਰ-ਵਾਰ ਨਹੀਂ ਮਿਲਦੀ। ਇਸ ਨੂੰ ਭੰਗ ਦੇ ਭਾੜੇ ਨਾ ਜਾਣ ਦਿਓ। ਦੂਜਿਆਂ ਦੀ ਅਮੀਰੀ ਦਾ ਭਾਰ ਆਪਣੇ ਦਿਲ 'ਤੇ ਨਾ ਪੈਣ ਦਿਓ। ਸੋਨੇ ਦੀਆਂ ਰੋਟੀਆਂ ਕੋਈ ਨਹੀਂ ਖਾਂਦਾ। ਰੁੱਖੀ-ਮਿੱਸੀ ਖਾ ਕੇ ਠੰਢਾ ਪਾਣੀ ਪੀਓ ਤੁੱਕ 'ਤੇ ਅਮਲ ਕਰੋ। ਚਿੰਤਾ-ਮੁਕਤ ਹੋ ਕੇ ਖਾਧਾ ਖਾਣਾ ਜ਼ਿਆਦਾ ਤੰਦਰੁਸਤੀ ਬਖ਼ਸ਼ਦਾ ਹੈ। ਸਮਾਂ ਤੇਜ਼ੀ ਨਾਲ ਤਬਦੀਲ ਹੋ ਰਿਹਾ ਹੈ। ਖ਼ੁਦ ਨੂੰ ਸਮੇਂ ਮੁਤਾਬਕ ਜ਼ਰੂਰ ਢਾਲੋ...

ਸਮਾਂ ਤੇਜ਼ੀ ਨਾਲ ਤਬਦੀਲ ਹੋ ਰਿਹਾ ਹੈ। ਖ਼ੁਦ ਨੂੰ ਸਮੇਂ ਮੁਤਾਬਕ ਜ਼ਰੂਰ ਢਾਲੋ। ਰੂੜ੍ਹੀਵਾਦੀ ਵਿਚਾਰਾਂ 'ਚੋਂ ਬਾਹਰ ਨਿਕਲੋ। ਸਮੇਂ ਦੇ ਹਾਣੀ ਬਣੋ। ਸਮੇਂ ਦੀ ਕਦਰ ਕਰੋ। ਵੇਲੇ ਦਾ ਕੰਮ ਕੁਵੇਲੇ ਦੀਆਂ ਟੱਕਰਾਂ ਕਹਾਵਤ ਨੂੰ ਹਮੇਸ਼ਾ ਜ਼ਿਹਨ ਵਿਚ ਵਸਾਈ ਰੱਖੋ। ਵੱਡੀ ਖ਼ੁਸ਼ੀ ਦੀ ਆਸ ਵਿਚ ਨਿੱਕੀਆਂ-ਨਿੱਕੀਆਂ ਖ਼ੁਸ਼ੀਆਂ ਦੀ ਬਲੀ ਨਾ ਦਿਓ। ਮੌਕੇ ਮੁਤਾਬਿਕ ਇਨ੍ਹਾਂ ਨੂੰ ਜ਼ਰੂਰ ਮਾਣੋ। ਮਨ ਦੀ ਖ਼ੁਸ਼ੀ ਹੀ ਅਸਲ ਖ਼ੁਸ਼ੀ ਹੈ। ਬੋਲ-ਬਾਣੀ ਵਿਚ ਮਿਠਾਸ ਭਰੋ। ਕੌੜੇ ਬੋਲ ਬੋਲਣ ਤੋਂ ਗੁਰੇਜ਼ ਕਰੋ। ਕੌੜੇ ਬੋਲ ਸਾਹਮਣੇ ਵਾਲੇ ਦਾ ਹਿਰਦਾ ਉਸੇ ਵਕਤ ਛੱਲਣੀ ਕਰਦੇ ਹਨ, ਤੁਹਾਨੂੰ ਬਾਅਦ ਵਿਚ ਪ੍ਰੇਸ਼ਾਨ ਕਰਦੇ ਹਨ। ਪਹਿਲਾਂ ਤੋਲੋ, ਫੇਰ ਬੋਲੋ ਨੂੰ ਹਮੇਸ਼ਾ ਚੇਤੇ ਵਿਚ ਰੱਖੋ। ਦਿਲ ਨੂੰ ਖੁੱਲ੍ਹੀ ਕਿਤਾਬ ਨਾ ਬਣਨ ਦਿਓ। ਲੋਕ ਹਰ ਵਰਕੇ 'ਤੇ ਝਰੀਟਾਂ ਮਾਰ ਕੇ ਤੁਰਦੇ ਬਣਨਗੇ। ਇਨ੍ਹਾਂ ਝਰੀਟਾਂ ਨੂੰ ਮਿਟਾਉਣ ਵਾਲੀ ਅਜੇ ਤਕ ਕੋਈ ਰਬੜ ਨਹੀਂ ਬਣੀ। ਦਿਲ ਦੀ ਇਬਾਰਤ ਪੜ੍ਹਨਾ ਜਣੇ-ਖਣੇ ਦਾ ਕੰਮ ਨਹੀਂ। ਅਜਿਹਾ ਵੀ ਨਹੀਂ ਕਿ ਕੋਈ ਪੜ੍ਹ ਹੀ ਨਾ ਸਕੇ। ਕੋਈ ਨਾ ਕੋਈ ਪੜ੍ਹਨ ਵਾਲਾ ਜ਼ਿੰਦਗੀ ਵਿਚ ਜ਼ਰੂਰ ਆਉਂਦਾ ਹੈ। ਜਿਹੜਾ ਆ ਗਿਆ, ਉਸ ਨਾਲ ਆਪਣੇ ਦਿਲ ਦੀਆਂ ਗੱਲਾਂ ਕਰੋ। ਕੁਝ ਉਹਦੀਆਂ ਸੁਣੋ, ਕੁੱਝ ਆਪਣੀਆਂ ਸੁਣਾਓ। ਮਨ ਸ਼ਾਂਤ ਹੋਵੇਗਾ। ਸ਼ਾਂਤ ਮਨ 'ਚੋਂ ਖ਼ੁਸ਼ੀ ਦੀਆਂ ਲਹਿਰਾਂ ਉਪਜਣਗੀਆਂ। ਖ਼ੁਸ਼ੀ ਦੀਆਂ ਲਹਿਰਾਂ ਖੁਸ਼ਹਾਲ ਜ਼ਿੰਦਗੀ ਦਾ ਆਧਾਰ ਬਣਦੀਆਂ ਹਨ।

ਲੋਕਾਂ ਦੇ ਮਹਿਲ-ਮੁਨਾਰੇ ਨਾ ਵੇਖੋ। ਆਪਣੀ ਕੁੱਲੀ ਨੂੰ ਹੀ ਤਾਜ ਮਹਿਲ ਸਮਝੋ। ਆਪਣੇ ਜੀਵਨ ਵਿਚ ਚੰਗੀਆਂ ਕਿਤਾਬਾਂ ਪੜ੍ਹੋ। ਚੰਗੇ ਵਿਚਾਰ ਰੱਖੋ। ਕਿਸੇ ਨਾਲ ਭੁੱਲ ਕੇ ਵੀ ਖਾਰ ਨਾ ਖਾਓ। ਕਿਸੇ ਦਾ ਮਾੜਾ ਨਾ ਸੋਚੋ। ਚੰਗੀ ਸੋਚ ਸਰੀਰ ਵਿਚ ਚੰਗੇ ਰਸ ਪੈਦਾ ਕਰਦੀ ਹੈ। ਚੰਗੇ ਰਸ ਜ਼ਿੰਦਗੀ ਨੂੰ ਰਸਮਈ ਬਣਾਉਂਦੇ ਹਨ। ਰਸਮਈ ਜ਼ਿੰਦਗੀ ਹੀ ਖੁਸ਼ਹਾਲ ਜ਼ਿੰਦਗੀ ਹੈ। ਕੰਮ ਵਾਲੀ ਜਗ੍ਹਾ 'ਤੇ ਵਕਤ ਤੋਂ ਪਹਿਲਾਂ ਪਹੁੰਚੋ। ਅਨੁਸ਼ਾਸਨ 'ਚ ਰਹੋ। ਹਰ ਚੀਜ਼ ਥਾਂ ਸਿਰ ਰੱਖੋ। ਹਫੜਾ-ਦਫੜੀ ਤੋਂ ਬਚੋ। ਪਰਿਵਾਰ ਨੂੰ ਸਮਾਂ ਦਿਓ। ਖਾਣਾ ਇਕੱਠੇ ਬੈਠ ਕੇ ਖਾਓ। ਦਿਨ ਵਿਚ ਵਾਪਰੀਆਂ ਘਟਨਾਵਾਂ ਸਾਂਝੀਆਂ ਕਰੋ। ਕਿਸੇ ਦੀ ਨੁਕਤਾਚੀਨੀ ਤੋਂ ਬਚੋ। ਆਪਸ ਵਿਚ ਹਾਸਾ-ਠੱਠਾ ਕਰੋ। ਘਰ ਵਿਚ ਸਭ ਦੀ ਸੁਣੋ।

ਆਪਣੀ ਜ਼ਿੰਦਗੀ ਆਪਣੇ ਮੁਤਾਬਿਕ ਜੀਓ। ਦੂਜਿਆਂ ਨੂੰ ਆਪਣੇ ਵਰਗੇ ਬਣਾਉਣ ਦੀ ਕੋਸ਼ਿਸ਼ ਨਾ ਕਰੋ। ਦੂਜੇ ਤੁਹਾਨੂੰ ਕੀ ਕਹਿੰਦੇ ਹਨ, ਪ੍ਰਵਾਹ ਨਾ ਕਰੋ। ਮਸਤ ਮੌਲਾ ਬਣੇ ਰਹੋ। ਖਰਚ ਸੰਜਮ ਨਾਲ ਕਰੋ। ਚਾਦਰ ਵੇਖ ਕੇ ਪੈਰ ਪਸਾਰੋ। ਜੋ ਚੰਗਾ ਲਗਦਾ ਖਾਓ, ਜੋ ਚੰਗਾ ਲਗਦਾ ਪਹਿਨੋ। ਆਪਣੇ ਕੈਪਟਨ ਆਪ ਬਣੋ। ਸਹੀ ਰਾਹ ਚੁਣੋ। ਕਾਹਲੇਪਨ ਤੋਂ ਬਚੋ। ਇਰਾਦੇ ਦ੍ਰਿੜ੍ਹ ਬਣਾਓ। ਲਾਈਲੱਗ ਕਦੇ ਨਾ ਬਣੋ। ਹਮੇਸ਼ਾ ਆਪਣਾ ਦਿਮਾਗ਼ ਵਰਤੋ। ਇਹ ਸਾਰਾ ਕੁਝ ਖ਼ੁਸ਼ਹਾਲ ਜ਼ਿੰਦਗੀ ਦਾ ਮੂਲ ਹੈ। ਖ਼ੁਸ਼ ਰਹੋ, ਦੂਜਿਆਂ ਨੂੰ ਵੀ ਖ਼ੁਸ਼ ਰੱਖੋ। ਜ਼ਿੰਦਗੀ ਥੋੜ੍ਹਚਿਰੀ ਹੈ। ਇਸ ਦਾ ਦਾ ਇਕ ਇਕ ਪਲ ਮਾਣੋ। ਵਕਤ ਬੀਤਣ ਮਗਰੋਂ ਪੱਲੇ ਪਛਤਾਵਾ ਹੀ ਪੈਂਦਾ ਹੈ। ਖ਼ੁਸ਼ਹਾਲ ਜ਼ਿੰਦਗੀ ਹੀ ਅਸਲ ਜ਼ਿੰਦਗੀ ਹੈ। •

---

# ਆਸਾਨ ਨਹੀਂ ਹੈ ਖ਼ੁਸ਼ ਰਹਿਣਾ

• ਮੋਨਿਕਾ ਗੋਇਲ
9872992117



ਇਹ ਗੱਲ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਅੱਜ-ਕੱਲ੍ਹ ਦੀ ਦੁਨੀਆ 'ਚ ਖ਼ੁਸ਼ ਰਹਿਣਾ ਆਸਾਨ ਨਹੀਂ ਹੈ। ਅੱਜ-ਕੱਲ੍ਹ ਹਰ ਬੰਦਾ ਪਰੇਸ਼ਾਨ ਹੈ। ਪਰੇਸ਼ਾਨੀਆਂ ਨੇ ਜੀਵਨ ਦੀਆਂ ਖ਼ੁਸ਼ੀਆਂ ਨੂੰ ਖ਼ਤਮ ਨਹੀਂ ਤਾਂ ਘੱਟ ਬਹੁਤ ਕਰ ਦਿੱਤਾ ਹੈ। ਕਿਸੇ ਨੂੰ ਕੰਮ ਧੰਦੇ ਦੀ ਟੈਨਸ਼ਨ ਹੈ ਤੇ ਕਿਸੇ ਨੂੰ ਕੋਈ ਹੋਰ। ਅੱਜ-ਕੱਲ੍ਹ ਹਰ ਇਕ ਦੇ ਦਿਮਾਗ਼ ਵਿਚ ਨੈਗੇਟਿਵ ਵਿਚਾਰ ਹੀ ਜ਼ਿਆਦਾ ਆਉਂਦੇ ਹਨ। ਕੁਝ ਤਾਂ ਮਾਹੌਲ ਦਾ ਵੀ ਅਸਰ ਹੈ। ਮਾਹੌਲ ਇੰਨਾ ਨੈਗੇਟਿਵ ਹੋ ਚੁੱਕਾ ਹੈ ਕਿ ਇਨਸਾਨ ਖ਼ੁਸ਼ ਰਹਿਣ ਦਾ ਤਰੀਕਾ ਭੁੱਲ ਚੁੱਕਾ ਹੈ। ਜੇਕਰ ਟੀਵੀ ਦੀਆਂ ਖ਼ਬਰਾਂ ਦੇਖ ਲਓ ਜਾਂ ਅਖ਼ਬਾਰਾਂ 'ਚ, ਨੈਗੇਟਿਵ ਨਿਊਜ਼ ਹੀ ਜ਼ਿਆਦਾ ਹੁੰਦੀਆਂ ਹਨ। ਕੋਈ ਆਫਿਸ ਜਾਂ ਕਿਸੇ ਸੰਸਥਾ ਵਿਚ ਵੀ ਕੋਈ ਵੀ ਇਕ-ਦੂਜੇ ਨੂੰ ਸੁਖੀ ਦੇਖ ਕੇ ਖ਼ੁਸ਼ ਨਹੀਂ ਹੁੰਦਾ।

ਕੋਈ ਜੇਕਰ ਖ਼ੁਸ਼ ਰਹਿਣ ਦੀ ਕੋਸ਼ਿਸ਼ ਕਰਦਾ ਹੈ ਤਾਂ ਹਰ ਕੋਈ ਇਹੀ ਸੋਚਦਾ ਹੈ ਕਿ ਇਹ ਬੰਦਾ ਇੰਨਾ ਸੌਖਾ ਕਿਉਂ ਹੈ? ਇਥੋਂ ਤਕ ਕਿ ਪਤੀ-ਪਤਨੀ 'ਚ ਵੀ ਮੁਕਾਬਲਾ ਜਿਹਾ ਦੇਖਿਆ ਜਾ ਸਕਦਾ ਹੈ। ਜੇਕਰ ਘਰੇ ਪਤਨੀ ਕੋਈ ਕੰਮ ਵਾਲੀ ਲਗਾ ਲਵੇ ਤਾਂ ਪਤੀ ਸੋਚਦਾ ਹੈ ਕਿ ਇਸ ਨੂੰ ਤਾਂ ਕੋਈ ਕੰਮ ਹੀ ਨਹੀਂ ਹੈ, ਇਹ ਤਾਂ ਸਾਰਾ ਦਿਨ ਵਿਹਲੀ ਬੈਠ ਕੇ ਖਾਂਦੀ ਰਹਿੰਦੀ ਹੈ। ਇਸੇ ਤਰ੍ਹਾਂ ਜੇਕਰ ਪਤਨੀ ਜ਼ਿਆਦਾ ਕਮਾ ਕੇ ਲਿਆਵੇ ਤਾਂ ਉਹ ਸੋਚਦੀ ਹੈ ਕਿ ਮੇਰਾ ਪਤੀ ਤਾਂ ਕੁਝ ਨਹੀਂ ਕਰਦਾ, ਸਾਰਾ ਕੁਝ ਤਾਂ ਮੈਂ ਕਰਦੀ ਹਾਂ। ਮਤਲਬ ਕਿਸੇ ਨੂੰ ਕਿਸੇ ਦਾ ਸੁੱਖ ਬਰਦਾਸ਼ਤ ਨਹੀਂ ਹੈ। ਕੋਈ ਕਿਸੇ ਨੂੰ ਸੁਖੀ ਦੇਖ ਕੇ ਰਾਜ਼ੀ ਨਹੀਂ ਹੈ। ਅਜਿਹੇ ਮਾਹੌਲ ਵਿਚ ਖ਼ੁਸ਼ ਰਹਿਣਾ ਸੌਖਾ ਨਹੀਂ ਹੈ। ਕਈ ਲੋਕ ਤਾਂ ਇਸ ਨੈਗੇਟਿਵ ਵਾਤਾਵਰਨ ਤੋਂ ਦੁਖੀ ਹੋ ਕੇ ਆਤਮ-ਹੱਤਿਆ ਤਕ ਕਰ ਲੈਂਦੇ ਹਨ। ਇਕ ਦੂਜੇ ਨੂੰ ਬਰਦਾਸ਼ਤ ਕਰਨ ਦੀ ਸਮਰੱਥਾ ਕਿੰਨੀ ਘਟ ਗਈ ਹੈ। ਅੱਜ-ਕੱਲ੍ਹ ਨਰਮ ਬੰਦੇ ਦੀ ਤਾਂ ਕਿਤੇ ਵੀ ਕੋਈ ਸੁਣਵਾਈ ਨਹੀਂ ਹੈ।

ਪਰੇਸ਼ਾਨੀਆਂ ਨੇ ਜੀਵਨ ਦੀਆਂ ਖ਼ੁਸ਼ੀਆਂ ਨੂੰ ਖ਼ਤਮ ਨਹੀਂ ਤਾਂ ਘੱਟ ਬਹੁਤ ਕਰ ਦਿੱਤਾ ਹੈ। ਕਿਸੇ ਨੂੰ ਕੰਮ ਧੰਦੇ ਦੀ ਟੈਨਸ਼ਨ ਤੇ ਕਿਸੇ ਨੂੰ ਕੋਈ। ਅੱਜ-ਕੱਲ੍ਹ ਹਰ ਇਕ ਦੇ ਦਿਮਾਗ਼ 'ਚ ਨਕਾਰਾਤਮਕ ਵਿਚਾਰ ਹੀ ਆਉਂਦੇ ਹਨ...



ਬਹੁਤ ਵਾਰ ਅਜਿਹਾ ਹੁੰਦਾ ਹੈ ਕਿ ਨਰਮ ਬੰਦਾ ਹਰ ਥਾਂ 'ਤੇ ਮਾਰ ਹੀ ਖਾਂਦਾ ਹੈ। ਨਰਮ ਕੁੜੀਆਂ ਨਾਲ ਕਈ ਵਾਰ ਸਹੁਰੇ ਪਰਿਵਾਰ ਵੱਲੋਂ ਵੀ ਮਾੜਾ ਵਰਤਾਓ ਕੀਤਾ ਜਾਂਦਾ ਹੈ। ਕਈ ਵਾਰ ਬਜ਼ੁਰਗਾਂ ਦੇ ਗ਼ਲਤ ਫ਼ੈਸਲਿਆਂ ਦਾ ਨਤੀਜਾ ਉਨ੍ਹਾਂ ਦੇ ਬੱਚਿਆਂ ਨੂੰ ਭੁਗਤਣਾ ਪੈਂਦਾ ਹੈ।

ਕੁੱਝ ਲੋਕ ਘਰ ਜਾਂ ਕੰਮ ਕਰਨ ਵਾਲੀ ਥਾਂ 'ਤੇ ਚੰਗਾ ਮਾਹੌਲ ਨਾ ਮਿਲਣ ਕਰਕੇ ਆਪਸ ਵਿਚ ਤਾਲਮੇਲ ਨਹੀਂ ਬਿਠਾ ਪਾਉਂਦੇ, ਇਹੀ ਕਾਰਨ ਹੈ ਕਿ ਉਹ ਆਪਣੇ ਕੰਮ 'ਚ ਚੰਗਾ ਪ੍ਰਦਰਸ਼ਨ ਨਹੀਂ ਕਰ ਪਾਉਂਦੇ। ਜੇਕਰ ਘਰ ਵਿਚ ਜਾਂ ਕੰਮ ਕਰਨ ਵਾਲੀ ਥਾਂ 'ਤੇ ਮਾਹੌਲ ਸੁਖਾਵਾਂ ਨਹੀਂ ਹੈ ਤਾਂ ਇਨਸਾਨ ਖ਼ੁਸ਼ ਨਹੀਂ ਰਹਿ ਸਕਦਾ। ਖ਼ੁਸ਼ ਰਹਿਣ ਲਈ ਘਰ ਤੇ ਕੰਮ ਕਰਨ ਵਾਲੀ ਥਾਂ 'ਤੇ ਮਾਹੌਲ ਸੁਖਾਵਾਂ ਹੋਣਾ ਬਹੁਤ ਜ਼ਰੂਰੀ ਹੈ। •

---

## ਪੁਸਤਕ ਚਰਚਾ

ਜੁਗਰਾਜ ਸਿੰਘ ਚੀਮਾ ਪੰਜਾਬੀ ਕਾਵਿ ਖੇਤਰ 'ਚ ਉਭਰਦਾ ਨਾਂ ਹੈ। ਉਹ ਜ਼ਿੰਦਗੀ ਨਾਲ ਜੁੜੇ ਸਰੋਕਾਰਾਂ ਨੂੰ ਮੁਖ਼ਾਤਬ ਹੈ। 'ਖ਼ਾਬ ਤੋਂ ਕਿਤਾਬ ਤਕ' ਦੇਖਣ ਨੂੰ ਭਾਵੇਂ ਇਕ ਕਵਿਤਾ ਦੀ ਕਿਤਾਬ ਦਾ ਨਾਂ ਲੱਗਦਾ ਹੈ ਪਰ ਜਦੋਂ ਇਸ ਕਿਤਾਬ ਦਾ ਅਧਿਐਨ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਜੇ ਕਿਸੇ ਨੂੰ ਸੁਪਨੇ ਤੋਂ ਹਕੀਕਤ ਤਕ ਦੀ ਜੁਗਤ, ਰੋਮਾਂਚਕਾਰੀ ਤੋਂ ਅਸਲੀਅਤ ਤਕ ਦੀ ਜੁਗਤ, ਬੇਤਰਤੀਬੀ ਤੋਂ ਤਰਤੀਬਤਾ ਵਾਲੀ ਜੁਗਤ ਜਾਂ ਝੂਠ ਤੋਂ ਸੱਚ ਦੀ ਜੁਗਤ ਜਾਣਨੀ ਹੋਵੇ ਤਾਂ ਜਾਣੀ ਜਾ ਸਕਦੀ ਹੈ। ਇਸ ਕਿਤਾਬ ਵਿਚ ਕਵੀ ਨੇ ਜਿੱਥੇ ਬੇਰੁਜ਼ਗਾਰੀ, ਸੱਚ ਅਤੇ ਪੰਜਾਬ ਦੇ ਮੌਜੂਦਾ ਹਾਲਾਤ ਦਾ ਜ਼ਿਕਰ ਕੀਤਾ ਹੈ ਜਾਂ ਕਿਸੇ ਵੀ ਹੋਰ ਮਸਲੇ ਨੂੰ ਛੂਹਿਆ ਹੈ। ਉਹ ਪੂਰੀ ਤਰ੍ਹਾਂ ਤਾਂ ਨਹੀਂ ਪਰ ਕਾਫ਼ੀ ਕਾਮਯਾਬੀ ਨਾਲ ਛੂਹਿਆ ਹੈ। ਮਿਸਾਲ ਵਜੋਂ ਉਸ ਨੇ ਆਸ਼ਕ (ਪੰਨਾ ਨੰ 15) ਕਵਿਤਾ ਰਾਹੀਂ ਜ਼ਿੰਦਗੀ ਦੇ ਕਈ ਅਹਿਮ ਪੱਖਾਂ ਨੂੰ ਬੜੀ ਕਾਬਲੀਅਤ ਨਾਲ ਸਿਰਜਣਾਤਮਕ ਰੂਪ ਦਿੱਤਾ ਹੈ ਜਿਵੇਂ—

*ਆਸ਼ਕ ਹਾਂ ਚੋਰ ਨਹੀਂ,*
*ਚੁੱਪ ਹਾਂ ਕਮਜ਼ੋਰ ਨਹੀਂ,*
*ਬਾਜ਼ ਹਾਂ ਮੋਰ ਨਹੀਂ,*
*ਪੱਥਰ ਹਾਂ ਥੋਰ ਨਹੀਂ,*
*ਵਕਤ ਹਾਂ ਦੌਰ ਨਹੀਂ,*
*ਉਪਜਾਊ ਹਾਂ ਔੜ ਨਹੀਂ।*

ਉਹ ਸਮੇਂ ਨਾਲ ਬਦਲ ਰਹੇ ਰਿਸ਼ਤਿਆਂ, ਡਿੱਗ ਰਹੀਆਂ ਕਦਰਾਂ-ਕੀਮਤਾਂ ਤੇ ਪਿਆਰ-ਮੁਹੱਬਤ ਦੀਆਂ ਕਮਜ਼ੋਰ ਹੋ ਰਹੀਆਂ ਤੰਦਾਂ ਨੂੰ ਉਹ ਆਪਣੀ ਸਿਰਜਣਾ ਦਾ ਆਧਾਰ ਬਣਾਉਂਦਾ ਹੈ। ਕਵੀ ਕੋਲ ਪੇਂਡੂ ਸ਼ਬਦਾਵਲੀ ਅਤੇ ਲੋਕ ਮੁਹਾਵਰਿਆਂ ਦਾ ਚੋਖਾ ਭੰਡਾਰ ਹੈ, ਜਿਨ੍ਹਾਂ ਨੂੰ ਉਹ ਆਪਣੀ ਲੇਖਣੀ 'ਚ ਵਰਤ ਕੇ ਕਵਿਤਾ ਜਾਂ ਸਹਿਜਤਾ ਲਿਆਉਂਦਾ ਹੈ।





ਕਿਤਾਬ ਦੇ ਆਖ਼ਰੀ ਹਿੱਸੇ 'ਚ ਕੁਝ ਕਾਵਿ ਰਚਨਾਵਾਂ ਅਜਿਹੀਆਂ ਵੀ ਹਨ, ਜਿਨ੍ਹਾਂ 'ਤੇ ਮੌਜੂਦਾ ਸਤਹੀ ਪੱਧਰ ਦੀ ਪੰਜਾਬੀ ਗਾਇਕੀ ਦਾ ਪ੍ਰਭਾਵ ਜਾਪਦਾ ਹੈ। ਅਜਿਹੀਆਂ ਗੱਲਾਂ ਨੂੰ ਅਣਗੌਲਿਆ ਕਰ ਕੇ ਇਹ ਗੱਲ ਆਖੀ ਜਾ ਸਕਦੀ ਹੈ ਕਿ ਜੁਗਰਾਜ ਸਿੰਘ ਚੀਮਾ ਅੰਦਰ ਕਮਾਲ ਦੀ ਸਿਰਜਣਾਤਮਕ ਸਮਰਥਾ ਹੈ। ਨਿਸ਼ਚੇ ਹੀ ਇਹ ਨੌਜਵਾਨ ਪੰਜਾਬੀ ਸ਼ਾਇਰ ਪੰਜਾਬੀ ਕਾਵਿ ਜਗਤ ਵਿਚ ਇਕ ਦਿਨ ਚੰਗੇ ਮਾਅਰਕੇ ਮਾਰੇਗਾ।

• ਹਰਮੀਤ ਸਿੰਘ ਅਟਵਾਲ

ਸਵਰਨਜੀਤ ਸਵੀ ਪੰਜਾਬੀ ਕਾਵਿ-ਸਾਹਿਤ ਦਾ ਨਾਮਵਰ ਹਸਤਾਖ਼ਰ ਹੈ। ਊਰੀ ਉਸ ਦੀ ਨਵੀਂ ਕਾਵਿ ਪੁਸਤਕ ਹੈ। ਸਵੀ ਇਨਸਾਨੀ ਜ਼ਿੰਦਗੀ ਨੂੰ ਊਰੀ ਦੀ ਤੁਲਨਾ ਦਿੰਦਾ ਹੋਇਆ ਲਿਖਦਾ ਹੈ ਕਿ ਜਿਵੇਂ ਊਰੀ ਦੀ ਘੁੰਮਣਘੇਰੀ ਨਿਰੰਤਰ ਅਤੇ ਅੰਤਹੀਣ ਹੈ, ਬਿਲਕੁਲ ਉਸੇ ਤਰ੍ਹਾਂ ਇਨਸਾਨੀ ਜੀਵਨ ਧਾਰਾ ਵੀ ਨਿਰੰਤਰ ਵਹਿਣ ਵਾਲੀ ਧਾਰਾ ਹੈ। ਧਾਰਾ ਰੁਕੀ ਤਾਂ ਸਮਝੋ ਜੀਵਨ ਖ਼ਤਮ। ਚਰਚਾ ਅਧੀਨ ਪੁਸਤਕ ਵਿਚ ਕਵੀ ਨੇ ਇਨਸਾਨੀ ਜ਼ਿੰਦਗੀ ਦੇ ਹਰ ਰੰਗ ਨੂੰ ਬਾਰੀਕੀ ਨਾਲ ਬਿਆਨਿਆ ਹੈ। ਕਵਿਤਾ ਯਾਦ 'ਚ ਸਵੀ ਸੱਭਿਅਤਾ ਦੇ ਅਤੀਤ ਦੀਆਂ ਯਾਦਾਂ ਦਾ ਬੜੀ ਬਾਰੀਕੀ ਨਾਲ ਵਰਨਨ ਕਰਦਾ ਹੈ। ਮਨੁੱਖੀ ਸੱਭਿਅਤਾ ਦੇ ਵਿਕਾਸ ਦੀਆਂ ਗੱਲਾਂ ਕਰਦਿਆਂ ਸਵੀ ਵੱਲੋਂ ਲਿਖੇ ਸ਼ਬਦ "ਅਰਬਾਂ ਵਰ੍ਹੇ ਲੱਗੇ, ਐਨਐਰੋਬਿਕ ਤੋਂ ਐਰੋਬਿਕ ਹੁੰਦਿਆਂ, ਹਿਮ ਤੋਂ ਅਮੀਬਾ ਹੁੰਦਿਆਂ।" ਆਮ ਪਾਠਕ ਲਈ ਸਮਝ ਸਕਣਾ ਬਹੁਤ ਮੁਸ਼ਕਲ ਹੈ। ਪੁਸਤਕ ਦੀਆਂ ਸਾਰੀਆਂ ਕਵਿਤਾਵਾਂ ਇਕ ਤਰ੍ਹਾਂ ਪਾਠਕ ਦੀ ਸਮਝ ਦੀ ਪਰਖ ਕਰਦੀਆਂ ਹਨ। ਇਹ ਸਮਝ ਕਵਿਤਾ ਨੂੰ ਸਮਝਣ 'ਚ ਵੀ ਹੋ ਸਕਦੀ ਹੈ ਤੇ ਕਵੀ ਵੱਲੋਂ ਉਠਾਏ ਸਵਾਲਾਂ ਨੂੰ ਸਮਝਣ 'ਚ ਵੀ।

ਸਵੀ ਮਨੁੱਖੀ ਸੱਭਿਅਤਾ ਦੇ ਵਿਕਾਸ ਤੇ ਕੁਦਰਤ ਦੀਆਂ ਗੱਲਾਂ ਕਰਨ ਦੇ ਨਾਲ-ਨਾਲ ਸਮਾਜ 'ਚ ਵਿਆਪਕ ਹੋ ਰਹੇ ਨਸ਼ਿਆਂ ਦੇ ਪਸਾਰੇ ਸਮੇਤ ਹੋਰ ਸਮੱਸਿਆਵਾਂ 'ਤੇ ਵੀ ਬਾਖ਼ੂਬੀ ਉਂਗਲ ਧਰਦਾ ਹੈ। ਉਹ ਲਿਖਦਾ ਹੈ-





*ਦੂਰ ਨਹੀਂ*
*ਆਸ-ਪਾਸ ਹੀ ਹਾਂ ਤੇਰੇ*
*ਆਸਾਨੀ ਨਾਲ ਮਿਲ ਜਾਣਾ*
*ਸਕੂਲ-ਕਾਲਜ, ਗਲੀ ਗੁਆਂਢੋਂ*
*ਚੌਕੀ ਨੇਤਾ ਜਾਂ ਉਸ ਦੇ ਝੋਲੀ ਚੁੱਕ ਤੋਂ।*

ਸਵੀ ਨੂੰ ਪੰਜਾਬੀ ਸੱਭਿਆਚਾਰ 'ਚ ਆ ਰਿਹਾ ਵਿਗਾੜ ਵੀ ਕਾਫੀ ਪਰੇਸ਼ਾਨ ਕਰ ਰਿਹਾ ਹੈ। ਪੁਸਤਕ ਦੀਆਂ ਬਹੁਗਿਣਤੀ ਕਵਿਤਾਵਾਂ 'ਚ ਅੰਗਰੇਜ਼ੀ ਸ਼ਬਦਾਂ ਦਾ ਹੋਇਆ ਇਸਤੇਮਾਲ ਸ਼ਾਇਦ ਸਵੀ ਦੇ ਖਿਆਲ ਪ੍ਰਗਟਾਵੇ ਦੀ ਮਜਬੂਰੀ ਹੋਵੇਗੀ ਪਰ ਇਹ ਵਰਤਾਰਾ ਪੁਸਤਕ ਨੂੰ ਆਮ ਪਾਠਕ ਦੀ ਪਹੁੰਚ ਤੋਂ ਦੂਰ ਕਰਦਾ ਹੈ।

• ਬਿੰਦਰ ਸਿੰਘ ਖੁੱਡੀ ਕਲਾਂ

ਸੁਰਿੰਦਰਪਾਲ ਸਿੰਘ ਕਾਵੈਂਟਰੀ ਇੰਗਲੈਂਡ ਦੀ ਧਰਤੀ 'ਤੇ ਰਹਿ ਕੇ ਪੰਜਾਬੀ ਪ੍ਰਤੀ ਆਪਣੇ ਮੋਹ ਸਦਕਾ ਪੰਜਾਬੀ ਸਾਹਿਤ ਨਾਲ ਬਹੁਤ ਨੇੜਿਓਂ ਜੁੜਿਆ ਹੋਇਆ ਹੈ। ਇਸ ਸ਼ਾਇਰ ਦੀ ਪਲੇਠੀ ਕਾਵਿ-ਪੁਸਤਕ 'ਰੂਹ ਦਾ ਸੇਕ' ਪੰਜਾਬੀ ਕਵਿਤਾ ਦੀ ਮਹੱਤਵਪੂਰਨ ਪ੍ਰਾਪਤੀ ਵਜੋਂ ਦੇਖੀ ਜਾ ਸਕਦੀ ਹੈ। ਅਜੋਕੇ ਸਮਿਆਂ ਵਿਚ ਬਹੁਤ ਸਾਰਾ ਸਾਹਿਤ ਰਚਿਆ ਜਾ ਰਿਹਾ ਹੈ ਤੇ ਛਪ ਵੀ ਰਿਹਾ ਹੈ ਪਰ ਬਹੁਤ ਘੱਟ ਪੁਸਤਕਾਂ ਹੁੰਦੀਆਂ ਹਨ, ਜੋ ਪਾਠਕਾਂ ਦੇ ਮਨ ਵਿਚ ਆਪਣੀ ਛਾਪ ਛੱਡਦੀਆਂ ਹਨ, ਕਿਉਂਕਿ ਸਾਹਿਤ ਸਿਰਜਣਾ ਕੋਈ ਆਮ ਸਾਧਾਰਨ ਵਰਤਾਰਾ ਨਹੀਂ। ਇਸ ਲਈ ਸਾਹਿਤਕਾਰ ਕੋਲ ਇਕ ਨਿਵੇਕਲੀ ਦ੍ਰਿਸ਼ਟੀ ਤੇ ਮਾਨਵਵਾਦੀ ਨਜ਼ਰੀਏ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਉਸ ਨੂੰ ਇਸ ਗੱਲ ਦੀ ਸਮਝ ਵੀ ਲਾਜ਼ਮੀ ਹੈ ਕਿ ਉਹ ਕੀ ਲਿਖ ਰਿਹਾ ਹੈ ਤੇ ਕਿਉਂ ਲਿਖ ਰਿਹਾ ਹੈ। ਇਸ ਸ਼ਾਇਰ ਦੀ ਪੁਸਤਕ ਨੇ ਇਸੇ ਲਈ ਮੇਰਾ ਧਿਆਨ ਖਿੱਚਿਆ, ਕਿਉਂਕਿ ਸੁਰਿੰਦਰ ਪਾਲ ਨੂੰ ਇਸ ਗੱਲ ਦਾ ਪਤਾ ਹੈ ਕਿ ਉਸ ਨੇ ਆਪਣੀ ਕਲਮ ਨੂੰ ਕਿਵੇਂ ਅਤੇ ਕਿਸ ਕਾਰਜ ਲਈ ਵਰਤਣਾ ਹੈ। ਇਸ ਸੰਗ੍ਰਹਿ ਵਿਚ ਪ੍ਰਵੇਸ਼ ਕਰਦਿਆਂ ਹੀ ਇਹ ਸਤਰਾਂ ਕਵੀ ਦੇ ਕਾਵਿ-ਦ੍ਰਿਸ਼ਟੀਕੋਣ ਦਾ ਪਤਾ ਦੇ ਦਿੰਦੀਆਂ ਹਨ,

*ਜੇ ਮਿਆਰੀ ਗੱਲ ਹੋਵੇ ਤਾਂ ਲਿਖਾਂ*
*ਜੇ ਅਗੇਰੇ ਚੱਲ ਹੋਵੇ ਤਾਂ ਲਿਖਾਂ*





ਜਦੋਂ ਸ਼ਾਇਰ ਨੂੰ ਇਸ ਗੱਲ ਦੀ ਸਮਝ ਆ ਜਾਵੇ ਤਾਂ ਉਸ ਲਈ ਕਾਵਿ-ਸਿਰਜਣਾ ਇਕ ਇਬਾਦਤ ਬਣ ਜਾਂਦੀ ਹੈ।

ਇਸ ਸੰਗ੍ਰਹਿ ਦੀਆਂ ਕਵਿਤਾਵਾਂ ਸੱਚਮੁੱਚ ਇਕ ਇਬਾਦਤ ਵਾਂਗ ਹਨ। ਕਵੀ ਇਹ ਗੱਲ ਜਾਣਦਾ ਹੈ ਕਿ ਸ਼ਬਦਾਂ ਦੀ ਸੁਚੱਜੀ ਵਰਤੋਂ ਕਿਵੇਂ ਕਰਨੀ ਹੈ ਤੇ ਉਨ੍ਹਾਂ ਨੂੰ ਕਿਸ ਉਦੇਸ਼ ਲਈ ਵਰਤਣਾ ਹੈ। ਇਸ ਸੰਗ੍ਰਹਿ ਵਿਚ ਕਵੀ ਨੇ ਕਵਿਤਾ ਦੀਆਂ ਅਨੇਕ ਵੰਨਗੀਆਂ ਨੂੰ ਸ਼ਾਮਿਲ ਕੀਤਾ ਹੈ ਪਰ ਉਸ ਨੇ ਆਪਣੀ ਕਾਵਿ-ਸੁਹਿਰਦਤਾ ਨੂੰ ਕੀਤੇ ਵੀ ਭੰਗ ਨਹੀਂ ਹੋਣ ਦਿੱਤਾ। ਕਿਤਾਬ ਦੀ ਦਿਖ ਵੀ ਵਧੀਆ ਹੈ। ਮੈਂ ਇਸ ਪੁਸਤਕ ਦਾ ਤਹਿ ਦਿਲੋਂ ਸਵਾਗਤ ਕਰਦਾ ਹਾਂ।

• ਡਾ. ਅਮਰਜੀਤ ਕੌਂਕੇ

ਹਰਦੀਪ ਸਿੰਘ ਦਮੇਸ਼ਾ (ਪਾਗਲ) ਰਚਿਤ ਪੁਸਤਕ 'ਲਾਭ-ਚੇਤ' (2018) ਵਿਚ ਥੋੜ੍ਹੇ ਜਿਹੇ ਸਮੇਂ 'ਚ ਲਿਖੀਆਂ ਸੌ ਕਵਿਤਾਵਾਂ ਸ਼ਾਮਲ ਹਨ। ਪੁਸਤਕ ਅਸੂਲੀ ਤੇ ਮਿਹਨਤੀ ਬੰਦਿਆਂ ਲਾਭ ਸਿੰਘ ਤੇ ਚੇਤ ਸਿੰਘ, ਜਿਨ੍ਹਾਂ ਨੂੰ ਪੰਜ ਪਿੰਡਾਂ ਤਕ ਲੋਕ ਜਾਣਦੇ ਸਨ, ਨੂੰ ਸਮਰਪਿਤ ਹੈ। ਕਵਿਤਾਵਾਂ ਵਿਚ ਨਿੱਜੀ ਗੱਲਾਂ ਦੀ ਬਹੁਤਾਤ ਹੈ। ਇਨ੍ਹਾਂ 'ਚੋਂ ਜ਼ਿਆਦਾਤਰ ਗੱਲਾਂ ਲਾਭ-ਚੇਤ ਦੇ ਨਾਲ-ਨਾਲ ਮਾੜੀ, ਗੇਬੋ, ਗੁਰਬਚਨ,ਦੀਪਾ, ਬਾਬਾ ਕੈਲੂ, ਮਾਮਾ ਸਾਧੂ ਰਾਮ ਅਤੇ ਹੋਰ ਕਈ ਰਿਸ਼ਤੇਦਾਰਾਂ ਤੇ ਮਿੱਤਰਾਂ ਬਾਰੇ ਹਨ। ਇਨ੍ਹਾਂ ਵਿਚ ਸਭ ਦੀ ਵਡਿਆਈ ਕੀਤੀ ਗਈ ਹੈ। ਲਾਭ ਸਿੰਘ ਦੀ ਗੱਲ 'ਇੱਟ ਵਾਂਗੂੰ ਪੱਕੀ' ਹੁੰਦੀ ਸੀ ਅਤੇ ਚੇਤ ਸਿੰਘ ਦੀਆਂ 'ਅੱਖਾਂ ਸਭ ਪਰਖਦੀਆਂ' ਸਨ। ਉਹ ਦੋਵੇਂ 'ਗੱਲ ਕੀਹ ਜੋ ਜ਼ੁਬਾਨੋਂ ਓਹੀ ਪੂਰਦੇ, ਗ਼ਲਤ ਕੰਮਾਂ ਲਈ ਔਲਾਦ ਨੂੰ ਚੰਗੀ ਤਰ੍ਹਾਂ ਘੂਰਦੇ।' ਕਵਿਤਾਵਾਂ ਵਿਚਲੇ ਪਾਤਰਾਂ ਨੂੰ ਪਿੰਡ ਦੇ ਲੋਕ ਭਲੀਭਾਂਤ ਜਾਣਦੇ ਹਨ ਤੇ ਉਹ ਉਨ੍ਹਾਂ ਦੀਆਂ ਗੱਲਾਂ ਦਿਲਚਸਪੀ ਨਾਲ ਸੁਣ ਸਕਦੇ ਹਨ। ਇਸ ਤਰ੍ਹਾਂ ਇਹ ਕਵਿਤਾਵਾਂ ਪਿੰਡ, ਵਿਸ਼ੇਸ਼ ਕਰਕੇ ਕਵੀ ਦੇ ਆਪਣੇ ਪਿੰਡ, ਦੀ ਸੱਥ ਵਿਚ ਸੁਣਾਉਣ ਵਾਲੀਆਂ ਹਨ।

ਕੁਝ ਕਵਿਤਾਵਾਂ 'ਚ ਕਵੀ ਲੰਘ ਚੁੱਕੇ ਵਕਤ ਨੂੰ ਯਾਦ ਕਰ ਕੇ ਝੂਰਦਾ ਹੈ। 'ਪਾਂਡੋ ਮਿੱਟੀ ਵਾਲੇ ਚੁੱਲ੍ਹੇ' ਨਾਂ ਦੀ ਕਵਿਤਾ ਵਿਚ ਉਹ ਲਿਖਦਾ ਹੈ :

*'ਚੁੱਲ੍ਹੇ ਮੂਹਰੇ ਬਹਿ ਕੇ ਰੋਟੀ ਖਾਣ ਦਾ*
*ਸਵਾਦ ਹੀ ਗਿਆ,*





*ਸਾਡਾ ਫੁਕਰਪੁਣਾ ਸਾਨੂੰ ਕਰ ਬਰਬਾਦ*
*ਹੀ ਗਿਆ।'*

ਲੇਖਕ ਮੁਤਾਬਕ ਇਸ ਪੁਸਤਕ ਵਿਚ ਦੋ ਸਵਾਲਾਂ-'ਰੱਬ ਹੈ ਜਾਂ ਨਹੀਂ?' ਅਤੇ 'ਕਿਸਮਤ ਹੈ ਜਾਂ ਨਹੀਂ?' ਦਾ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਸਵਾਲ ਬਹੁਤ ਗੰਭੀਰ ਤੇ ਗੁੰਝਲਦਾਰ ਹਨ ਅਤੇ ਇਨ੍ਹਾਂ ਦਾ ਜਵਾਬ 'ਮਿਹਨਤੀ ਬੰਦੇ ਕਦੇ ਭਾਗਾਂ ਦਾ ਪੱਜ ਲਾਉਂਦੇ ਨੀ, ਵਿਗਿਆਨ ਸੱਚ ਹੀ ਕਹਿੰਦੇ ਇਸ ਦੁਨੀਆ 'ਤੇ ਕੋਈ ਰੱਬ ਨਹੀਂ' ਕਹਿ ਕੇ ਹੀ ਨਹੀਂ ਦਿੱਤਾ ਜਾ ਸਕਦਾ। 'ਲਾਭ-ਚੇਤ' ਲੇਖਕ ਦੀ ਪਲੇਠੀ ਪੁਸਤਕ ਹੈ। ਆਸ ਕਰਨੀ ਚਾਹੀਦੀ ਹੈ ਕਿ ਉਹ ਪੰਜਾਬੀ ਲੇਖਕਾਂ ਵਿਚ ਆਦਰਯੋਗ ਸਥਾਨ ਬਣਾਉਣ ਲਈ ਹੋਰ ਮਿਹਨਤ ਨਾਲ ਲਿਖੇਗਾ।

• ਡਾ. ਹਰਨੇਕ ਕੈਲੇ

# ਫ਼ਲਸਤੀਨੀ ਟੈਗ ਵਿਵਾਦ ਮਗਰੋਂ ਪ੍ਰਿਯੰਕਾ ਨੇ ਸੰਸਦ ਵਿਚ ਲਿਆਂਦਾ 'ਬੰਗਲਾਦੇਸ਼' ਬੈਗ

## ਬੰਗਲਾਦੇਸ਼ ਵਿਚ ਘੱਟਗਿਣਤੀਆਂ ਨਾਲ ਹੁੰਦੀਆਂ ਵਧੀਕੀਆਂ ਖਿਲਾਫ਼ ਪ੍ਰਿਯੰਕਾ ਨੇ ਸਾਥੀ ਮੈਂਬਰਾਂ ਨਾਲ ਸੰਸਦ ਦੇ ਬਾਹਰ ਕੀਤਾ ਪ੍ਰਦਰਸ਼ਨ

**ਨਵੀਂ ਦਿੱਲੀ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸੀ ਸੰਸਦ ਮੈਂਬਰ ਪ੍ਰਿਯੰਕਾ ਗਾਂਧੀ ਵਾਡਰਾ ਲੰਘੇ ਦਿਨ ਆਪਣੇ ਬੈਗ ਰਾਹੀਂ ਫਲਸਤੀਨੀਆਂ ਦੀ ਹਮਾਇਤ ਦਾ ਸੁਨੇਹਾ ਦੇਣ ਤੋਂ ਇਕ ਦਿਨ ਮਗਰੋਂ ਅੱਜ ਸੰਸਦ ਵਿਚ 'ਬੰਗਲਾਦੇਸ਼' ਬੈਗ ਨਾਲ ਪਹੁੰਚੀ। ਪ੍ਰਿਯੰਕਾ ਨੇ ਇਸ ਨਵੇਂ ਬੈਗ ਨਾਲ ਬੰਗਲਾਦੇਸ਼ ਦੇ ਹਿੰਦੂ ਤੇ ਈਸਾਈ ਘੱਟਗਿਣਤੀਆਂ ਨਾਲ ਖੜ੍ਹਨ ਦਾ ਸੁਨੇਹਾ ਦਿੱਤਾ। ਚੇਤੇ ਰਹੇ ਕਿ ਪ੍ਰਿਯੰਕਾ ਸੋਮਵਾਰ ਨੂੰ ਜਿਹੜਾ ਬੈਗ ਲੈ ਕੇ ਸੰਸਦ ਭਵਨ ਪਹੁੰਚੀ ਸੀ, ਉਸ ਉੱਤੇ ਫ਼ਲਸਤੀਨੀ ਟੈਗ ਤੇ ਜੰਗ ਦੇ ਝੰਬੇ ਮੁਲਕ ਦੇ ਕੁਝ ਪ੍ਰਤੀਕ ਸਨ। ਕਾਂਗਰਸ ਦੀ ਜਨਰਲ ਸਕੱਤਰ ਨੇ ਅੱਜ ਜਿਹੜਾ ਬੈਗ ਚੁੱਕਿਆ ਸੀ, ਉਸ ਉੱਤੇ 'ਬੰਗਲਾਦੇਸ਼ ਕੇ ਹਿੰਦੂਜ਼ ਤੇ ਕ੍ਰਿਸ਼ਚੀਅਨਜ਼ ਕੇ ਸਾਥ ਖੜੇ ਹੋ' ਲਿਖਿਆ ਸੀ। ਵਾਇਨਾਡ ਤੋਂ ਸੰਸਦ ਮੈਂਬਰ ਪ੍ਰਿਯੰਕਾ ਨੇ ਬੰਗਲਾਦੇਸ਼ ਵਿਚ ਘੱਟਗਿਣਤੀਆਂ ਨਾਲ ਹੁੰਦੀਆਂ ਵਧੀਕੀਆਂ ਖਿਲਾਫ਼ ਆਪਣੇ ਸਾਥੀ ਮੈਂਬਰਾਂ ਨਾਲ ਸੰਸਦ ਭਵਨ ਦੇ ਬਾਹਰ ਪ੍ਰਦਰਸ਼ਨ ਵੀ ਕੀਤਾ। ਇਸ ਦੌਰਾਨ ਉਨ੍ਹਾਂ ਹੱਥਾਂ ਵਿਚ ਕਰੀਮ ਰੰਗ ਦੇ ਬੈਗ ਫੜੇ ਹੋਏ ਸਨ। ਪ੍ਰਿਯੰਕਾ ਨੇ ਸੋਮਵਾਰ




ਨੂੰ ਸੰਸਦ ਵਿਚ ਬੋਲਦਿਆਂ ਬੰਗਲਾਦੇਸ਼ ਵਿਚ ਹਿੰਦੂਆਂ ਤੇ ਈਸਾਈ ਘੱਟਗਿਣਤੀਆਂ ਦੀ ਸੁਰੱਖਿਆ ਦਾ ਮੁੱਦਾ ਰੱਖਿਆ ਸੀ।

# ਨੈਸ਼ਨਲ ਟੈਸਟਿੰਗ ਏਜੰਸੀ ਭਰਤੀ ਪ੍ਰੀਖਿਆਵਾਂ ਨਹੀਂ ਲਏਗੀ: ਪ੍ਰਧਾਨ

**ਨਵੀਂ ਦਿੱਲੀ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਅੱਜ ਕਿਹਾ ਕਿ ਨੈਸ਼ਨਲ ਟੈਸਟਿੰਗ ਏਜੰਸੀ ਅਗਲੇ ਸਾਲ (2025) ਤੋਂ ਸਿਰਫ਼ ਉਚੇਰੀ ਸਿੱਖਿਆ ਸੰਸਥਾਵਾਂ ਲਈ ਹੀ ਦਾਖ਼ਲਾ ਪ੍ਰੀਖਿਆ ਕਰਵਾਏਗੀ ਤੇ ਏਜੰਸੀ ਵੱਲੋਂ ਭਰਤੀ ਪ੍ਰੀਖਿਆਵਾਂ ਨਹੀਂ ਲਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਨੀਟ-ਯੂਜੀ ਪ੍ਰੀਖਿਆ ਪੈੱਨ-ਪੇਪਰ ਮੋਡ ਜਾਂ ਆਨਲਾਈਨ ਕਰਵਾਉਣ ਨੂੰ ਲੈ ਕੇ ਸਿਹਤ ਮੰਤਰਾਲੇ ਨਾਲ ਗੱਲਬਾਤ ਜਾਰੀ ਹੈ। ਪ੍ਰਧਾਨ ਨੇ ਕਿਹਾ, "ਸਰਕਾਰ ਨੇੜ ਭਵਿੱਖ ਵਿਚ ਕੰਪਿਊਟਰ ਅਡੈਪਟਿਵ ਟੈਸਟ ਤੇ ਟੈੱਕ-ਡਰੀਵਨ (ਤਕਨਾਲੋਜੀ



ਅਧਾਰਿਤ) ਦਾਖ਼ਲ ਪ੍ਰੀਖਿਆਵਾਂ ਲੈਣ ਬਾਰੇ ਵਿਚਾਰ ਕਰ ਰਹੀ ਹੈ।" ਪ੍ਰੀਖਿਆ ਸੁਧਾਰਾਂ ਦੀ ਗੱਲ ਕਰਦਿਆਂ ਪ੍ਰਧਾਨ ਨੇ ਕਿਹਾ ਕਿ ਅਗਲੇ ਸਾਲ ਐੱਨਟੀਏ ਦਾ ਪੁਨਰ ਗਠਨ ਕੀਤਾ ਜਾਵੇਗਾ ਤੇ ਦਸ ਨਵੀਆਂ ਪੋਸਟਾਂ ਸਿਰਜੀਆਂ ਜਾਣਗੀਆਂ।

# ਕੈਡਿਟਾਂ ਨੇ ਚੰਡੀਗੜ੍ਹ ਏਅਰ ਫੋਰਸ ਸਟੇਸ਼ਨ ਚੰਡੀਗੜ੍ਹ ਦਾ ਕੀਤਾ ਗਿਆਨ ਪ੍ਰਾਪਤ



**ਪਟਿਆਲਾ/ਚੰਡੀਗੜ੍ਹ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੀ.ਜੀ.ਐਨ.ਸੀ..ਸੀ. ਅਤੇ ਏ.ਡੀ.ਜੀ. ਐਨ.ਸੀ.ਸੀ. ਦੀ ਹਦਾਇਤਾਂ ਅਨੁਸਾਰ ਐਨ.ਸੀ.ਸੀ. ਏਅਰ ਵਿੰਗ ਦਾ 10 ਰੋਜਾ ਕੈਂਪ (ਸਾਲਾਨਾ ਕੈਂਪ -31" 3 98) ਗਰੁੱਪ ਕੈਪਟਨ ਅਜੇ ਭਾਰਦਵਾਜ ਦੀ ਅਗਵਾਈ ਹੇਠ ਕੀਤਾ ਜਾ ਰਿਹਾ ਹੈ। ਇਹ ਕੈਂਪ 13 ਦਸੰਬਰ ਤੋਂ 22 ਦਸੰਬਰ 2024 ਤੱਕ ਚਲ ਰਿਹਾ ਹੈ। ਕੈਂਪ ਦੇ ਪੰਜਵੇਂ ਦਿਨ ਦੌਰਾਨ ਕੈਡਿਟਾਂ ਨੂੰ ਚੰਡੀਗੜ੍ਹ ਏਅਰ ਫੋਰਸ ਸਟੇਸ਼ਨ ਚੰਡੀਗੜ੍ਹ ਲਿਜਾਇਆ ਗਿਆ। ਇਥੇ ਕੈਂਡਿਟਾਂ ਨੇ ਵੱਖ-ਵੱਖ ਕਿਸਮਾਂ ਦੇ ਜਹਾਜ਼ ਜਿਵੇਂ ਕਿ ਏ.ਐਨ.32. ਆਈ.ਐਲ. 76. ਸੀ-17 ਅਤੇ ਚਿਨੌਕ ਹੈਲੀਕਾਪਟਰ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਕੈਡਿਟਾਂ ਵਿੱਚ ਇਨ੍ਹਾਂ ਜਹਾਜਾਂ ਬਾਰੇ ਜਾਣਕਾਰੀ ਪ੍ਰਾਪਤ ਹੋਣ ਤੇ ਭਾਰੀ ਉਤਸ਼ਾਹ ਪਾਇਆ ਗਿਆ। ਇਸ ਤੋਂ ਇਲਾਵਾ ਕੈਂਪ ਵਿੱਚ ਅੰਬਾਲੇ ਤੋਂ ਆਈ ਹੋਈ ਟੀਮ ਸਾਰਜੈਂਟ ਰਾਜੀਵ ਰੰਜਨ ਸਿੰਘ ਨੇ ਕੈਡਿਟਾਂ ਨੂੰ ਅਗਨੀਵੀਰ ਬਾਰੇ ਅਤੇ ਜਹਾਜ਼ ਦੇ ਅੰਦਰੂਨੀ ਹਿੱਸਿਆਂ ਬਾਰੇ ਵੀ ਭਰਪੂਰ ਜਾਣਕਾਰੀ ਦਿੱਤੀ। ਉਨ੍ਹਾਂ ਵੱਲੋਂ ਕੈਡਿਟਾਂ ਨੂੰ ਫੋਜ ਵਿੱਚ ਭਰਤੀ ਹੋਣ ਲਈ ਪ੍ਰੇਰਿਤ ਕੀਤਾ ਗਿਆ।

ਕੈਂਪ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਦੇ ਪ੍ਰੋਫੈਸਰ ਗੁਰਸ਼ਮਿੰਦਰ ਸਿੰਘ ਜੀ ਨੇ ਕੈਡਿਟਾਂ ਨੂੰ ਨਸ਼ਿਆਂ ਉੱਤੇ ਭਾਸ਼ਣ ਦਿੱਤਾ ਅਤੇ ਨਸ਼ਿਆਂ ਤੋਂ ਦੂਰ ਲੈਣ ਲਈ ਜਾਗਰੂਕ ਕੀਤਾ। ਇਸ ਤੋਂ ਇਲਾਵਾ ਸਵੇਰ ਤੋਂ ਲੈ ਕੇ ਸ਼ਾਮ ਤੱਕ ਗਰੁੱਪ ਕੈਪਟਨ ਅਜੇ ਭਾਰਦਵਾਜ਼ ਜੀ ਦੀ ਅਗਵਾਈ ਹੇਠ ਬਹੁਤ ਸਾਰੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ।

# ਲੋਕ ਸਭਾ 'ਚ 'ਵਨ ਨੇਸ਼ਨ-ਵਨ ਇਲੈਕਸ਼ਨ' ਬਿੱਲ ਮਨਜ਼ੂਰ, ਪੱਖ 'ਚ ਪਏ 269 ਵੋਟ

**ਨਵੀਂ ਦਿੱਲੀ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰ ਨੇ ਦੇਸ਼ 'ਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੇ ਕਰਵਾਉਣ ਦੇ ਪ੍ਰਬੰਧ ਵਾਲੇ ਬਿੱਲ ਨੂੰ ਵਿਰੋਧੀ ਪਾਰਟੀਆਂ ਦੇ ਭਾਰੀ ਵਿਰੋਧ ਦਰਮਿਆਨ ਮੰਗਲਵਾਰ ਨੂੰ ਲੋਕ ਸਭਾ 'ਚ ਪੇਸ਼ ਕੀਤਾ। ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਦੇਸ਼ 'ਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੋ ਸਮੇਂ ਕਰਾਉਣ ਦੇ ਪ੍ਰਬੰਧ ਵਾਲੇ 'ਸੰਵਿਧਾਨ (129ਵਾਂ ਸੋਧ) ਬਿੱਲ, 2024' ਅਤੇ ਉਸ ਨਾਲ ਜੁੜੇ 'ਸੰਘ ਰਾਜ ਖੇਤਰ ਕਾਨੂੰਨ (ਸੋਧ) ਬਿੱਲ, 2024' ਨੂੰ ਹੇਠਲੇ ਸਦਨ 'ਚ ਮੁੜ ਸਥਾਪਤ ਕਰਨ ਲਈ ਰੱਖਿਆ, ਜਿਨ੍ਹਾਂ ਦਾ ਵਿਰੋਧੀ ਪਾਰਟੀਆਂ ਨੇ ਵਿਰੋਧ ਕੀਤਾ। ਸਦਨ 'ਚ ਵੋਟ ਵੰਡ ਤੋਂ ਬਾਅਦ ਬਿੱਲ ਨੂੰ ਮੁੜ ਸਥਾਪਤ ਕਰ ਦਿੱਤਾ ਗਿਆ। ਬਿੱਲ ਨੂੰ ਪੇਸ਼ ਕੀਤੇ ਜਾਣ



ਦੇ ਪੱਖ 'ਚ 269 ਵੋਟ, ਜਦੋਂ ਕਿ ਵਿਰੋਧ 'ਚ 198 ਵੋਟ ਪਏ। ਇਸ ਤੋਂ ਬਾਅਦ ਮੇਘਵਾਲ ਨੇ ਆਵਾਜ਼ ਵੋਟ ਤੋਂ ਮਿਲੀ ਸਦਨ ਦੀ ਸਹਿਮਤੀ ਤੋਂ ਬਾਅਦ 'ਸੰਘ ਰਾਜ ਖੇਤਰ ਕਾਨੂੰਨ (ਸੋਧ) ਬਿੱਲ, 2024' ਨੂੰ ਵੀ ਪੇਸ਼ ਕੀਤਾ। ਦੋਵੇਂ ਬਿੱਲਾਂ ਨੂੰ ਮੁੜ ਸਥਾਪਤ ਕਰਨ ਤੋਂ ਬਾਅਦ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਸਦਨ ਦੀ ਕਾਰਵਾਈ 3 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ।

ਨਵੇਂ ਸੰਸਦ ਭਵਨ 'ਚ ਪਹਿਲੀ ਵਾਰ ਕਿਸੇ ਬਿੱਲ 'ਤੇ ਵੋਟ ਵੰਡ ਹੋਈ ਅਤੇ ਇਹ ਪਹਿਲੀ ਵਾਰ ਸੀ ਕਿ ਇਲੈਕਟ੍ਰਾਨਿਕ ਵੋਟ ਵੰਡ ਹੋਈ। ਬਿੱਲ 'ਤੇ ਵਿਰੋਧੀ ਪਾਰਟੀਆਂ ਦੇ ਵਿਰੋਧ ਦਰਮਿਆਨ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਜਦੋਂ ਕੈਬਨਿਟ 'ਚ ਚਰਚਾ ਲਈ ਬਿੱਲ ਆਇਆ ਸੀ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਖ਼ਦਸ਼ਾ ਜਤਾਇਆ ਸੀ ਕਿ ਇਸ ਨੂੰ ਸੰਯੁਕਤ ਸੰਸਦੀ ਕਮੇਟੀ (ਜੇਪੀਸੀ) ਦੇ ਵਿਚਾਰ ਲਈ ਭੇਜਿਆ ਜਾਣਾ ਚਾਹੀਦਾ। ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨੇ ਬਿੱਲ ਪੇਸ਼ ਕੀਤੇ ਜਾਣ ਦਾ ਵਿਰੋਧ ਕਰਦੇ ਹੋਏ ਦੋਸ਼ ਲਗਾਇਆ ਕਿ ਇਹ ਸੰਵਿਧਾਨ ਦੇ ਮੂਲ ਢਾਂਚੇ 'ਤੇ ਹਮਲਾ ਹੈ ਅਤੇ ਦੇਸ਼ ਨੂੰ 'ਤਾਨਾਸ਼ਾਹੀ' ਵੱਲ ਲਿਜਾਣ ਵਾਲਾ ਕਦਮ ਹੈ। ਉਨ੍ਹਾਂ ਇਹ ਵੀ ਕਿਹਾ ਕਿ ਬਿੱਲ ਨੂੰ ਜੇਪੀਸੀ ਕੋਲ ਭੇਜਿਆ ਜਾਣਾ ਚਾਹੀਦਾ।

# ਕਈ ਸਕੂਲਾਂ ਨੂੰ ਫਿਰ ਮਿਲੀ ਬੰਬ ਨਾਲ ਉਡਾਣ ਦੀ ਧਮਕੀ, 9 ਦਿਨਾਂ 'ਚ 5ਵੀਂ ਘਟਨਾ

**ਨਵੀਂ ਦਿੱਲੀ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੇ ਕੁਝ ਸਕੂਲਾਂ ਨੂੰ ਮੰਗਲਵਾਰ ਸਵੇਰੇ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ, ਜੋ ਰਾਸ਼ਟਰੀ ਰਾਜਧਾਨੀ ਵਿਚ ਇਕ ਹਫ਼ਤੇ ਵਿਚ ਦੂਜੀ ਅਤੇ 9 ਦਿਨਾਂ ਵਿਚ ਪੰਜਵੀਂ ਘਟਨਾ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਦਿੱਲੀ ਫਾਇਰ ਸਰਵਿਸ (ਡੀਐੱਫਐੱਸ) ਦੇ ਇਕ ਅਧਿਕਾਰੀ ਅਨੁਸਾਰ ਉੱਤਰ-ਪੱਛਮੀ ਦਿੱਲੀ 'ਚ ਸਰਸਵਤੀ ਵਿਹਾਰ 'ਚ ਸਥਿਤ 'ਕ੍ਰੈਸੈਂਟ ਪਬਲਿਕ ਸਕੂਲ' ਤੋਂ ਬੰਬ ਦੀ ਧਮਕੀ ਦੀ ਸੂਚਨਾ ਮਿਲੀ ਸੀ।

ਅਧਿਕਾਰੀ ਨੇ ਦੱਸਿਆ ਕਿ ਅੱਗ ਬੁਝਾਊ ਵਿਭਾਗ, ਸਥਾਨਕ ਪੁਲਸ, ਬੰਬ ਨਿਰੋਧਕ ਦਸਤੇ ਅਤੇ ਡੌਗ ਸਕੁਐਡ ਦੇ ਕਰਮਚਾਰੀਆਂ ਨੇ ਤਲਾਸ਼ੀ ਮੁਹਿੰਮ ਚਲਾਈ ਪਰ ਅਜੇ ਤੱਕ ਕੁਝ ਵੀ ਸ਼ੱਕੀ ਨਹੀਂ ਮਿਲਿਆ ਹੈ।

ਅਧਿਕਾਰੀ ਨੇ ਦੱਸਿਆ ਕਿ ਕੁਝ ਹੋਰ ਸਕੂਲਾਂ ਨੂੰ ਵੀ ਈ-ਮੇਲ ਰਾਹੀਂ ਧਮਕੀਆਂ ਮਿਲੀਆਂ ਹਨ ਅਤੇ ਜਾਂਚ ਜਾਰੀ ਹੈ। ਹਾਲਾਂਕਿ, ਚਰਨਬੱਧ ਪ੍ਰਤੀਕਿਰਿਆ ਕਾਰਜਯੋਜਨਾ (GRAP) ਦੇ ਚੌਥੇ ਪੜਾਅ ਦੇ ਅਧੀਨ ਪ੍ਰਦੂਸ਼ਣ ਵਿਰੋਧੀ ਉਪਾਵਾਂ ਦੇ ਮੁੜ ਤੋਂ ਲਾਗੂ ਹੋਣ ਤੋਂ ਬਾਅਦ ਦਿੱਲੀ-ਐਨਸੀਆਰ (ਰਾਸ਼ਟਰੀ ਰਾਜਧਾਨੀ ਖੇਤਰ) ਦੇ ਸਕੂਲਾਂ ਨੇ ਮੰਗਲਵਾਰ ਨੂੰ 'ਹਾਈਬ੍ਰਿਡ ਮੋਡ' (ਆਨਲਾਈਨ ਅਤੇ ਆਫਲਾਈਨ) 'ਚ ਕਲਾਸਾਂ ਦਾ ਆਯੋਜਨ ਕਰਨਾ ਸ਼ੁਰੂ ਕਰ ਦਿੱਤਾ। ਨੇ ਕੀਤਾ। ਸੋਧ GRAP ਪ੍ਰੋਗਰਾਮ ਅਨੁਸਾਰ ਪੜਾਅ 4 ਦੇ ਤਹਿਤ ਦਿੱਲੀ, ਗੁਰੂਗ੍ਰਾਮ, ਫਰੀਦਾਬਾਦ, ਗਾਜ਼ੀਆਬਾਦ ਅਤੇ ਗੌਤਮ ਬੁੱਧ ਨਗਰ 'ਚ 6ਵੀਂ ਤੋਂ 9ਵੀਂ ਜਮਾਤ ਅਤੇ 11ਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਲਾਸਾਂ ਹਾਈਬ੍ਰਿਡ ਮੋਡ (ਆਫਲਾਈਨ ਅਤੇ ਆਨਲਾਈਨ) 'ਚ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਹਾਲਾਂਕਿ 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਕੂਲ ਜਾਣਾ ਪਵੇਗਾ। ਸੋਮਵਾਰ ਨੂੰ ਵੀ ਆਰਕੇ ਪੁਰਮ ਸਥਿਤ ਡੀਪੀਐੱਸ ਸਮੇਤ ਕਰੀਬ 20 ਸਕੂਲਾਂ ਨੂੰ ਈ-ਮੇਲ ਭੇਜ ਕੇ ਧਮਕੀਆਂ ਦਿੱਤੀਆਂ ਗਈਆਂ। ਇਸ ਤੋਂ ਪਹਿਲਾਂ 14 ਦਸੰਬਰ ਨੂੰ ਆਰਕੇ ਪੁਰਮ ਦੇ ਇਸੇ ਡੀਪੀਐੱਸ ਸਮੇਤ ਅੱਠ ਸਕੂਲਾਂ ਨੂੰ ਵੀ ਅਜਿਹੀ ਹੀ ਈਮੇਲ ਮਿਲੀ ਸੀ, ਜਿਸ 'ਚ 'ਬੰਬ ਜੈਕਟਾਂ' ਰਾਹੀਂ ਧਮਾਕੇ ਕਰਨ ਦੀ ਧਮਕੀ ਦਿੱਤੀ ਗਈ ਸੀ। ਇਸ ਤੋਂ ਇਕ ਦਿਨ ਪਹਿਲਾਂ 13 ਦਸੰਬਰ ਨੂੰ ਕਰੀਬ 30 ਸਕੂਲਾਂ ਨੂੰ ਈਮੇਲ ਰਾਹੀਂ ਬੰਬ ਦੀ ਧਮਕੀ ਦਿੱਤੀ ਗਈ ਸੀ, ਜਿਸ ਤੋਂ ਬਾਅਦ ਕਈ ਏਜੰਸੀਆਂ ਵੱਲੋਂ ਉਨ੍ਹਾਂ ਦੇ ਟਿਕਾਣਿਆਂ ਦੀ ਤਲਾਸ਼ੀ ਲਈ ਗਈ ਸੀ। 9 ਦਸੰਬਰ ਨੂੰ ਘੱਟੋ ਘੱਟ 44 ਸਕੂਲਾਂ ਨੂੰ ਇਸ ਤਰ੍ਹਾਂ ਦੀਆਂ ਈਮੇਲਾਂ ਪ੍ਰਾਪਤ ਹੋਈਆਂ ਸਨ, ਜਿਸ ਤੋਂ ਬਾਅਦ ਦਿੱਲੀ ਪੁਲਸ ਦੇ ਵਿਸ਼ੇਸ਼ ਸੈੱਲ ਨੇ ਐੱਫਆਈਆਰ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਸੀ।

# ਲਾਇਨਜ਼ ਕਲੱਬ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਗਰਮ ਸਵੈਟਰ, ਸਟੇਸ਼ਨਰੀ, ਬੂਟ ਅਤੇ ਜੁਰਾਬਾਂ ਦਿੱਤੀਆਂ



**ਸ੍ਰੀ ਆਨੰਦਪੁਰ ਸਾਹਿਬ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਐਸ ਡੀ ਹਾਈ ਸਕੂਲ ਅਤੇ ਐਸਜੀਐਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਲਾਇਨਜ਼ ਕਲੱਬ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਗਰਮ ਸਵੈਟਰ, ਸਟੇਸ਼ਨਰੀ, ਬੂਟ ਅਤੇ ਜੁਰਾਬਾਂ ਦਿੱਤੀਆਂ ਗਈਆਂ। ਇਸ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਲਾਈਨਜ ਕਲੱਬ ਦੇ ਪੀਆਰਓ ਅਤੇ ਵਪਾਰ ਮੰਡਲ ਦੇ ਪ੍ਰਧਾਨ ਲਾਇਨ ਇੰਦਰਜੀਤ ਸਿੰਘ ਅਰੋੜਾ ਨੇ ਦੱਸਿਆ ਕਿ ਲਾਇਨਜ਼ ਕਲੱਬ ਇੱਕ ਸਮਾਜ ਸੇਵੀ ਸੰਸਥਾ ਹੈ ਜੋ ਸਮਾਜ ਦੀ ਸੇਵਾ ਲਈ ਹਰ ਸੰਭਵ ਯਤਨ ਕਰਦੀ ਰਹਿੰਦੀ ਹੈ। ਉਹਨਾਂ ਕਿਹਾ ਕਿ ਇਸੇ ਤਹਿਤ ਅੱਜ ਪ੍ਰਧਾਨ ਲਾਇਨ ਰਾਜਵਿੰਦਰ ਸਿੰਘ ਸੋਢੀ ਦੀ ਪ੍ਰਧਾਨਗੀ ਵਿੱਚ ਇਲਾਕੇ ਦੀ ਸਭ ਤੋਂ ਪੁਰਾਣੀ ਵਿਦਿਅਕ ਸੰਸਥਾ ਖਾਲਸਾ ਸਕੂਲ ਅਤੇ ਐਸ ਡੀ ਸਕੂਲ ਵਿਖੇ ਲੋੜਵੰਦ ਵਿਦਿਆਰਥੀਆਂ ਨੂੰ ਗਰਮ ਜੁਰਾਬਾਂ, ਗਰਮ ਸਵੈਟਰ, ਬੂਟ ਅਤੇ ਸਟੇਸ਼ਨਰੀ ਦਾ ਸਮਾਨ ਦਿੱਤਾ ਗਿਆ। ਕਲੱਬ ਦੇ ਸਕੱਤਰ ਲਾਇਨ ਸੰਜੇ ਮਹਾਜਨ ਅਤੇ ਕੈਸ਼ੀਅਰ ਸੁਖਵਿੰਦਰ ਸਿੰਘ ਬਿੱਟੂ ਨੇ ਦੱਸਿਆ ਕਿ ਲਾਇਨਜ਼ ਕਲੱਬ ਵੱਲੋਂ ਖੂਨਦਾਨ ਕੈਂਪ, ਇਲਾਕੇ ਨੂੰ ਹਰਿਆ ਭਰਿਆ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਮੁਹਿੰਮ, ਲੋਕਾਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਦੀ ਮੁਹਿੰਮ, ਲੋੜਵੰਦ ਵਿਦਿਆਰਥੀਆਂ ਅਤੇ ਲੋਕਾਂ ਦੀ ਮਦਦ ਕਰਨਾ ਆਦਿ ਵਰਗੇ ਕਈ ਸਮਾਜ ਭਲਾਈ ਦੇ ਕੰਮ ਕੀਤੇ ਜਾ ਰਹੇ ਹਨ। ਖਾਲਸਾ ਸਕੂਲ ਦੇ ਮੁਖੀ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਨੇ ਕਲੱਬ ਦੇ ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਐਸ ਡੀ ਹਾਈ ਸਕੂਲ ਦੇ ਵਿਨੈ ਕੁਮਾਰ, ਲਾਇਨ ਪ੍ਰਿੰਸੀਪਲ ਹਰਦੀਪ ਸਿੰਘ, ਲਾਇਨ ਕੁਲਦੀਪ ਸਿੰਘ ਭੱਠੇ ਵਾਲੇ ,ਲਾਇਨ ਭੁਪਿੰਦਰ ਪਾਲ ਸਿੰਘ ਤਲਵਾੜ, ਲਾਈਨ ਵਿਜੇ ਸੋਢੀ ,ਲਾਇਨ ਕਮਲ ਵਰਮਾ , ਲਾਇਨ ਅਜੈ ਸੋਢੀ, ਲਾਇਨ ਮਹੇਸ਼ ਕੁਮਾਰ, ਲਾਇਨ ਅਮਰਿੰਦਰ ਸਿੰਘ ਹੈਪੀ,ਲਾਇਨ ਦੀਪਕ ਆਂਗਰਾ ਗੁਰਵਿੰਦਰ ਸਿੰਘ ਕੰਦੋਲਾ, ਜਸਪ੍ਰੀਤ ਸਿੰਘ, ਹਰਪ੍ਰੀਤ ਕੌਰ,ਪ੍ਰਿਆ, ਸਤੀਸ਼ ਕੁਮਾਰ ਆਦਿ ਹਾਜਰ ਸਨ।

# ਡੱਲੇਵਾਲ ਦਾ ਹਾਲ ਜਾਨਣ ਲਈ ਸੀ.ਪੀ.ਆਈ. ਦਾ ਵਫ਼ਦ ਪੁਜਿਆ ਢਾਬੀ ਗੁਜਰਾਂ



**ਪਾਤੜਾਂ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ 22 ਦਿਨਾਂ ਤੋਂ ਕਿਸਾਨੀ ਮੰਗਾਂ ਨੂੰ ਲੈ ਕੇ ਪੰਜਾਬ ਹਰਿਆਣਾ ਸਰਹੱਦ ਢਾਬੀ ਗੁੱਜਰਾਂ ਖਨੌਰੀ ਸਰਹੱਦ 'ਤੇ ਮਰਨ ਵਰਤ ਉੱਤੇ ਬੈਠੇ ਪ੍ਰਮੁੱਖ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਹਾਲ ਚਾਲ ਜਾਣਨ ਲਈ ਭਾਰਤੀ ਕਮਿਊਨਸਟ ਪਾਰਟੀ ਦਾ ਵਫਦ ਪੁਜਿਆ। ਵਫਦ ਦੀ ਅਗਵਾਈ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਅਤੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕੀਤੀ। ਇਸ ਦੌਰਾਨ ਕਮਿਊਨਿਸਟ ਆਗੂਆਂ ਨੇ ਡੱਲੇਵਾਲ ਦਾ ਹਾਲ ਚਾਲ ਜਾਨਣ ਮਗਰੋਂ ਕਿਸਾਨ ਆਗੂਆਂ ਨਾਲ ਮੁਲਾਕਾਤ ਕਰਕੇ ਹਰ ਸੰਭਵ ਸਾਥ ਦਾ ਭਰੋਸਾ ਦਿੱਤਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਅਰਸ਼ੀ ਅਤੇ ਬੰਤ ਸਿੰਘ ਬਰਾੜ ਨੇ ਕਿਹਾ ਕਿ ਲੋਕਾਂ ਲਈ ਲੜਨ ਵਾਲੇ ਆਗੂ ਲੰਮੇ ਸੰਘਰਸ਼ਾਂ ਬਾਅਦ ਪੈਦਾ ਹੁੰਦੇ ਹਨ ਪਰ ਬਦਕਿਸਮਤੀ ਦੀ ਗੱਲ ਹੈ ਕਿ ਲੋਕਾਂ ਲਈ ਲੜਨ ਵਾਲੇ ਆਗੂ ਨੂੰ ਆਪਣੇ ਲੋਕਾਂ ਲਈ, ਆਪਣੇ ਹੀ ਦੇਸ਼ ਵਿੱਚ ਮਰਨ ਵਰਤ ਉੱਤੇ ਬੈਠਿਆਂ 22 ਦਿਨ ਦਾ ਸਮਾਂ ਬੀਤ ਗਿਆ ਪਰ ਹਕੂਮਤਾਂ ਨੇ ਹਾਲੇ ਤੱਕ ਉਹਨਾਂ ਦੀ ਕੋਈ ਸਾਰ ਨਹੀਂ ਲਈ। ਦਰਜਨਾਂ ਸਾਲ ਸੰਘਰਸ਼ ਕਰਨ ਮਗਰੋਂ ਇੱਕ ਆਗੂ ਬਣਦਾ ਹੈ ਪਰ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ ਉੱਤੇ ਉਹਨਾਂ ਦੇ ਹੱਥ ਠੋਕੇ ਬਣ ਕੇਂਦਰ ਦੀ ਭਾਜਪਾ ਅਤੇ ਪੰਜਾਬ ਦੀ ਆਪ ਸਰਕਾਰ ਮੂਕ ਦਰਸ਼ਕ ਬਣੀ ਹੋਈ ਹੈ। ਕਿਸਾਨ ਘੋਲ ਨਾਲ ਇੱਕ ਜੁੱਟਤਾ ਦਾ ਇਜ਼ਹਾਰ ਕਰਦਿਆਂ ਕਾਮਿਊਨਿਸਟ ਆਗੂਆਂ ਨੇ ਕਿਹਾ ਕਿ ਕਿਸਾਨੀ ਮੰਗਾਂ ਨੂੰ ਲੈ ਕੇ ਦਿੱਲੀ ਦੇ ਬਾਰਡਰਾਂ ਉੱਤੇ ਚੱਲਿਆ ਸੰਘਰਸ਼ ਆਪਣੇ ਆਪ ਵਿੱਚ ਇੱਕ ਮਿਸਾਲ ਹੈ ਜਿਸ ਦੌਰਾਨ ਬਿਨਾਂ ਕਿਸੇ ਹਥਿਆਰ ਦੇ ਕਿਸਾਨਾਂ ਨੇ ਖੇਤੀ ਕਾਨੂੰਨਾਂ ਦੀ ਵਾਪਸੀ ਕਰਵਾ ਕੇ ਇਤਿਹਾਸ ਰਚਿਆ ਪਰ ਕੇਂਦਰ ਸਰਕਾਰ ਅਤੇ ਉਸਦੀਆਂ ਏਜੰਸੀਆਂ ਨੂੰ ਕਿਸਾਨਾਂ ਦਾ ਇਹ ਸੰਘਰਸ਼ ਅੱਗੇ ਝੁਕਣਾ ਚੁੱਭ ਰਿਹਾ ਹੈ ਇਸੇ ਦਾ ਸਿੱਟਾ ਹੈ ਕਿ ਕੇਂਦਰ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਖੇਤੀ ਕਾਨੂੰਨਾਂ ਨੂੰ ਲੁਕਵੇਂ ਢੰਗ ਨਾਲ ਲਾਗੂ ਕਰਨ ਲਈ ਮੁੜ ਤੋਂ ਰਾਜ ਸਰਕਾਰਾਂ ਨੂੰ ਉਸਦਾ ਖਰੜਾ ਭੇਜ ਕੇ ਕਾਨੂੰਨਾਂ ਨੂੰ ਲਾਗੂ ਕਰਵਾਉਣ ਦੀਆਂ ਚਾਲਾਂ ਚੱਲ ਰਹੀ ਹੈ। ਇਹੀ ਵਜ੍ਹਾ ਹੈ ਕਿ ਕੇਂਦਰ ਦੀਆਂ ਏਜੰਸੀਆਂ ਕਿਸਾਨ ਅੰਦੋਲਨ ਵਿੱਚ ਪਾਟੋਧਾੜ ਦੀਆਂ ਬੇਵਜਹਾ ਅਫਵਾਵਾਂ ਫੈਲਾ ਕੇ ਭਰਮ ਪੈਦਾ ਕਰਨ ਲਈ ਯਤਨਸ਼ੀਲ ਹਨ ਜਦੋਂਕਿ ਕਿਸਾਨੀ ਨੂੰ ਪਰਨਾਈਆਂ ਸਾਰੀਆਂ ਜਥੇਬੰਦੀਆਂ ਖੇਤੀ ਕਾਨੂੰਨਾਂ ਦੀ ਵਾਪਸੀ ਵੇਲੇ ਮੰਨੀਆਂ ਗਈਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਯਤਨਸ਼ੀਲ ਹਨ ਅਤੇ ਆਪਣੇ ਆਪਣੇ ਢੰਗਾਂ ਨਾਲ ਸੰਘਰਸ਼ ਵਿੱਚ ਲਗਾਤਾਰ ਜੁੱਟੀਆਂ ਹੋਈਆਂ ਹਨ। ਉਹਨਾਂ ਕਿਹਾ ਕਿ ਦਿੱਲੀ ਅੰਦੋਲਨ ਵੇਲੇ ਵੀ ਕਿਸਾਨ ਘੋਲ ਨੂੰ ਖਾਲਿਸਤਾਨੀ, ਕਮਿਊਨਿਸਟ ਅੰਦੋਲਨ ਅਤੇ ਮਾਓਵਾਦੀਆਂ ਵਰਗੇ ਟੈਗ ਲਗਾਏ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭੁਪਿੰਦਰਜੀਤ ਮੌਲਵੀਵਾਲਾ, ਕੁਲਦੀਪ ਸਿੰਘ ਗਲੌਲੀ ਅਤੇ ਬਲਬੀਰ ਸਿੰਘ ਸੁਤਰਾਣਾ ਸ਼ਾਮਲ ਸਨ।

# ਰੋਹਨ ਜੇਤਲੀ ਮੁੜ ਬਣੇ ਡੀਡੀਸੀਏ ਦੇ ਪ੍ਰਧਾਨ

**ਨਵੀਂ ਦਿੱਲੀ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਹਨ ਜੇਤਲੀ (35) ਲਗਾਤਾਰ ਤੀਸਰੀ ਵਾਰ ਦਿੱਲੀ ਜ਼ਿਲ੍ਹਾ ਕ੍ਰਿਕਟ ਸੰਘ (ਡੀਡੀਸੀਏ) ਦੇ ਪ੍ਰਧਾਨ ਚੁਣੇ ਗਏ ਹਨ। ਉਨ੍ਹਾਂ ਸਾਬਕਾ ਕ੍ਰਿਕਟਰ ਕੀਰਤੀ ਆਜ਼ਾਦ ਨੂੰ ਸੌਖਿਆਂ ਹੀ ਹਰਾ ਦਿੱਤਾ। ਸਾਬਕਾ ਕੇਂਦਰੀ ਮੰਤਰੀ ਅਰੁਣ ਜੇਤਲੀ ਦੇ ਪੁੱਤਰ ਰੋਹਨ ਜੇਤਲੀ ਨੂੰ 1577 ਤੇ ਆਜ਼ਾਦ ਨੂੰ 777 ਵੋਟਾਂ ਪਈਆਂ।

ਚੋਣ ਦੌਰਾਨ ਕੁੱਲ 2413 ਵੋਟ ਪਏ ਸੀ ਤੇ ਜਿੱਤ ਲਈ ਕਿਸੇ ਵੀ ਉਮੀਦਵਾਰ ਨੂੰ 1207 ਵੋਟਾਂ ਦੀ ਦਰਕਾਰ ਸੀ। ਇਸ ਤੋਂ ਪਹਿਲਾਂ ਰੋਹਨ 2020 ਵਿੱਚ ਵੀ ਬਿਨਾਂ ਮੁਕਾਬਲਾ ਚੁਣੇ ਗਏ ਸਨ।

# ਭਾਜਪਾ ਆਗੂ ਜੈ ਇੰਦਰ ਕੌਰ ਨੇ ਪਟਿਆਲਾ ਲਈ 'ਆਪ' ਵਲੋਂ ਦਿੱਤੀ ਗਰੰਟੀਆਂ ਦੀ ਕੀਤੀ ਆਲੋਚਨਾ

**ਪਟਿਆਲਾ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੀ ਸੀਨੀਅਰ ਆਗੂ ਅਤੇ ਭਾਜਪਾ ਮਹਿਲਾ ਮੋਰਚਾ ਪੰਜਾਬ ਦੀ ਪ੍ਰਧਾਨ ਜੈ ਇੰਦਰ ਕੌਰ ਨੇ ਅੱਜ ਪਟਿਆਲਾ ਨਗਰ ਨਿਗਮ ਚੋਣਾਂ ਲਈ ਆਮ ਆਦਮੀ ਪਾਰਟੀ ਦੀਆਂ 5 ਚੋਣ ਗਰੰਟੀਆਂ ਦੀ ਸਖ਼ਤ ਨਿਖੇਧੀ ਕਰਦਿਆਂ ਇਨ੍ਹਾਂ ਨੂੰ ਨਵੀਂ ਪੈਕੇਜਿੰਗ, ਪਰ ਪੁਰਾਣੀ ਸਮੱਗਰੀ ਕਰਾਰ ਦਿੱਤਾ ਹੈ।

ਇੱਥੇ ਜਾਰੀ ਇੱਕ ਬਿਆਨ ਵਿੱਚ ਜੈ ਇੰਦਰ ਕੌਰ ਨੇ ਕਿਹਾ, ਆਮ ਆਦਮੀ ਪਾਰਟੀ ਸਿਰਫ਼ ਝੂਠ ਅਤੇ ਝੂਠੇ ਵਾਅਦਿਆਂ ਨਾਲ ਭਰੀ ਪਾਰਟੀ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀ ਉਨ੍ਹਾਂ ਨੇ ਪੰਜਾਬ ਦੀਆਂ ਔਰਤਾਂ ਨੂੰ ਇਕ ਗਾਰੰਟੀ ਦਿੱਤੀ ਸੀ ਕਿ ਉਹ ਹਰ ਔਰਤ ਨੂੰ ?. 1000 ਪ੍ਰਤੀ ਮਹੀਨਾ ਦੇਣਗੇ, ਲਗਭਗ 3 ਸਾਲ ਹੋ ਗਏ ਹਨ ਅਤੇ ਉਹ ਆਪਣੀ ਗਰੰਟੀ ਨੂੰ ਪੂਰਾ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੇ ਹਨ।

ਉਨ੍ਹਾਂ ਅੱਗੇ ਕਿਹਾ, ਹੁਣ ਇੱਕ ਵਾਰ ਫਿਰ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਕੱਲ੍ਹ ਪਟਿਆਲਾ ਦੇ ਲੋਕਾਂ ਨੂੰ 5 ਨਵੀਆਂ ਗਾਰੰਟੀਆਂ ਦੇਣ ਲਈ ਪਟਿਆਲਾ ਆਏ ਸਨ, ਪਰ ਉਹ ਇਹ ਦੱਸਣ ਵਿੱਚ ਅਸਫਲ ਰਹੇ ਕਿ ਉਨ੍ਹਾਂ ਵੱਲੋਂ ਦਿੱਤੀਆਂ ਗਈਆਂ ਇਨ੍ਹਾਂ ਅਖੌਤੀ



ਗਾਰੰਟੀਆਂ ਦੇ ਪ੍ਰੋਜੈਕਟ ਦਾ ਕੰਮ ਪਹਿਲਾਂ ਤੋਂ ਹੀ ਚੱਲ ਰਿਹਾ ਹੈ ਅਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਕੀਤਾ ਜਾ ਰਹੀ ਹੈ। 50 ਨਵੀਆਂ ਈ-ਬੱਸਾਂ ਦਾ ਉਨ੍ਹਾਂ ਦਾ ਪਹਿਲਾ ਵਾਅਦਾ ਪੰਜਾਬ ਸਰਕਾਰ ਦਾ ਕੋਈ ਪ੍ਰੋਜੈਕਟ ਨਹੀਂ ਹੈ, ਇਹ ਕੇਂਦਰ ਸਰਕਾਰ ਦਾ ਪ੍ਰੋਜੈਕਟ ਹੈ ਅਤੇ ਪਹਿਲਾਂ ਹੀ ਜੁਲਾਈ ਵਿੱਚ ਪੀ.ਐਮ.-ਈ-ਬੱਸ ਸੇਵਾ ਸਕੀਮ ਤਹਿਤ ਪਟਿਆਲਾ ਲਈ ਮਨਜ਼ੂਰ ਹੋ ਚੁੱਕਾ ਹੈ। ਇਸ ਪ੍ਰੋਜੈਕਟ 'ਤੇ ਭੁਗਤਾਨ ਦਾ ਵੱਡਾ ਹਿੱਸਾ ਵੀ ਕੇਂਦਰ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ। ਇਸ ਲਈ 'ਆਪ' ਨੂੰ ਸਿਰਫ਼ ਝੂਠੀ ਇਸ਼ਤਿਹਾਰਬਾਜ਼ੀ ਦੀ ਰਾਜਨੀਤੀ ਕਰਨ ਦੀ ਬਜਾਏ ਲੋਕਾਂ ਨੂੰ ਸੱਚ ਦੱਸਣਾ ਚਾਹੀਦਾ ਹੈ।

ਉਨ੍ਹਾਂ ਨੇ ਅੱਗੇ ਕਿਹਾ, ਆਪ ਲੀਡਰ ਨੇ ਸਰਹਿੰਦ ਰੋਡ ਦੇ 4 ਮਾਰਗੀ ਕੰਮ ਨੂੰ ਇੱਕ ਹੋਰ ਗਰੰਟੀ ਵਜੋਂ ਦਾਅਵਾ ਕੀਤਾ, ਜੋ ਕਿ ਅਸਲ ਵਿੱਚ ਕੇਂਦਰ ਸਰਕਾਰ ਦੁਆਰਾ ਕੀਤਾ ਜਾ ਰਿਹਾ ਹੈ ਅਤੇ ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ ਜੀ ਦੀ ਬਹੁਤ ਮਿਹਨਤ ਤੋਂ ਬਾਅਦ ਮਨਜ਼ੂਰ ਕੀਤਾ ਗਿਆ ਸੀ, ਕਿਉਂਕਿ ਪੰਜਾਬ ਸਰਕਾਰ ਜ਼ਮੀਨ ਗ੍ਰਹਿਣ ਕਰਨ ਲਈ ਆਪਣੇ ਹਿੱਸੇ ਦਾ ਭੁਗਤਾਨ ਕਰਨ ਤੋਂ ਇਨਕਾਰ ਕਰ ਰਹੀ ਸੀ। ਇਸੇ ਤਰ੍ਹਾਂ ਪਟਿਆਲਾ ਲਈ 247 ਨਹਿਰੀ ਪੀਣ ਵਾਲੇ ਪਾਣੀ ਦਾ ਪ੍ਰਾਜੈਕਟ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਦੇ ਦਿਮਾਗ ਦੀ ਉਪਜ ਸੀ ਅਤੇ ਕੇਂਦਰ ਸਰਕਾਰ ਦੀ ਸਹਾਇਤਾ ਨਾਲ ਉਨ੍ਹਾਂ ਵੱਲੋਂ ਸ਼ੁਰੂ ਕੀਤਾ ਗਿਆ ਸੀ। ਉਸ ਪ੍ਰੋਜੈਕਟ ਦਾ ਕੰਮ ਹੁਣ ਤੱਕ ਪੂਰਾ ਹੋ ਜਾਣਾ ਚਾਹੀਦਾ ਸੀ, ਜੇਕਰ ਆਪ ਸਰਕਾਰ ਨੇ ਆਪਣੇ ਚੋਣ ਲਾਭ ਲਈ ਇਸ ਨੂੰ ਜਾਣਬੁੱਝ ਕੇ ਨਾ ਰੋਕਿਆ ਹੁੰਦਾ।ਇੰਨਾ ਹੀ ਨਹੀਂ ਪਟਿਆਲਾ ਦੇ ਡੰਪ ਗਰਾਊਂਡ ਨੂੰ ਸਾਫ਼ ਕਰਨ ਦਾ ਕੰਮ ਵੀ ਮੌਜੂਦਾ 'ਆਪ' ਸਰਕਾਰ ਵੱਲੋਂ ਰੋਕ ਦਿੱਤਾ ਗਿਆ ਸੀ, ਭਾਵੇਂ ਕਿ ਪਿਛਲੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਫੰਡ ਪਹਿਲਾਂ ਹੀ ਮਨਜ਼ੂਰ ਕੀਤੇ ਗਏ ਸਨ ਅਤੇ ਅੱਧਾ ਕੰਮ ਪੂਰਾ ਹੋ ਚੁੱਕਾ ਸੀ।

# ਅੰਮ੍ਰਿਤਸਰ ਦੇ ਇਸਲਾਮਾਬਾਦ ਥਾਣੇ 'ਚ ਧਮਾਕਾ

## ਕਿਸੇ ਜਾਨੀ ਨੁਕਸਾਨ ਤੋਂ ਬਚਾਅ; ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਸਣੇ ਹੋਰ ਪੁਲਿਸ ਅਧਿਕਾਰੀ ਮੌਕੇ 'ਤੇ ਪੁੱਜੇ; ਜਰਮਨੀ ਅਧਾਰਿਤ ਗੈਂਗਸਟਰ ਜੀਵਨ ਫੌਜੀ ਨੇ ਜ਼ਿੰਮੇਵਾਰੀ ਲਾਈ

**ਅੰਮ੍ਰਿਤਸਰ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਥਾਣਿਆਂ 'ਤੇ ਹੋ ਰਹੇ ਹਮਲਿਆਂ ਦੀ ਕੜੀ ਤਹਿਤ ਅੱਜ ਇੱਥੇ ਇਸਲਾਮਾਬਾਦ ਥਾਣੇ ਵਿੱਚ ਵੀ ਤੇਜ਼ ਧਮਾਕਾ ਹੋਇਆ ਹੈ। ਮੌਕੇ 'ਤੇ ਪੁੱਜੇ ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਸਮੇਤ ਹੋਰ ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਤੇਜ਼ ਧਮਾਕੇ ਦੀ ਆਵਾਜ਼ ਆਈ ਹੈ, ਪਰ ਇਸ ਨਾਲ ਕੋਈ ਨੁਕਸਾਨ ਨਹੀਂ ਹੋਇਆ ਹੈ।

ਤੇਜ਼ ਧਮਾਕੇ ਦੀ ਆਵਾਜ਼ ਵੱਡੇ ਤੜਕੇ ਕਰੀਬ 3 ਵਜੇ ਸੁਣਾਈ ਦਿੱਤੀ, ਜਿਸ ਤੋਂ ਬਾਅਦ ਲੋਕਾਂ ਵਿੱਚ ਡਰ ਵਾਲਾ ਮਾਹੌਲ ਬਣ ਗਿਆ। ਜਰਮਨੀ ਅਧਾਰਿਤ ਗੈਂਗਸਟਰ ਜੀਵਨ ਫੌਜੀ ਨੇ ਸੋਸ਼ਲ ਮੀਡੀਆ 'ਤੇ




ਇਸਲਾਮਾਬਾਦ ਪੁਲਿਸ ਥਾਣੇ 'ਚ ਮੌਜੂਦ ਪੁਲਿਸ ਅਧਿਕਾਰੀ।

ਇਸ ਧਮਾਕੇ ਦੀ ਜ਼ਿੰਮੇਵਾਰੀ ਲਈ ਹੈ। ਦੂਜੇ ਪਾਸੇ ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਫੋਰੈਂਸਿਕ ਟੀਮਾਂ ਨੂੰ ਸੱਦਿਆ ਗਿਆ ਹੈ ਅਤੇ ਜਾਂਚ ਮਗਰੋਂ ਹੀ ਧਮਾਕੇ ਬਾਰੇ ਸਹੀ ਢੰਗ ਨਾਲ ਕੁਝ ਕਿਹਾ ਜਾ ਸਕਦਾ ਹੈ।

ਦੱਸਣਯੋਗ ਹੈ ਕਿ ਹੁਣ ਤੱਕ ਅਜਿਹੀਆਂ ਛੇ ਘਟਨਾਵਾਂ ਵਾਪਰ ਚੁੱਕੀਆਂ ਹਨ। ਕੁਝ ਦਿਨ ਪਹਿਲਾਂ ਚਾਰ ਦਸੰਬਰ ਨੂੰ ਮਜੀਠਾ ਥਾਣੇ ਦੇ ਅੰਦਰ ਵੀ ਅਜਿਹਾ ਹੀ ਤੇਜ਼ ਧਮਾਕਾ ਹੋਇਆ ਸੀ, ਜਿਸ ਨੂੰ ਪੁਲੀਸ ਵੱਲੋਂ ਵਾਹਨ ਦੇ ਟਾਇਰ ਫਟਣ ਕਾਰਨ ਹੋਇਆ ਧਮਾਕਾ ਦੱਸਿਆ ਗਿਆ ਸੀ। ਇਸ ਤੋਂ ਪਹਿਲਾਂ ਅੰਮ੍ਰਿਤਸਰ ਸ਼ਹਿਰ ਵਿੱਚ ਗੁਰਬਖਸ਼ ਨਗਰ ਪੁਲੀਸ ਚੌਂਕੀ ਦੇ ਅੰਦਰ ਵੀ ਧਮਾਕਾ ਹੋਇਆ ਸੀ। ਪੁਲੀਸ ਚੌਂਕੀ ਦੀ ਇਹ ਇਮਾਰਤ ਕੁਝ ਸਮੇਂ ਤੋਂ ਬੰਦ ਪਈ ਸੀ। ਇਸੇ ਤਰ੍ਹਾਂ ਅਜਨਾਲਾ ਪੁਲੀਸ ਥਾਣੇ ਦੇ ਬਾਹਰ ਵੀ ਵਿਸਫੋਟਕ ਸਮੱਗਰੀ ਮਿਲੀ ਸੀ।

ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਪੁਲੀਸ ਪਹਿਲਾਂ ਵੀ ਵਿਦੇਸ਼ ਬੈਠੇ ਗੈਂਗਸਟਰਾਂ ਲਈ ਕੰਮ ਕਰ ਰਹੇ ਕੁਝ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ। ਇਨ੍ਹਾਂ ਵਿੱਚੋਂ ਦੋ ਵਿਅਕਤੀ ਥਾਣੇ ਦੇ ਬਾਹਰ ਵਿਸਫੋਟਕ ਸਮਗਰੀ ਰੱਖਣ ਦੇ ਮਾਮਲੇ ਵਿੱਚ ਵੀ ਗ੍ਰਿਫਤਾਰ ਕੀਤੇ ਗਏ ਹਨ। ਪੁਲੀਸ ਇਸ ਮਾਮਲੇ ਵਿੱਚ ਹੋਰ ਜਾਂਚ ਕਰ ਰਹੀ ਹੈ ਅਤੇ ਜਲਦੀ ਹੋਰ ਗ੍ਰਿਫਤਾਰੀ ਦੀ ਸੰਭਾਵਨਾ ਹੈ। ਅੱਜ ਦੇ ਧਮਾਕੇ ਬਾਰੇ ਉਨ੍ਹਾਂ ਕਿਹਾ ਕਿ ਧਮਾਕੇ ਦੀ ਆਵਾਜ਼ ਜ਼ਰੂਰ ਆਈ ਹੈ ਪਰ ਥਾਣੇ ਦੇ ਅੰਦਰ ਕੋਈ ਨੁਕਸਾਨ ਨਹੀਂ ਹੋਇਆ ਹੈ। ਰਾਤ ਡਿਊਟੀ 'ਤੇ ਤਾਇਨਾਤ ਸੰਤਰੀ ਨੇ ਆਵਾਜ਼ ਸੁਣੀ ਸੀ। ਉਨ੍ਹਾਂ ਕਿਹਾ ਕਿ ਫੋਰੈਂਸਿਕ ਟੀਮਾਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

# ਸੜਕ ਹਾਦਸੇ 'ਚ ਕਾਰ ਸਵਾਰ ਤਿੰਨ ਵਿਅਕਤੀਆਂ ਦੀ ਮੌਤ, ਇੱਕ ਜ਼ਖ਼ਮੀ

## ਸੰਗਰੂਰ ਰੋਡ 'ਤੇ ਪਿੰਡ ਲੱਡਾ ਨਜ਼ਦੀਕ ਟਰੱਕ ਨਾਲ ਹੋਈ ਟੱਕਰ

**ਮਸਤੂਆਣਾ ਸਾਹਿਬ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਨੇੜਲੇ ਪਿੰਡ ਲੱਡਾ ਨਜ਼ਦੀਕ ਟਰੱਕ ਤੇ ਕਾਰ ਦੀ ਆਹਮੋ ਸਾਹਮਣੀ ਟੱਕਰ ਵਿਚ ਤਿੰਨ ਵਿਅਕਤੀਆਂ ਦੀ ਮੌਤ ਅਤੇ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ। ਨੇੜਲੇ ਪਿੰਡ ਕਾਂਝਲਾ ਦੇ ਸਰਪੰਚ ਸਤਿਗੁਰ ਸਿੰਘ ਅਤੇ ਸਮਾਜ ਸੇਵੀ ਭਗਵੰਤ ਰਾਏ ਜੋਸ਼ੀ ਕਾਂਝਲਾ ਨੇ ਦੱਸਿਆ ਕਿ ਪਿੰਡ ਦੇ ਨੌਜਵਾਨ ਅਮਨਜੋਤ ਸਿੰਘ, ਸਤਿਗੁਰ ਸਿੰਘ ਅਤੇ ਹਸਨਪੁਰ ਦੇ ਜਗਸੀਰ ਸਿੰਘ ਜੱਗੀ ਅਤੇ ਗੁਰਸੇਵਕ ਸਿੰਘ ਕਾਰ ਉੱਤੇ ਪਿੰਡ ਕਾਂਝਲੇ ਤੋਂ ਵਾਇਆ ਲੱਡਾ ਹੋ ਕੇ ਸੰਗਰੂਰ ਵੱਲ ਜਾ ਰਹੇ ਸਨ। ਜਿਉਂ ਹੀ ਉਹ ਲੱਡਾ ਪੈਟਰੋਲ ਪੰਪ ਨਜ਼ਦੀਕ ਪਹੁੰਚੇ ਤਾਂ ਸੰਗਰੂਰ ਵੱਲੋਂ ਆ ਰਹੇ ਇੱਕ ਟਰੱਕ ਨਾਲ ਟੱਕਰ ਹੋ ਗਈ। ਹਾਦਸੇ ਵਿਚ ਸਤਿਗੁਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਕਾਂਝਲਾ ਅਤੇ ਜਗਸੀਰ ਸਿੰਘ ਜੱਗੀ ਵਾਸੀ ਹਸਨਪੁਰ ਦੀ ਮੌਕੇ 'ਤੇ ਹੀ ਮੌਤ ਹੋ ਗਈ।



ਅਮਨਜੋਤ ਸਿੰਘ ਪੁੱਤਰ ਬਿੱਟੂ ਸਿੰਘ ਵਾਸੀ ਕਾਂਝਲਾ ਅਤੇ ਗੁਰਸੇਵਕ ਸਿੰਘ ਵਾਸੀ ਹਸਨਪੁਰ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ। ਅਮਨਜੋਤ ਸਿੰਘ ਕਾਂਝਲਾ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਅਮਰ ਹਸਪਤਾਲ ਪਟਿਆਲਾ ਰੈਫਰ ਕੀਤਾ ਗਿਆ, ਪਰ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਉਸ ਦੀ ਵੀ ਮੌਤ ਹੋ ਗਈ। ਗੁਰਸੇਵਕ ਸਿੰਘ ਵਾਸੀ ਹਸਨਪੁਰ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਅਧੀਨ ਹੈ। ਥਾਣਾ ਸਦਰ ਧੂਰੀ ਦੇ ਇੰਚਾਰਜ ਕਰਮਜੀਤ ਸਿੰਘ ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਵੱਲੋਂ ਬਿਆਨ ਲੈਣ ਉਪਰੰਤ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਆਯੋਜਿਤ ਕੌਮੀ ਮੁਸ਼ਾਇਰੇ ਨੇ ਦਿੱਤਾ ਭਾਈਚਾਰਕ ਸਾਂਝ ਤੇ ਮੁਹੱਬਤ ਦਾ ਪੈਗਾਮ

**ਪਟਿਆਲਾ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਰਹਿਨੁਮਾਈ 'ਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਕਾਲੀਦਾਸ ਆਡੀਟੋਰੀਅਮ (ਐਨ.ਜੈੱਡ.ਸੀ.ਸੀ.) ਭਾਸ਼ਾ ਭਵਨ ਪਟਿਆਲਾ ਵਿਖੇ ਕੌਮੀ ਮੁਸ਼ਾਇਰਾ ਕਰਵਾਇਆ ਗਿਆ ਜਿਸ ਵਿੱਚ ਉਰਦੂ ਦੇ ਨਾਮਵਰ ਸ਼ਾਇਰਾ ਨੇ ਆਪਣੇ ਕਲਾਮ ਪੇਸ਼ ਕਰਕੇ ਭਾਈਚਾਰਕ ਸਾਂਝ, ਮੁਹੱਬਤ ਤੇ ਏਕਤਾ ਦਾ ਪੈਗਾਮ ਦਿੱਤਾ। ਇਸ ਮੁਸ਼ਾਇਰੇ ਦੀ ਪ੍ਰਧਾਨਗੀ ਸ਼੍ਰੋਮਣੀ ਉਰਦੂ ਸਾਹਿਤਕਾਰ ਡਾ. ਅਜ਼ੀਜ਼ ਪਰਿਹਾਰ ਨੇ ਕੀਤੀ। ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਮੁਸ਼ਾਇਰੇ ਦਾ ਵੱਡੀ ਗਿਣਤੀ 'ਚ ਸਾਹਿਤ ਰਸੀਆ ਨੇ ਆਨੰਦ ਮਾਣਿਆ।

ਸ. ਜਸਵੰਤ ਸਿੰਘ ਜ਼ਫ਼ਰ ਨੇ ਆਪਣੇ ਸਵਾਗਤੀ ਭਾਸ਼ਨ ਦੌਰਾਨ ਕਿਹਾ ਕਿ ਪੰਜਾਬੀ ਵਿੱਚ ਗਜ਼ਲ ਵਰਗੀ ਦਿਲਚਸਪ ਵਿਧਾ ਦੀ ਆਮਦ ਉਰਦੂ ਰਾਹੀਂ ਹੋਈ ਹੈ। ਉਰਦੂ ਦੀ ਪੈਦਾਇਸ਼ ਵੀ ਪੰਜਾਬ 'ਚੋਂ ਹੀ ਹੋਈ ਹੈ ਅਤੇ ਕਿਸੇ ਸਮੇਂ ਉਰਦੂ ਜ਼ੁਬਾਨ ਦਾ ਪੰਜਾਬ 'ਚ ਬਹੁਤ ਬੋਲਬਾਲਾ ਰਿਹਾ ਹੈ ਪਰ ਅਫਸੋਸ ਦੀ ਗੱਲ ਹੈ ਕਿ ਸਿਆਸੀ ਚਾਲਾਂ ਦੀ ਬਦੌਲਤ ਸਾਡੀਆਂ ਖ਼ੂਬਸੂਰਤ ਭਾਸ਼ਾਵਾਂ ਨੂੰ ਵੱਖ-ਵੱਖ ਫਿਰਕਿਆਂ ਨਾਲ ਜੋੜ ਦਿੱਤਾ ਗਿਆ। ਕਈ ਵਾਰ ਜਾਪਿਆ ਕਿ ਉਰਦੂ ਨੂੰ ਪੰਜਾਬ ਤੋਂ ਬੇਦਖਲ ਕਰ ਦਿੱਤਾ ਗਿਆ ਪਰ ਇਹ ਇਸ ਭਾਸ਼ਾ ਦੀ ਤਾਕਤ ਹੈ ਕਿ ਇਹ ਭਾਸ਼ਾ ਅਜੇ ਪੰਜਾਬੀਆਂ ਦੇ ਦਿਲਾਂ ਦੇ ਕਰੀਬ ਹੈ। ਉਨ੍ਹਾਂ ਕਿਹਾ ਕਿ ਪੰਜਾਬੀ, ਉਰਦੂ, ਹਿੰਦੀ ਤੇ ਸੰਸਕ੍ਰਿਤ ਇੱਕ-ਦੂਜੇ ਦੀਆਂ ਪੂਰਕ ਹਨ ਅਤੇ ਇਨ੍ਹਾਂ ਨੇ ਆਪਸੀ ਅਦਾਨ ਪ੍ਰਦਾਨ ਨਾਲ ਵਧੇਰੇ ਵਿਕਾਸ ਕੀਤਾ ਹੈ। ਇਸੇ ਮਨੋਰਥ ਦੀ ਪੂਰਤੀ ਲਈ ਭਾਸ਼ਾ ਵਿਭਾਗ ਵੱਲੋਂ ਪੰਜਾਬੀ ਦੇ ਨਾਲ-ਨਾਲ ਉਰਦੂ, ਹਿੰਦੀ ਅਤੇ ਸੰਸਕ੍ਰਿਤ ਭਾਸ਼ਾ ਨੂੰ ਢੁਕਵਾਂ ਸਥਾਨ ਦੇਣ ਲਈ ਮਿਆਰੀ ਸਮਾਗਮ ਰਚਾਏ ਜਾਂਦੇ ਹਨ ਅਤੇ ਹੋਰ ਵੀ ਉਪਰਾਲੇ ਕੀਤੇ ਜਾਂਦੇ ਹਨ।

ਸਮਾਗਮ ਦੇ ਪ੍ਰਧਾਨ ਡਾ. ਅਜ਼ੀਜ਼ ਪਰਿਹਾਰ ਨੇ ਕਿਹਾ ਕਿ ਜ਼ਿੰਦਗੀ ਦੀਆਂ ਤਲਖੀਆਂ ਤੋਂ ਰਾਹਤ ਦਿਵਾਉਣ ਲਈ ਸਾਨੂੰ ਸ਼ਾਇਰੀ ਦਾ ਸਹਾਰਾ ਲੈਣਾ ਚਾਹੀਦਾ ਹੈ। ਇਹ ਜ਼ਿੰਦਗੀ ਦੇ ਹਰ ਪੜਾਅ 'ਤੇ ਸਕੂਨ ਦੇਣ ਦੀ ਸਮਰੱਥਾ ਰੱਖਦੀ ਹੈ। ਜਿਸ ਵਿਅਕਤੀ ਦਾ ਸੰਗੀਤ ਤੇ ਸ਼ਾਇਰੀ ਨਾਲ ਲਗਾਓ ਹੈ ਉਸ ਦੀ ਜ਼ਿੰਦਗੀ 'ਚ ਕਦੇ ਵੀ ਨੀਰਸਤਾ ਨਹੀਂ ਆਉਂਦੀ। ਉਨ੍ਹਾਂ ਕਿਹਾ ਕਿ ਸ਼ਾਇਰੀ ਸਿਰਜਣ ਵਾਲੇ ਨੂੰ ਵੀ ਸਮਾਜ 'ਚ ਵੱਖਰੀ ਪਹਿਚਾਣ ਦਿੰਦੀ ਹੈ ਅਤੇ ਸ਼ਾਇਰ ਦੇਸ਼ ਦੀ ਏਕਤਾ, ਅਖੰਡਤਾ ਤੇ ਭਾਈਚਾਰਕ ਸਾਂਝ 'ਚ ਬਹੁਤ ਵੱਡਾ ਯੋਗਦਾਨ ਪਾਉਂਦੇ ਹਨ। ਉਨ੍ਹਾਂ ਭਾਸ਼ਾ ਵਿਭਾਗ ਵੱਲੋਂ ਕਰਵਾਏ ਗਏ ਕੌਮੀ ਮੁਸ਼ਾਇਰੇ ਦੀ ਸ਼ਲ਼ਾਘਾ ਕਰਦਿਆਂ ਕਿਹਾ ਕਿ ਪੰਜਾਬ 'ਚ ਉਰਦੂ ਜ਼ੁਬਾਨ ਨੂੰ ਜ਼ਿੰਦਾ ਰੱਖਣ 'ਚ ਇਸ ਦਾ ਬਹੁਤ ਅਹਿਮ ਯੋਗਦਾਨ ਹੈ। ਉਨ੍ਹਾਂ ਅਪੀਲ ਕੀਤੀ ਕਿ ਅਜੋਕੇ ਦੌਰ 'ਚ ਨਵੀਂ ਪੀੜ੍ਹੀ ਨੂੰ ਅਦਬ ਨਾਲ ਜੋੜਨ ਲਈ ਅਜਿਹੇ ਉਪਰਾਲੇ ਹੁੰਦੇ ਰਹਿਣੇ ਚਾਹੀਦੇ ਹਨ।

ਮੁਸ਼ਾਇਰੇ ਦੀ ਸ਼ੁਰੂਆਤ ਚੰਡੀਗੜ੍ਹ ਤੋਂ ਆਈ ਸ਼ਹਿਨਾਜ਼ ਭਾਰਤੀ ਨੇ ਆਪਣੇ ਸ਼ੇਅਰ 'ਹਮੇਂ ਸ਼ਹਿਨਾਜ਼ ਇਤਨਾ ਹੀ ਸਮਝ ਆਇਆ ਮੁਹੱਬਤ ਮੇ ਏਕ ਅਧੂਰਾ ਇਸ਼ਕ ਹੋਤਾ ਹੈ' ਨਾਲ ਕੀਤੇ।

ਪਟਿਆਲਾ ਦੇ ਸ਼ਾਇਰ ਅੰਮ੍ਰਿਤਪਾਲ ਸ਼ੈਦਾ ਨੇ 'ਮੇਰੇ ਜ਼ਮੀਰ ਕਾ ਦਾਮਨ ਹੈ ਚਾਂਦ ਸਾ ਉਜਲਾ ਜੋ ਥਾਮਨਾ ਹੋ ਇਸੇ ਦਾਗਦਾਰ ਤੋਂ ਨਾ ਕਰੇ' ਗਜ਼ਲ ਨਾਲ ਮੁਸ਼ਾਇਰੇ ਨੂੰ ਮਘਾ ਦਿੱਤਾ।

## ਸੰਪਾਦਕੀ

# ਪੂਰੀ ਦੁਨੀਆ 'ਚ ਆਪਣੀ ਗਾਇਕੀ ਤੇ ਅਦਾਕਾਰੀ ਦਾ ਲੋਹਾ ਮਨਵਾਉਣ ਵਾਲਾ ਦਿਲਜੀਤ ਦੁਸਾਂਝ

ਪੂਰੀ ਦੁਨੀਆ 'ਚ ਆਪਣੀ ਗਾਇਕੀ ਤੇ ਅਦਾਕਾਰੀ ਦਾ ਲੋਹਾ ਮਨਵਾਉਣ ਵਾਲਾ ਦਿਲਜੀਤ ਦੁਸਾਂਝ ਇਸ ਵੇਲੇ ਭਾਰਤ 'ਚ ਆਪਣਾ ਸੰਗੀਤਕ ਟੂਰ ਕਰ ਰਿਹਾ ਹੈ। ਦੇਸ਼ ਦੇ ਕਈ ਸ਼ਹਿਰਾਂ 'ਚ ਆਪਣੇ ਲਾਈਵ ਕੰਸਰਟ ਮੁਕੰਮਲ ਕਰਨ ਤੋਂ ਬਾਅਦ ਉਸ ਨੇ ਸ਼ਨਿਚਰਵਾਰ ਚੰਡੀਗੜ੍ਹ 'ਚ ਪੇਸ਼ਕਾਰੀ ਦਿੱਤੀ। ਹਜ਼ਾਰਾਂ ਦੀ ਗਿਣਤੀ 'ਚ ਸਰੋਤਿਆਂ ਨੇ ਦੇਸ਼-ਵਿਦੇਸ਼ ਤੋਂ ਪਹੁੰਚ ਕੇ ਇਸ ਪ੍ਰੋਗਰਾਮ ਦਾ ਆਨੰਦ ਮਾਣਿਆ। ਹਾਲਾਂਕਿ ਉਸ ਦਾ ਇਹ ਸ਼ੋਅ ਕਈ ਕਾਰਨਾਂ ਕਰ ਕੇ ਵਿਵਾਦਾਂ 'ਚ ਵੀ ਘਿਰਿਆ। ਕੁਝ ਦਿਨ ਪਹਿਲਾਂ ਬਾਲ ਅਧਿਕਾਰਾਂ ਦੀ ਰਾਖੀ ਬਾਰੇ ਚੰਡੀਗੜ੍ਹ ਦੇ ਕਮਿਸ਼ਨ ਨੇ ਉਸ ਨੂੰ ਸੁਝਾਅ ਦਿੱਤਾ ਕਿ ਉਹ ਸ਼ਰਾਬ, ਨਸ਼ਿਆਂ ਤੇ ਹਿੰਸਾ ਵਾਲੇ ਗੀਤ ਗਾਉਣ ਤੋਂ ਗੁਰੇਜ਼ ਕਰੇ ਅਤੇ ਬੱਚਿਆਂ ਨੂੰ ਮੰਚ 'ਤੇ ਨਾ ਬੁਲਾਏ। ਇਸ ਤੋਂ ਪਹਿਲਾਂ ਹੈਦਰਾਬਾਦ ਵਿੱਚ ਵੀ ਗਾਇਕ ਨੂੰ ਇਸੇ ਤਰ੍ਹਾਂ ਦੀਆਂ ਹਦਾਇਤਾਂ ਕੀਤੀਆਂ ਗਈਆਂ ਸਨ। ਹਾਈ ਕੋਰਟ ਵਿੱਚ ਵੀ ਇਸ ਪ੍ਰੋਗਰਾਮ ਸਬੰਧੀ ਇੱਕ ਪਟੀਸ਼ਨ ਦਾਇਰ ਕੀਤੀ ਗਈ ਜਿੱਥੇ ਸ਼ਹਿਰ ਦੇ ਬਿਲਕੁਲ ਵਿਚਾਲੇ ਪ੍ਰੋਗਰਾਮ ਰੱਖਣ ਨਾਲ ਹੁੰਦੇ ਸ਼ੋਰ, ਆਵਾਜਾਈ ਦੀਆਂ ਦਿੱਕਤਾਂ ਤੇ ਹੋਰ ਪੱਖ ਰੱਖੇ ਗਏ। ਅਦਾਲਤ ਨੇ ਪ੍ਰਬੰਧਕਾਂ ਨੂੰ ਸੁਚਾਰੂ ਟਰੈਫਿਕ ਤੇ ਸ਼ੋਰ ਦੀ ਸੀਮਾ ਨਾਲ ਸਬੰਧਿਤ ਕਈ ਹਦਾਇਤਾਂ ਜਾਰੀ ਕੀਤੀਆਂ।

ਬੀਤੇ ਦਿਨੀਂ ਸੰਪੂਰਨ ਹੋਏ ਪ੍ਰੋਗਰਾਮ ਦੌਰਾਨ ਇਨ੍ਹਾਂ ਵਿੱਚੋਂ ਕਈ ਰੋਕਾਂ ਮੰਨੀਆਂ ਗਈਆਂ ਤੇ ਕਈਆਂ ਦਾ ਉਲੰਘਣ ਵੀ ਹੋਇਆ। ਹਾਲਾਂਕਿ ਗਾਇਕ 'ਤੇ ਲੱਗੀਆਂ ਇਨ੍ਹਾਂ ਰੋਕਾਂ 'ਤੇ ਲੋਕ ਰਾਇ ਵੰਡੀ ਹੋਈ ਨਜ਼ਰ ਆਈ ਜਿਸ 'ਚ ਕਿਤੇ-ਨਾ-ਕਿਤੇ ਦੋਹਰੇ ਮਾਪਦੰਡ ਅਪਨਾਉਣ ਦੀ ਗੱਲ ਵੀ ਉੱਭਰੀ। ਹੈਦਰਾਬਾਦ 'ਚ ਗਾਇਕ ਨੇ ਖ਼ੁਦ ਕਿਹਾ ਸੀ ਕਿ ਜਦੋਂ ਸਰਕਾਰ ਸ਼ਰਾਬ 'ਤੇ ਪੂਰੇ ਦੇਸ਼ 'ਚ ਪਾਬੰਦੀ ਲਾ ਦੇਵੇਗੀ, ਉਹ ਇਸ 'ਤੇ ਗਾਣੇ ਬਣਾਉਣੇ ਬੰਦ ਕਰ ਦੇਵੇਗਾ। ਬੇਸ਼ੱਕ ਸੰਗੀਤ ਇੱਕ ਮਾਧਿਅਮ ਵਜੋਂ ਲੋਕਾਂ ਨੂੰ ਜੋੜਨ ਦਾ ਸ਼ਾਨਦਾਰ ਕਾਰਜ ਕਰਦਾ ਹੈ ਤੇ ਕਲਾਕਾਰ ਇਸ 'ਚ ਅਹਿਮ ਕੜੀ ਹੁੰਦੇ ਹਨ। ਆਜ਼ਾਦ ਪ੍ਰਗਟਾਵੇ 'ਤੇ ਰੋਕ ਕਲਾਕਾਰ ਲਈ ਵੀ ਘੁਟਣ ਦਾ ਕਾਰਨ ਬਣਦੀ ਹੈ ਤੇ ਪ੍ਰਸ਼ੰਸਕ ਵੀ ਨਿਰਾਸ਼ ਹੁੰਦੇ ਹਨ। ਕਲਾ ਨੂੰ ਇਸ ਦੇ ਸੰਦਰਭ ਤੋਂ ਵੱਖ ਕਰ ਕੇ ਪਾਬੰਦੀ ਲਾਉਣ ਦੀ ਕੋਈ ਤੁੱਕ ਨਹੀਂ ਬਣਦੀ। ਅਤੀਤ 'ਚ ਵੀ ਕਈ ਇਸ ਤਰ੍ਹਾਂ ਦੀਆਂ ਗ਼ਜ਼ਲਾਂ ਤੇ ਗੀਤ ਹਨ ਜੋ ਸ਼ਰਾਬ ਦੀ ਸਿਫ਼ਤ 'ਚ ਹਨ। ਕੀ ਸਾਨੂੰ ਉਹ ਸੁਣਨੇ ਬੰਦ ਕਰ ਦੇਣੇ ਚਾਹੀਦੇ ਹਨ। ਕਈ ਅਜਿਹੇ ਵਿਦੇਸ਼ੀ ਗਾਇਕ ਵੀ ਭਾਰਤ 'ਚ ਪੇਸ਼ਕਾਰੀ ਦਿੰਦੇ ਹਨ, ਜਿਨ੍ਹਾਂ ਦੇ ਗੀਤਾਂ ਦੀ ਭਾਸ਼ਾ 'ਸਭਿਅਕ' ਨਹੀਂ ਹੁੰਦੀ, ਪਰ ਉਨ੍ਹਾਂ ਨੂੰ ਕਿਸੇ ਰੋਕ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਲੋੜੀਂਦੀਆਂ ਰੋਕਾਂ ਨੂੰ ਕਈ ਵਾਰ ਜ਼ਰੂਰੀ ਨਹੀਂ ਕਿ ਸਰਕਾਰ ਦੇ ਨੈਤਿਕਤਾ ਦੇ ਪੈਮਾਨੇ ਨਾਲ ਰਲਗੱਡ ਕਰ ਕੇ ਹੀ ਦੇਖਿਆ ਜਾਵੇ।

ਸ਼ਹਿਰ ਦੇ ਭੀੜ ਭਾੜ ਵਾਲੇ ਰਿਹਾਇਸ਼ੀ ਇਲਾਕੇ ਦੇ ਬਿਲਕੁਲ ਵਿਚਾਲੇ ਇਸ ਪੱਧਰ ਦੇ ਪ੍ਰੋਗਰਾਮ ਦੀ ਪ੍ਰਵਾਨਗੀ ਦੇਣ 'ਤੇ ਪ੍ਰਸ਼ਾਸਨ ਵੀ ਸਵਾਲਾਂ ਦੇ ਘੇਰੇ 'ਚ ਆਇਆ ਕਿਉਂਕਿ ਲਾਗੇ ਕਈ ਹਸਪਤਾਲ ਤੇ ਹੋਰ ਮਹੱਤਵਪੂਰਨ ਥਾਵਾਂ ਸਥਿਤ ਹਨ। ਪ੍ਰੋਗਰਾਮ ਦੌਰਾਨ ਗਾਇਕ ਨੇ ਵੀ ਇਸ 'ਤੇ ਪ੍ਰਤੀਕਿਰਿਆ ਦਿੱਤੀ ਤੇ ਚੰਡੀਗੜ੍ਹ ਪ੍ਰਸ਼ਾਸਨ 'ਤੇ ਤਨਜ਼ ਕੱਸਿਆ। ਉਸ ਨੇ ਕਿਹਾ ਕਿ ਕਲਾਕਾਰਾਂ ਨੂੰ ਪ੍ਰੇਸ਼ਾਨ ਕਰਨ ਨਾਲੋਂ ਚੰਗਾ ਹੈ ਕਿ ਬੁਨਿਆਦੀ ਢਾਂਚਾ ਤੇ ਪ੍ਰਬੰਧ ਪੁਖ਼ਤਾ ਹੋਣ। ਪ੍ਰਸ਼ਾਸਨ ਨੂੰ ਵੀ ਚਾਹੀਦਾ ਹੈ ਕਿ ਉਹ ਸਾਰੇ ਪੱਖਾਂ ਦਾ ਖਿਆਲ ਰੱਖੇ। ਇਸ ਤਰ੍ਹਾਂ ਦੇ ਪ੍ਰੋਗਰਾਮ ਕਰਵਾਉਣ ਤੋਂ ਪਹਿਲਾਂ ਪ੍ਰਸ਼ਾਸਨ ਨੂੰ ਸਾਰੇ ਹਿੱਤਧਾਰਕ ਨਾਲ ਮਸ਼ਵਰਾ ਕਰਨਾ ਚਾਹੀਦਾ ਹੈ ਤਾਂ ਕਿ ਕਿਸੇ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ ਪ੍ਰਭਾਵਿਤ ਨਾ ਹੋਵੇ ਤੇ ਜ਼ਰੂਰੀ ਸੇਵਾਵਾਂ ਅਤੇ ਆਵਾਜਾਈ ਨਿਰਵਿਘਨ ਚੱਲੇ।

# ਪੰਜਰੱਥ ਵੱਲੋਂ ਐਕਟ ਅਧੀਨ ਛੁੱਟੀਆਂ ਕਰਨ ਦੀ ਮੰਗ

**ਪਾਤੜਾਂ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਅਗਾਮੀ ਸਾਲ 2025 ਲਈ ਗਜ਼ਟਿਡ ਅਤੇ ਰਾਖਵੀਆਂ ਛੁੱਟੀਆਂ ਸਬੰਧੀ ਕੈਲੰਡਰ ਜਾਰੀ ਕੀਤਾ ਗਿਆ ਹੈ ਜਿਸ ਵਿਚ ਕੁੱਝ ਛੁੱਟੀਆਂ ਨੂੰ ਤਰਜੀਹੀ ਤੌਰ ਤੇ ਰੱਦ ਕੀਤੇ ਜਾਣ ਉਪਰੰਤ ਛੁਟੀਆਂ ਦੇਣ ਸਬੰਧੀ ਮੰਗ ਉਠ ਖੜ੍ਹੀ ਹੈ ਕਿਉਂਕਿ ਇਹ ਛੁਟੀਆਂ ਆਸਥਾ ਨਾਲ ਜੁੜੀਆਂ ਹੋਈਆਂ ਹੋਈਆਂ ਹਨ।

ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਕਾਰਜਕਾਰਨੀ ਦੇ ਸਪੈਸ਼ਲ ਇਨਵਾਇਟੀ ਮੈਂਬਰ ਅਮਰਜੀਤ ਸਿੰਘ ਪੰਜਰਥ ਨੇਕਿਹਾ ਕੇ ਪੰਜਾਬ ਸਰਕਾਰ ਵੱਲੋਂ ਜਿਹੜੀ ਛੁਟੀਆਂ ਦੀ ਸੂਚੀ ਸਾਲ 2025- 26 ਵਿਚ ਛੁੱਟੀਆਂ ਦੀ ਸੁੱਚੀ ਵਿੱਚ ਧਾਰਾ 1881 ਅਧੀਨ ਪੰਜਾਬ ਰਾਜ ਅੰਦਰ ਬੈਂਕਾਂ ਅੰਦਰ ਕੀਤੀਆਂ ਜਾਣ ਵਾਲੀਆਂ ਕਈ ਛੁੱਟੀਆਂ ਰੱਦ ਕੀਤੀਆਂ ਗਈਆਂ ਹਨ। ਜਿਨਾਂ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ - ਸ੍ਰੀ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ- ਸ੍ਰੀ ਰਾਮ ਨੌਮੀ- ਦੁਸਹਿਰਾ ਆਦਿ ਛੁੱਟੀਆਂ ਵੀ ਐਨ ਆਈ ਐਕਟ 1881 ਅਧੀਨ ਸ਼ਾਮਿਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਕਿਉਂਕਿ ਇਹ ਛੁਟੀਆਂ ਬਹੁਤਾਤ ਕਰਮਚਾਰੀਆਂ ਦੀ ਆਸਥਾ ਨਾਲ ਜੁੜੀਆਂ ਹੋਈਆਂ ਹਨ ਇਸ ਲਈ ਪੰਜਾਬ ਸਰਕਾਰ ਨੂੰ ਦੁਬਾਰਾ ਇਸ ਵਿਸ਼ੇਸ਼ ਵਿਸੇ ਤੇ ਗੌਰ ਕਰਨਾ ਚਾਹੀਦਾ ਹੈ।

# ਸ੍ਰੀ ਬੁੱਧ ਰਾਮ ਖਾਲਸਾ ਜੀ ਦੀ ਅੰਤਿਮ ਅਰਦਾਸ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਹੋਈ



**ਗਿੱਦੜਬਾਹਾ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਝ ਦਿਨ ਪਹਿਲਾਂ ਸ੍ਰੀ ਬੁੱਧ ਰਾਮ ਖਾਲਸਾ ਜੀ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਦੇ ਵਿੱਚ ਜਾ ਬਿਰਾਜੇ ਸਨ ਅੱਜ ਉਨ੍ਹਾਂ ਦੀ ਅੰਤਿਮ ਅਰਦਾਸ ਲਈ ਰੱਖੇ ਪਾਠ ਦੇ ਭੋਗ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਮੁਹੱਲਾ ਬੈਂਟਾਬਾਦ ਵਿਖੇ ਪਾਏ ਗਏ ਇਸ ਮੌਕੇ ਤੇ ਗਿੱਦੜਬਾਹਾ ਹਲਕੇ ਦੇ ਐਮਐਲਏ ਹਰਦੀਪ ਸਿੰਘ ਡਿੰਪੀ ਢਿੱਲੋ ਜੀ ਦੇ ਪੁੱਤਰ ਪੈਵੀ ਢਿੱਲੋ ਜੀ ਵੱਲੋਂ ਬੁੱਧਰਾਮ ਖਾਲਸਾ ਜੀ ਦੀ ਅੰਤਿਮ ਅਰਦਾਸ ਦੇ ਵਿੱਚ ਸ਼ਾਮਿਲ ਹੋ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਇਸ ਮੌਕੇ ਤੇ ਡਾ ਸੁਖਦੇਵ ਸਿੰਘ, ਵਕੀਲ ਕਿੰਗਰਾ ਐਮ ਸੀ ਵਾਰਡ ਨੰਬਰ 11 ਅਤੇ ਭਾਰੀ ਮਾਤਰਾ ਦੇ ਵਿੱਚ ਮੁਹੱਲਾ ਨਿਵਾਸੀ ਰਿਸ਼ਤੇਦਾਰ ਆਦਿ ਹਾਜ਼ਰ ਸਨ

# ਗਿੱਦੜਬਾਹਾ ਤੋਂ ਸ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਐਮਐਲਏ ਬਣਨ ਦੀ ਖੁਸ਼ੀ ਵਿਚ ਜਾਗਰਣ ਕਰਵਾਇਆ ਗਿਆ



**ਗਿੱਦੜਬਾਹਾ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗਿੱਦੜਬਾਹਾ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਵਨੀਤ ਜਿੰਦਲ ਮੋਂਟੀ ਵੱਲੋਂ ਬੀਤੀ ਰਾਤ ਸ਼ਹਿਰ ਦੇ ਸੱਟਾਂ ਬਾਜ਼ਾਰ ਵਿਖੇ ਸਰਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਵਿਧਾਇਕ ਬਣਨ ਦੀ ਖੁਸ਼ੀ ਵਿੱਚ ਮਾਂ ਭਗਵਤੀ ਦਾ ਜਾਗਰਣ ਕਰਵਾਇਆ ਗਿਆ ।

ਇਸ ਜਾਗਰਣ ਵਿੱਚ ਮਾਂ ਭਗਵਤੀ ਦੀ ਪਵਿੱਤਰ ਜੋਤੀ ਪ੍ਰਚੰਡ ਕਰਨ ਦੀ ਰਸਮ ਵਿਧਾਇਕ ਸ ਹਰਦੀਪ ਸਿੰਘ ਡਿੰਪੀ ਢਿੱਲੋਂ ਵੱਲੋਂ ਨਿਭਾਈ ਗਈ। ਜਾਗਰਣ ਦੌਰਾਨ ਅਬੋਹਰ ਤੋਂ ਉਚੇਚੇ ਤੌਰ ਤੇ ਪੁੱਜੇ ਪ੍ਰਸਿੱਧ ਭਜਨ ਗਾਇਕ ਸੁਰਿੰਦਰ ਚੰਚਲ ਵੱਲੋਂ ਮਾਂ ਭਗਵਤੀ ਦੀਆਂ ਸੁੰਦਰ ਭੇਂਟਾ ਦਾ ਗੁਣਗਾਨ ਕੀਤਾ ਗਿਆ।

ਇਸ ਮੌਕੇ ਸ਼ਰਧਾਲੂਆਂ ਲਈ ਲੰਗਰ ਵੀ ਲਗਾਇਆ ਗਿਆ। ਜਾਗਰਣ ਵਿੱਚ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ,ਮਦਨ ਲਾਲ ਜਿੰਦਲ, ਅੰਤਿਮ ਕੁਮਾਰ ਸਿੰਪੀ ਬਾਂਸਲ, ਅਸ਼ੋਕ ਬੁੱਟਰ,ਪੈਵੀ ਢਿੱਲੋਂ,ਓਮ ਪ੍ਰਕਾਸ਼ ਕਾਕਾ,ਸ ਲਾਭ ਸਿੰਘ ਸਿੱਧੂ, ਬਲਤੇਜ ਸਿੰਘ ਸਿੱਧੂ, ਗੁਰਚੇਤ ਸਿੰਘ ਔਲਖ, ਤਰਸੇਮ ਗਰਗ ਅੰਬੀ, ਰਾਕੇਸ਼ ਬਿੱਟੂ, ਅਮਿਤ ਬਾਂਸਲ ਜੇਪੀ, ਅਜੇ ਗੋਇਲ, ਰਾਜਿੰਦਰ ਗਰੋਵਰ ਅਤੇ ਅਰਵਿੰਦ ਕੁਮਾਰ ਆਦਿ ਵੀ ਹਾਜ਼ਰ ਸਨ

# ਪੱਤਰਕਾਰ ਭਾਈਚਾਰਾ ਸੁਨਾਮ ਵਿੱਚ ਚਾਹ ਦਾ ਲੰਗਰ ਲਗਾਏਗਾ



**ਸੁਨਾਮ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੱਤਰਕਾਰ ਭਾਈਚਾਰੇ ਦੀ ਇੱਕ ਮੀਟਿੰਗ ਸਥਾਨਕ ਸ਼ਹਿਰ ਦੇ ਅਰਬਨ ਕ੍ਰੇਵ ਰੈਸਟੋਰੈਂਟ ਵਿਖੇ ਹੋਈ। ਜਿਸ ਵਿੱਚ ਪੱਤਰਕਾਰ ਭਾਈਚਾਰੇ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ 26 ਦਸੰਬਰ ਨੂੰ ਲੰਗਰ ਦੀ ਸੇਵਾ ਕਰਵਾਈ ਜਾਵੇਗੀ। ਸੀਨੀਅਰ ਪੱਤਰਕਾਰ ਤਰੁਣ ਬਾਂਸਲ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਪੱਤਰਕਾਰ ਭਰਾ ਸਮਾਜਿਕ ਅਤੇ ਧਾਰਮਿਕ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਉਨ੍ਹਾਂ ਕਿਹਾ ਕਿ ਹੁਣ ਕੁਝ ਹੀ ਪਲਾਂ ਵਿੱਚ ਫੈਸਲਾ ਕੀਤਾ ਗਿਆ ਹੈ ਕਿ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ 26 ਦਸੰਬਰ ਨੂੰ ਪਟਿਆਲਾ ਰੋਡ 'ਤੇ ਚਾਹ ਦਾ ਲੰਗਰ ਲਾਇਆ ਜਾਵੇਗਾ। ਇਸ ਮੌਕੇ ਵਿਕਰਮ ਸ਼ਰਮਾ ਨੇ ਕਿਹਾ ਕਿ ਇਨ੍ਹਾਂ ਦਿਨਾਂ ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਮਾਜ ਪ੍ਰਤੀ ਕੋਈ ਨਾ ਕੋਈ ਚੰਗਾ ਕੰਮ ਕਰਨ ਤਾਂ ਜੋ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਜਾ ਸਕੇ, ਇਸ ਮੌਕੇ ਤਰੁਣ ਬਾਂਸਲ, ਅਜੈਬ ਸਿੰਘ ਮੋਰਾਂਵਾਲੀ, ਭਗਵੰਤ ਸਿੰਘ ਚੰਦੜ, ਅੰਸ਼ੂ ਡੋਗਰਾ, ਪ੍ਰਦੀਪ ਕੁਮਾਰ, ਵਿਕਰਮ ਸ਼ਰਮਾ, ਵਰੁਣ ਬਾਂਸਲ, ਅਭਿਸ਼ੇਕ ਜਿੰਦਲ, ਮੰਗਤ ਰਾਏ ਮੋਨੂੰ, ਹਾਕਮ ਸਿੰਘ ਭੱਟੀ, ਮਨਪ੍ਰੀਤ ਢਿੱਲੋਂ, ਰਜਿੰਦਰ ਸ਼ਾਹ, ਕੁਲਦੀਪ ਖਿੱਪਲ ਆਦਿ ਹਾਜ਼ਰ ਸਨ, .

# ਡਰਾਈਵਰਾਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਕੀਤਾ ਜਾਗਰੂਕ



**ਸੁਨਾਮ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟਰੈਫਿਕ ਪੁਲਿਸ ਸੁਨਾਮ ਵੱਲੋਂ ਟਰੈਫਿਕ ਪੁਲਿਸ ਸੁਨਾਮ ਦੇ ਇੰਚਾਰਜ ਏ.ਐਸ.ਆਈ ਨਿਰਭੈ ਸਿੰਘ ਵੱਲੋਂ ਸ਼ਹੀਦ ਊਧਮ ਸਿੰਘ ਟੈਕਸੀ ਸਟੈਂਡ ਬਸ ਸਟੈਂਡ ਸੁਨਾਮ ਵਿਖੇ ਟਰੈਫਿਕ ਸਬੰਧੀ ਜਾਗਰੂਕ ਸੈਮੀਨਾਰ ਲਗਾਇਆ ਉਨਾਂ ?ਹ ਹਾਜ਼ਰੀਨ ਨੂੰ ਵਹੀਕਲਾਂ ਉੱਪਰ ਹਾਈ ਸਕਿਉਰਿਟੀ ਨੰਬਰ ਪਲੇਟਾਂ ਲਗਵਾਉਣ ਦੀ ਅਪੀਲ ਕੀਤੀ, ਇਸ ਮੌਕੇ ਤੇ ਉਨਾਂ ਨੇ ਟੈਕਸੀ ਸਟੈਂਡ ਦੇ ਡਰਾਈਵਰਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਦੋਪਹੀਆ ਵਾਹਨ ਚਲਾਉਣ ਸਮੇਂ ਹੈਲਮਟ ਵਰਤਣ, ਸੀਟ ਬੈਲਟ ਲਾਉਣ, ਓਵਰ ਸਪੀਡ ਵਾਹਨ ਨਾ ਚਲਾਉਣ, ਟਰੈਫਿਕ ਨਿਯਮਾਂ ਦੀ ਪਾਲਣਾ ਕਰਨ, ਲੇਨ ਡਰਾਈਵਿੰਗ ਸਬੰਧੀ, ਵਾਹਨਾਂ ਦੇ ਦਸਤਾਵੇਜ਼ ਪੂਰੇ ਰੱਖਣ, ਟਰੈਫਿਕ ਇੰਚਾਰਜ ਸੁਨਾਮ ਏਐਸਆਈ ਨਿਰਭੈ ਸਿੰਘ ਨੇ ਸਾਰਿਆ ਨੂੰ ਨਸ਼ਿਆਂ ਤੋਂ ਦੂਰ ਰਹਿਣ ਸਬੰਧੀ ਤੇ ਸਾਈਬਰ ਸੈੱਲ ਸਾਈਬਰ ਕ੍ਰਾਈਮ ਰਾਹੀਂ ਹੋ ਰਹੀਆਂ ਠੱਗੀਆਂ ਤੋਂ ਬਚਣ ਬਾਰੇ ਜਾਗਰੂਕ ਕੀਤਾ ਗਿਆ ।

ਇਸ ਮੌਕੇ ਤੇ ਟਰੈਫਿਕ ਮਾਰਸਲ ਟੀਮ ਦੇ ਇੰਚਾਰਜ ਪੰਕਜ ਅਰੋੜਾ, ਰੋਡ ਸੇਫਟੀ ਮੈਂਬਰ ਸੁਖਦੇਵ ਸਿੰਘ ਹਾਜ਼ਰ ਸਨ।

# ਸਾਦਗੀ ਨਾਲ ਮਨਾਏ ਜਾਣ ਸ਼ਹੀਦੀ ਪੰਦਰਵਾੜੇ ਦੇ ਸਮਾਗਮ ਨਾਂ ਬਣਾਏ ਜਾਣ ਲੰਗਰਾਂ ਚ ਮਿੱਠੇ ਪਦਾਰਥ : ਐਡਵੋਕੇਟ ਹਰਜਿੰਦਰ ਸਿੰਘ ਧਾਮੀ



**ਰੂਪਨਗਰ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ ਤੋਂ ਸ਼ਹੀਦੀ ਪੰਦਰਵਾੜੇ ਦੀ ਆਰੰਭਤਾ ਤੇ ਸ਼ਹੀਦੀ ਜੋੜ ਮੇਲ ਦੇ ਸਮਾਗਮ ਚ ਸ਼ਮੂਲੀਅਤ ਕਰਨ ਲਈ ਪਹੁੰਚੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜਿਥੇ ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ ਵਿੱਖੇ ਨਤਮਸਤਕ ਹੋਏ ਉਥੇ ਹੀ ਉਹਨਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਸ਼ਹੀਦੀ ਪੰਦਰਵਾੜੇ ਦੌਰਾਨ ਜਿਥੇ ਵੱਡੇ ਸਾਹਿਬਜਾਦੇ , ਮਾਤਾ ਗੁਜਰੀ ਜੀ ਛੋਟੇ ਸਾਹਿਬਜਾਦਿਆਂ ਸਮੇਤ ਸੈਕੜੇ ਸਿੰਘ ਸਿੰਘਣੀਆਂ ਸ਼ਹੀਦ ਹੋਏ ਹਨ। ਇਸ ਲਈ ਇਸ ਸ਼ਹੀਦੀ ਪੰਦਰਵਾੜੇ ਦਾ ਬਹੁਤ ਵੱਡਾ ਮਹੱਤਵ ਹੈ। ਇਸਦੇ ਨਾਲ ਹੀ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਵੱਲੋਂ ਜਾਰੀ ਆਦੇਸ਼ ਬਾਰੇ ਬੋਲਦਿਆਂ ਕਿਹਾ ਕਿ ਇਹ ਸ਼ਹੀਦੀ ਪੰਦਰਵਾੜੇ ਦਾ ਸਿੱਖ ਕੌਮ ਚ ਬਹੁਤ ਵੱਡਾ ਮਹੱਤਵ ਹੈ ਤੇ ਸ਼ਹੀਦੀ ਪੰਦਰਵਾੜੇ ਦੌਰਾਨ ਇਹਨਾਂ ਸ਼ਹੀਦ ਜੋੜ ਮੇਲ ਸਮਾਗਮ ਚ ਬਹੁਤ ਹੀ ਸਾਦਗੀ ਵਰਤੀ ਜਾਵੇ ਤੇ ਲੰਗਰਾਂ ਚ ਸੰਗਤਾ ਦੇ ਲਈ ਸਾਦੇ ਲੰਗਰ ਤਿਆਰ ਕੀਤੇ ਜਾਣ ਤੇ ਕਿਸੇ ਵੀ ਪ੍ਰਕਾਰ ਦੇ ਮਿਠੇ ਪਦਾਰਥ ਨਾਂ ਬਣਾਏ ਜਾਣ ਤੇ ਨਾ ਹੀ ਵਰਤੇ ਜਾਣ ਜਿਨਾ ਹੋ ਸਕੇ ਸਾਦਗੀ ਦੇ ਨਾਲ ਲੰਗਰ ਵਰਤਾਏ ਜਾਣ। ਇਸਦੇ ਨਾਲ ਹੀ ਸਿਰੋਪਾਓ ਦੇਣ ਤੋਂ ਸੰਕੋਚ ਕਰਨਾ ਚਾਹੀਦਾ ਹੈ।

ਇਸ ਮੌਕੇ ਉਹਨਾਂ ਕਿਹਾ ਕਿ ਸਾਨੂੰ ਸਾਰਿਆ ਨੂੰ ਇਸ ਸ਼ਹੀਦੀ ਪੰਦਰਵਾੜੇ ਦੌਰਾਨ ਵੱਧ ਤੋਂ ਨਾਮ ਜਪਣਾ ਚਾਹੀਦਾ ਹੈ ਤੇ ਸਿਮਰਨ ਕਰਨਾ ਚਾਹੀਦਾ ਹੈ ਤੇ 22 ਅਤੇ 27 ਦਸੰਬਰ ਨੂੰ ਸਵੇਰੇ 10 ਵੱਜੇ ਪੰਦਰਾਂ ਪੰਦਰਾਂ ਮਿੰਟ ਮੂਲਮੰਤਰ ਤੇ ਗੁਰ ਮੰਤਰ ਦਾ ਜਾਪ ਸਾਰੀਆਂ ਨਾਨਕ ਨਾਮ ਲੇਵਾ ਸੰਗਤਾਂ ਜਰੂਰ ਕਰਨ।

# ਮਹਾਰਾਜਾ ਹੀਰਾ ਸਿੰਘ ਜੀ ਦੇ 181ਵੇਂ ਜਨਮ ਦਿਹਾੜੇ ਮੌਕੇ ਦੇ ਰਿਆਸਤੀ ਕਿਲਾ ਨਾਭਾ ਵਿਖੇ ਧਾਰਮਿਕ ਸਮਾਗਮ 18 ਦਸੰਬਰ ਨੂੰ ਕਰਵਾਇਆ ਜਾਵੇਗਾ ਦੇਵ ਮਾਨ

**ਨਾਭਾ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਦੀ ਅਗਵਾਈ ਵਿੱਚ ਨਾਭਾ ਰਿਆਸਤ ਦੇ ਧਰਮੀ ਰਾਜੇ ਮਹਾਰਾਜਾ ਹੀਰਾ ਸਿੰਘ ਜੀ ਦੇ 181ਵੇਂ ਜਨਮ ਦਿਹਾੜੇ ਮੌਕੇ ਰਿਆਸਤੀ ਕਿਲੇ ਨਾਭਾ ਵਿਖੇ ਆਉਣ ਵਾਲੀ 18 ਦਸੰਬਰ ਨੂੰ ਧਾਰਮਿਕ ਸਮਾਗਮ ਕਰਵਾਇਆ ਜਾ ਰਿਹਾ ਹੈ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਦੇਵ ਮਾਨ ਅਤੇ ਰਾਣੀ ਪ੍ਰੀਤੀ ਸਿੰਘ ਨਾਭਾ ਨੇ ਦੱਸਿਆ ਕਿ ਮਿਤੀ 16 ਦਸੰਬਰ ਨੂੰ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਅਤੇ 18 ਦਸੰਬਰ ਨੂੰ ਸਵੇਰੇ ਸ਼੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਤੇ ਉਪਰੰਤ ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਜੋਗਿੰਦਰ ਸਿੰਘ ਰਿਆੜ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਇਸ ਮੌਕੇ ਵਿਧਾਇਕ ਦੇਵ ਮਾਨ ਅਤੇ ਰਾਣੀ ਪ੍ਰੀਤੀ ਸਿੰਘ ਨੇ ਸਮੂਹ ਨਾਭਾ ਨਿਵਾਸੀਆਂ ਨੂੰ ਇਸ ਸਮਾਗਮ ਵਿਚ ਵੱਧ ਚੜ ਕੇ ਹਿੱਸਾ ਲੈਣ ਲਈ ਅਪੀਲ ਕੀਤੀ ਇਸ ਮੌਕੇ ਤੇਜਿੰਦਰ ਸਿੰਘ ਖਹਿਰਾ , ਕਪਿਲ ਮਾਨ , ਮਨਪ੍ਰੀਤ ਸਿੰਘ ਧਾਰੋਕੀ ,ਧਰਮਿੰਦਰ ਸਿੰਘ ਸੁੱਖੇਵਾਲ , ਜਸਵੀਰ ਸਿੰਘ ਵਜੀਦਪੁਰ, ਸੁਖਦੀਪ ਸਿੰਘ ਖਹਿਰਾ , ਭੁਪਿੰਦਰ ਸਿੰਘ ਕੱਲਰ ਮਾਜਰੀ , ਮਨਪ੍ਰੀਤ ਸਿੰਘ ਕਾਲੀਆ , ਮਨਜੋਤ ਸਿੰਘ ਲੱਧਾਹੇੜੀ , ਕੁਲਵਿੰਦਰ ਸਿੰਘ ਬਿੰਨਾਹੇੜੀ , ਜਸਵਿੰਦਰ ਸਿੰਘ ਸਰਪੰਚ ਅੱਚਲ , ਮੇਜਰ ਸਿੰਘ ਤੂੰਗਾਂ , ਭੀਮ ਸਿੰਘ ਬੂਹੀ, ਗੱਗੀ ਬਨੇਰਾ ਅਤੇ ਹੋਰ ਆਹੁਦੇਦਾਰ ਮੌਜੂਦ ਸਨ।

# ਡਾ ਮੱਟੂ ਹਲਕਾ ਸ਼ੁਤਰਾਣਾ ਦੇ ਪਿੰਡ ਸਾਗਰਾ ਚ ਲੋਕਾਂ ਦੀਆਂ ਮੁਸਕਲਾਂ ਸੁਣਨ ਪੁੱਜੇ

**ਪਾਤੜਾਂ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਬੁਨਿਆਦੀ ਸਹੂਲਤਾਂ ਤੋਂ ਸੱਖਣੇ ਪਟਿਆਲਾ ਦੇ ਹਲਕਾ ਸ਼ੁਤਰਾਣਾ ਦੇ ਲੋਕਾਂ ਦੀਆਂ ਦੁੱਖ ਤਕਲੀਫਾਂ ਜਾਨਣ ਲਈ ਹਲਕਾ ਸ਼ੁਤਰਾਣਾ ਦੇ ਸਰਗਰਮ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਪਿੰਡ ਪਿੰਡ ਘਰ ਘਰ ਜਾ ਕੇ ਲੋਕਾਂ ਦੀਆਂ ਦੁੱਖ ਤਕਲੀਫਾਂ ਸੁਣਨ ਲਈ ਸਰਗਰਮੀਆਂ ਤੇਜ਼ ਕੀਤੀਆਂ ਹਨ। ਇਸੇ ਲੜੀ ਤਹਿਤ ਲੰਘੇ ਦਿਨੀਂ ਡਾ. ਜਤਿੰਦਰ ਸਿੰਘ ਮੱਟੂ ਵਲੋਂ ਪਿੰਡ ਸਾਗਰਾ ਵਿੱਚ ਲੋਕਾਂ ਨਾਲ ਮੀਟਿੰਗ ਕਰਕੇ ਉਨਾਂ ਦੀਆਂ ਦੁੱਖ ਤਕਲੀਫਾਂ ਸੁਣੀਆਂ। ਇਸ ਮੌਕੇ ਗੱਲਬਾਤ ਕਰਦਿਆਂ ਹਲਕੇ ਦੇ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਹਲਕਾ ਸ਼ੁਤਰਾਣਾ ਅੰਦਰ ਬਣੇ ਤਿੰਨ ਕਮਿਊਨਿਟੀ ਹੈਲਥ ਸੈਂਟਰਾਂ ਵਿੱਚ ਡਾਕਟਰਾਂ ਦੀ ਬਹੁਤ ਵੱਡੀ ਘਾਟ ਹੈ। ਹਲਕੇ ਦੇ ਬਾਦਸ਼ਾਹਪੁਰ, ਪਾਤੜਾਂ ਅਤੇ ਸ਼ੁਤਰਾਣਾ ਦੇ ਹੈਲਥ ਸੈਂਟਰਾਂ ਵਿੱਚ ਡਾਕਟਰਾਂ ਦੀਆਂ 24 ਮੈਡੀਕਲ ਅਫਸਰਾਂ ਦੀਆਂ ਅਸਾਮੀਆਂ ਵਿੱਚੋਂ 20 ਦੇ ਲਗਭਗ ਖਾਲੀ ਪਈਆਂ ਹਨ। ਹਲਕੇ ਅੰਦਰ ਸੜਕਾਂ ਦਾ ਬਹੁਤ ਬੁਰਾ ਹਾਲ ਹੈ।ਨਵੀਂ ਬਦਲਾਅ ਵਾਲੀ ਸਰਕਾਰ ਅਤੇ ਚੁਣੇ ਹੋਏ ਨੁਮਾਇੰਦੇ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕੇ। ਹਲਕੇ ਦੇ ਕਈ ਪਿੰਡਾਂ ਵਿੱਚ ਪੀਣ ਵਾਲਾ ਪਾਣੀ ਵੀ ਲੋਕਾਂ ਨੂੰ ਮੁਹੱਈਆ ਨਹੀਂ ਹੋ ਰਿਹਾ।

ਨਸ਼ਿਆਂ ਦਾ ਕਾਰੋਬਾਰ ਤੇਜ ਰਫ਼ਤਾਰ ਨਾਲ ਵਧ ਕੇ ਸਾਡੀਆਂ ਨਸਲਾਂ ਤਬਾਹ ਕਰ ਰਿਹਾ ਹੈ। ਉਨਾਂ ਕਿਹਾ ਕਿ ਲੋਕਾਂ ਨੂੰ ਹੁਣ ਆਪਣੇ ਹੱਕ ਅਧਿਕਾਰਾਂ ਦੀ ਪ੍ਰਾਪਤੀ ਲਈ ਆਪਣੀਆਂ ਨਸਲਾਂ ਬਚਾਉਣ ਲਈ ਜਾਗਰੂਕ ਹੋਣਾ ਪਵੇਗਾ। ਇਸ ਮੌਕੇ ਹਾਜਰ ਨੁਮਾਇੰਦਿਆਂ ਵਿੱਚ ਛਿੰਦਰ ਸਿੰਘ, ਸਾਬਕਾ ਸੂਬੇਦਾਰ ਸ਼ੀਸ਼ ਪਾਲ, ਰਾਜੇਸ਼ ਕੁਮਾਰ, ਵਕੀਲ ਰਾਮ, ਗੋਵਿੰਦ ਰਾਮ,ਜਸਕਰਨ ਸਿੰਘ, ਅਮਨਦੀਪ ਸਿੰਘ ਆਦਿ ਹਾਜਰ ਸਨ।

# ਅਗਲੇ ਸਾਲ ਫਰਵਰੀ 'ਚ ਕਰਵਾਇਆ ਜਾਵੇਗਾ 22ਵਾਂ ਰਾਜ ਪੱਧਰੀ ਫੁੱਟਬਾਲ ਟੂਰਨਾਮੈਂਟ

**ਗੜ੍ਹਸ਼ੰਕਰ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਗੜ੍ਹਸ਼ੰਕਰ ਦੀ ਮੀਟਿੰਗ ਖਾਲਸਾ ਕਾਲਜ ਦੇ ਫੁੱਟਬਾਲ ਸਟੇਡੀਅਮ 'ਚ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਡਾ. ਹਰਵਿੰਦਰ ਸਿੰਘ ਬਾਠ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਲਏ ਫੈਸਲਿਆਂ ਦੀ ਜਾਣਕਾਰੀ ਦਿੰਦਿਆ ਕਾਰਜਕਾਰੀ ਪ੍ਰਧਾਨ ਡਾ. ਹਰਵਿੰਦਰ ਸਿੰਘ ਬਾਠ ਅਤੇ ਜਨਰਲ ਸਕੱਤਰ ਬਲਵੀਰ ਸਿੰਘ ਬੈਂਸ ਨੇ ਦੱਸਿਆ ਕਿ ਮੀਟਿੰਗ 'ਚ 22ਵਾਂ ਰਾਜ ਪੱਧਰੀ ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ 8 ਫਰਵਰੀ ਤੋਂ 12 ਫਰਵਰੀ ਤੱਕ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਇਹ ਟੂਰਨਾਮੈਂਟ ਕਮੇਟੀ ਦੇ ਬਾਨੀ ਪ੍ਰਧਾਨ ਸਵਰਗੀ ਮੇਜਰ ਸਿੰਘ ਮੌਂਜੀ ਦੇ ਧਰਮਪਤਨੀ ਤੇ ਕਮੇਟੀ ਦੇ ਮੌਜੂਦਾ ਪ੍ਰਧਾਨ ਮੁੱਖਤਿਆਰ ਸਿੰਘ ਹੈਪੀ ਹੀਰ ਦੇ ਮਾਤਾ ਬੀਬੀ ਜਸਵੀਰ ਕੌਰ ਹੀਰ ਨੂੰ ਸਮਰਪਿਤ ਹੋਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਟੂਰਨਾਮੈਂਟ ਵਿਚ ਜਿਥੇ ਕਲੱਬ ਅਤੇ ਕਾਲਜਾਂ ਦੀਆਂ 8-8 ਟੀਮਾਂ ਹਿੱਸਾ ਲੈਣਗੀਆਂ, ਉਥੇ ਪਿੰਡ ਪੱਧਰ ਦੀਆਂ ਵੀ 8 ਟੀਮਾਂ ਸ਼ਾਮਿਲ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪੇਂਡੂ ਕੈਟਾਗਿਰੀ 'ਚ ਹਿੱਸਾ ਲੈਣ ਵਾਲੀਆਂ ਬਲਾਕ ਗੜ੍ਹਸ਼ੰਕਰ ਦੀਆਂ ਟੀਮਾਂ 31 ਦਸੰਬਰ ਤੱਕ ਕਮੇਟੀ ਦੇ ਕੈਸ਼ੀਅਰ ਯੋਗਰਾਜ ਗੰਭੀਰ ਤੇ ਤਰਲੋਚਨ ਸਿੰਘ ਗੋਲੀਆਂ ਨਾਲ ਸੰਪਰਕ ਕਰਕੇ ਆਪਣਾ ਨਾਮ ਦਰਜ਼ ਕਰਵਾ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਕੁਆਲੀਫਾਈ ਗੇੜ ਰਾਹੀਂ ਇਨ੍ਹਾਂ ਵਿਚੋਂ 8 ਪੇਂਡੂ ਟੀਮਾਂ ਦੀ ਚੋਣ ਕੀਤੀ ਜਾਵੇਗੀ।

ਮੀਟਿੰਗ ਵਿਚ ਡਾ. ਹਰਵਿੰਦਰ ਸਿੰਘ ਬਾਠ, ਬਲਵੀਰ ਸਿੰਘ ਬੈਂਸ, ਰੋਸ਼ਨਜੀਤ ਸਿੰਘ ਪਨਾਮ, ਯੋਗਰਾਜ ਗੰਭੀਰ, ਹਰਪ੍ਰੀਤ ਸਿੰਘ ਵਾਲੀਆ, ਅਮਨਦੀਪ ਸਿੰਘ ਬੈਂਸ, ਸ਼ਲਿੰਦਰ ਸਿੰਘ ਰਾਣਾ, ਡਾ. ਕੁਲਵਰਨ ਸਿੰਘ, ਡਾ. ਦਲਜੀਤ ਸਿੰਘ ਲੌਂਗੀਆਂ, ਡਾ. ਕੀਮਤੀ ਲਾਲ, ਅਮਰਜੀਤ ਸਿੰਘ ਸਿੰਬਲੀ, ਕਮਲਦੀਪ ਸਿੰਘ ਬੈਂਸ ਯੂ.ਐਸ.ਏ, ਪਰਮਿੰਦਰ ਸਿੰਘ ਸਿੰਬਲੀ, ਭੁਪਿੰਦਰ ਸਿੰਘ ਸਿੰਬਲੀ, ਸੰਜੀਵ ਕੁਮਾਰ, ਠੇਕੇਦਾਰ ਸਵਰਨ ਸਿੰਘ, ਤਰਲੋਚਨ ਸਿੰਘ ਗੋਲੀਆਂ, ਸੁਖਦੇਵ ਸਿੰਘ ਸਿੰਬਲੀ ਤੇ ਹੋਰ ਹਾਜ਼ਰ ਹੋਏ।

# ਪੀ .ਏਸ .ਬੀ .ਟੀ .ਏਸ ਅਤੇ ਪੀ .ਟੀ .ਸੀ .ਡਬਲਓ . ਏ . ਨੇ ਸਮਾਜ ਸੇਵੀ ਨੀਟਾ ਚੀਮਾ ਨੂੰ ਸਨਮਾਨਿਤ ਕੀਤਾ

**ਸਮਾਣਾ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਮਾਣਾ ਦੇ ਪ੍ਰਸਿੱਧ ਸਮਾਜ ਸੇਵੀ ਅਤੇ ਬੇਬਾਕ ਨਾਮਵਰ ਸ਼ਖਸ਼ੀਅਤ ਨੀਟਾ ਚੀਮਾ ਨੂੰ ਪੰਜਾਬ ਸਟੇਟ ਬਲੱਡ ਟਰਾਂਸਫਿਊਜ਼ਨ ਕੌਂਸਿਲ ਚੰਡੀਗੜ੍ਹ ਅਤੇ ਪਟਿਆਲਾ ਥੈਲੇਸੈਮਿਕ ਚਿਲਡਰਨ ਐਸੋਸੀਏਸ਼ਨ ਪਟਿਆਲਾ ਵੱਲੋਂ ਖੂਨ ਦਾਨ ਦੇ ਖੇਤਰ ਵਿੱਚ ਮੋਹਰੀ ਭੂਮਿਕਾ ਨਿਭਾਉਣ ਲਈ ਸਨਮਾਨਿਤ ਕੀਤਾ ਗਿਆ ।

ਪਟਿਆਲਾ ਥੈਲੇਸੀਮਿਕ ਚਿਲਡਰਨ ਵੈਲਫੇਅਰ ਐਸੋਸੀਏਸ਼ਨ (ਪੀਟੀਸੀਡਬਲਓ ਏ)ਦੇ ਪ੍ਰਧਾਨ ਵਿਜੈ ਪਾਹਵਾ ਨੇ ਡਿਪਾਰਮੈਂਟ ਵੱਲੋ ਭੇਜੇ ਗਏ ਸਰਟੀਫ਼ ?ਕੇਟ ਅਤੇ ਮੋਮੈਂਟੋ ਨੀਟਾ ਚੀਮਾ ਅਤੇ ਉਨ੍ਹਾਂ ਦੇ ਭਰਾ ਲਾਡੀ ਚੀਮਾ ਨੂੰ ਭੇਂਟ ਕੀਤਾ।

ਵਿਜੇ ਪਾਹਵਾ ਵਲੋ ਦਸਿਆ ਗਿਆ ਕਿ ਨੀਟਾ ਚੀਮਾ ਲਾਡੀ ਚੀਮਾ ਅਤੇ ਚੀਮਾ ਪਰਿਵਾਰ ਵੱਲੋਂ ਪਿਛਲੇ ਕਈ ਸਾਲਾਂ ਤੋਂ ਸਮਾਜ ਸੇਵਾ ਦੇ ਖੇਤਰ ਵਿੱਚ ਆਪਣਾ ਯੋਗਦਾਨ ਪਾਇਆ ਜਾ ਰਿਹਾ ਹੈ ਅਤੇ ਉਹਨਾਂ ਵੱਲੋਂ ਆਪਣੇ ਪਿਤਾ ਕਸ਼ਮੀਰ ਸਿੰਘ ਦੀ ਬਰਸੀ ਮੌਕੇ ਤੇ ਲਗਾਤਾਰ ਕਈ ਸਾਲਾ ਤੋ ਥੈਲੇਸਿੰਮਿਆ ਤੋ ਪੀੜਿਤ ਬੱਚਿਆ ਲਈ ਖ਼ੂਨ ਦਾਨ ਕੈਂਪ ਲਗਾਇਆ ਜਾ ਰਿਹਾ ਹੈ ।

ਇਸ ਤੋ ਇਲਾਵਾ ਉਹਨਾਂ ਵੱਲੋਂ ਖ਼ੂਨ ਦਾਨ ਦੀ ਮੁਹਿੰਮ ਨੂੰ ਵੀ ਹੁੰਗਾਰਾ ਦਿੱਤਾ ਜਾ ਰਿਹਾ ਹੈ।

ਇਹ ਸਨਮਾਨ ਕੁਝ ਗਿਣੇ ਚੁਣੇ ਲੋਕਾਂ ਨੂੰ ਹੀ ਦਿੱਤਾ ਜਾ ਜਾਂਦਾ ਹੈ ।ਇਸ ਮੌਕੇ ਤੇ ਨੀਟਾ ਚੀਮਾ ਨੇ ਇਸ ਸਨਮਾਨ ਲਈ ਡਿਪਾਰਮੈਂਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਕਾਰਜ ਲੋਕਾਂ ਦੇ ਸਹਿਯੋਗ ਨਾਲ ਹੀ ਕਰ ਪਾਉਂਦੇ ਹਨ ਅਤੇ ਇਸ ਲਈ ਸਾਰਿਆ ਦਾ ਧੰਨਵਾਦ ਕਰਦੇ ਹਾਂ।

# ਨਸ਼ਿਆਂ ਖਿਲਾਫ ਜਾਗਰੂਕਤਾ ਅਭਿਆਨ ਸਮੇਂ ਦੀ ਲੋੜ : ਸਹਾਇਕ ਡਾਇਰੈਕਟਰ ਅਰੁਣ ਸ਼ਰਮਾ

**ਬਰਨਾਲਾ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਡਬਰ, ਜਿਲਾ ਬਰਨਾਲਾ ਵਿਖੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪੰਜਾਬ ਜ਼ਿਲ੍ਹਾ ਬਰਨਾਲਾ ਦੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਜਿਲਾ ਬਰਨਾਲਾ ਸ੍ਰੀ ਅਰੁਣ ਸ਼ਰਮਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਉਹਨਾਂ ਦੇ ਨਾਲ ਪਹੁੰਚੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਥੀਏਟਰ ਡਿਪਾਰਟਮੈਂਟ ਦੀ ਟੀਮ ਨੇ ਪਿੰਡ ਵਾਸੀਆਂ, ਪਤਵੰਤੇ ਸੱਜਣਾਂ ਅਤੇ ਸਕੂਲ ਮੈਨੇਜਮੈਂਟ ਕਮੇਟੀ, ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਨਾਟਕ ਮੰਚਨ ਦੇ ਰੂਪ ਵਿੱਚ ਵਿਸਥਾਰ ਪੂਰਵਕ ਜਾਣਕਾਰੀ ਦੇ ਕੇ ਨਸ਼ਿਆਂ ਦੇ ਮਾੜੇ ਪ੍ਰਭਾਵ ਸਬੰਧੀ ਜਾਗਰੂਕ ਕੀਤਾ। ਇਸ ਮੌਕੇ ਤੇ ਸ਼੍ਰੀ ਅਰੁਣ ਸ਼ਰਮਾ ਨੇ ਕਿਹਾ ਕਿ ਯੁਵਕ ਸੇਵਾਵਾਂ ਵਿਭਾਗ ਜ਼ਿਲਾ ਬਰਨਾਲਾ ਵੱਲੋਂ ਸਮੂਹ ਸਿੱਖਿਅਕ ਸੰਸਥਾਵਾਂ, ਪਿੰਡਾਂ ਵਿੱਚ ਵੱਧ ਤੋਂ ਵੱਧ ਨਸ਼ੇ ਵਿਰੋਧੀ ਪ੍ਰਚਾਰ ਪ੍ਰਸਾਰ ਕਰਕੇ ਇਸਦੇ ਮਾੜੇ ਪ੍ਰਭਾਵਾਂ ਸੰਬੰਧੀ ਦੱਸ ਕੇ ਜਾਗਰੂਕ ਕੀਤਾ ਜਾ ਰਿਹਾ ਹੈ,

ਉਹਨਾਂ ਕਿਹਾ ਕਿ ਜਿੱਥੇ ਸਰਕਾਰ ਨਸ਼ੇ ਨੂੰ ਖਤਮ ਕਰਨੀ ਯਤਨਸ਼ੀਲ ਹੈ ਉਥੇ ਲੋਕ ਵੀ ਸਾਥ ਦੇਣ ਅਤੇ ਨਸ਼ਾ ਵੇਚਣ ਵਾਲਿਆ ਦੀ ਜਾਣਕਾਰੀ ਪੁਲਿਸ ਨੂੰ ਦੇਣ, ਯੁਵਕ ਸੇਵਾਵਾਂ ਵਿਭਾਗ ਪੰਜਾਬ ਜ਼ਿਲ੍ਹਾ ਬਰਨਾਲਾ ਹਮੇਸ਼ਾ ਹੀ ਇਸ ਕਾਰਜ ਲਈ ਸਮਾਜ ਦੇ ਨਾਲ ਹੈ, ਇਸ ਮੌਕੇ ਤੇ ਜ਼ਿਲਾ ਸਿੱਖਿਆ ਸਿਖਲਾਈ ਸੰਸਥਾ ਦੇ ਪ੍ਰਿੰਸੀਪਲ ਡਾ. ਮਨੀਸ਼ ਮੋਹਨ ਸ਼ਰਮਾ ਨੇ ਵਿਦਿਆਰਥੀਆਂ ਦੇ ਨਾਮ ਸੰਦੇਸ਼ ਦੇ ਵਿੱਚ ਕਿਹਾ ਕਿ ਨਸ਼ੇ ਪਹਿਲਾ ਪਹਿਲ ਸ਼ੌਕ ਦੇ ਰੂਪ ਵਿੱਚ ਹੁੰਦੇ ਹਨ ਪਰ ਬਾਅਦ ਵਿੱਚ ਇਹਨਾਂ ਦੇ ਆਦੀ ਹੋ ਕੇ ਅਸੀਂ ਆਪਣੇ ਜਾਨੀ - ਮਾਲੀ ਨੁਕਸਾਨ ਵੱਲ ਵੱਧ ਜਾਂਦੇ ਹਾਂ ,ਇਸ ਲਈ ਇਹਨਾਂ ਤੋਂ ਬਚਣ ਦੀ ਲੋੜ ਹੈ

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਹੋਇਆਂ ਮਾਸਟਰ ਅਵਨੀਸ਼ ਕੁਮਾਰ ਸਟੇਟ ਅਵਾਰਡੀ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫਸਰ ਸਕੈਂਡਰੀ ਸ੍ਰੀਮਤੀ ਮਲਕਾ ਰਾਣੀ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਨੈਸ਼ਨਲ ਅਵਾਰਡੀ ਡਾ ਬਰਜਿੰਦਰਪਾਲ ਸਿੰਘ, ਜਿਲਾ ਸਿੱਖਿਆ ਤੇ ਸਿਖਲਾਈ ਸੰਸਥਾ ਪ੍ਰਿੰਸੀਪਲ ਡਾ. ਮਨੀਸ਼ ਮੋਹਣ ਸ਼ਰਮਾ ਸਕੂਲ ਪ੍ਰਿੰਸੀਪਲ ਜਸਬੀਰ ਕੌਰ ਸੀਨੀਅਰ ਲੈਕਚਰਾਰ ਸੁਨੀਲ ਕੁਮਾਰ ਸੱਗੀ ਦੀ ਵਿਸ਼ੇਸ਼ ਅਗਵਾਈ ਹੇਠ ਆਯੋਜਨ ਕੀਤਾ ਗਿਆ ਹੈ, ਜਿਸ ਵਿੱਚ ਨਸ਼ਿਆ ਵਿਰੁੱਧ ਜਾਗਰੂਕਤਾ ਅਭਿਆਨ ਵਿੱਚ ਸਕੂਲ ਦੇ ਨਾਲ ਨਾਲ ਪਿੰਡ ਪੱਧਰ ਤੇ ਵੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਹੈ.

ਉਹਨਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀ ਵਰਗ ਲਈ ਵੀ ਬਹੁਤ ਜਰੂਰੀ ਹਨ ਅਜੋਕੇ ਸਮੇਂ ਵਿੱਚੋਂ ਇਸ ਦੇ ਮਾੜੇ ਪ੍ਰਭਾਵ ਬਾਰੇ ਦੱਸ ਕੇ ਹੀ ਜਾਗਰੂਕ ਹੋ ਸਕਦੇ ਹਾਂ

ਉਹਨਾਂ ਕਿਹਾ ਕਿ ਨਸ਼ਿਆਂ ਪ੍ਰਤੀ ਸੁਚੇਤ ਹੋ ਕੀ ਇਸ ਤੋਂ ਬਚਿਆ ਜਾ ਸਕਦਾ ਹੈ, ਸਰਕਾਰ ਦੇ ਨਾਲ- ਨਾਲ ਸਮਾਜ ਦੇ ਹਰ ਵਰਗ ਦਾ ਵੀ ਸਮਾਜ ਦੇ ਹਰ ਵਰਗ ਦੀ ਭੂਮਿਕਾ ਵੀ ਅਹਿਮ ਹੈ ਤਾਂ ਜੋ ਨਸ਼ਿਆਂ ਨੂੰ ਜੜ ਤੋਂ ਖਤਮ ਕੀਤਾ ਜਾ ਸਕੇ, ਇਸ ਕਾਰਜ ਲਈ ਉਹਨਾਂ ਦੀ ਟੀਮ, ਸੰਸਥਾ ਤੇ ਸਟਾਫ ਹਮੇਸ਼ਾ ਯਤਨਸ਼ੀਲ ਰਹਿੰਦਾ ਹੈ।

ਸੀਨੀਅਰ ਪੱਤਰਕਾਰ ਲਖਵਿੰਦਰ ਸ਼ਰਮਾ ਦੂਰਦਰਸ਼ਨ ਜਲੰਧਰ ਨੇ ਇਸ ਮੌਕੇ ਤੇ ਕਿਹਾ ਕੀ ਨਸ਼ਿਆਂ ਦੇ ਮਾੜੇ ਪ੍ਰਭਾਵ ਨਾਲ ਅਨੇਕਾਂ ਘਰ ਖਤਮ ਹੋ ਚੁੱਕੇ ਹਨ ਹੁਣ ਇਸ ਨੂੰ ਖਤਮ ਕਰਨ ਦੀ ਲੋੜ ਹੈ

ਨੇਤਾ ਜੀ ਸੁਭਾਸ਼ ਚੰਦਰ ਬੋਸ ਕਲੱਬ ਰਜਿ: ਬਰਨਾਲਾ ਦੇ ਪ੍ਰਧਾਨ ਹਰੀਸ਼ ਗੋਇਲ ਨੇ ਨਸ਼ਿਆਂ ਪ੍ਰਤੀ ਆਪਣੀ ਵਿਚਾਰ ਰੱਖੇ ਉਹਨਾਂ ਕਿਹਾ ਕਿ ਜੇਕਰ ਮਾਤਾ ਪਿਤਾ ਪਹਿਲਾ ਤੋ ਹੀ ਧਿਆਨ ਦੇਣ ਤੇ ਬੱਚਿਆ ਨੂੰ ਸਮਝਾਉਣ ਤੇ ਧਾਰਮਿਕ ਜਗ੍ਹਾ ਤੇ ਜਾਣ ਲਈ ਪ੍ਰੇਰਿਤ ਕਰਨ ਅਤੇ ਅਪਣੇ ਕਲਚਰ ਵਾਰੇ ਦੱਸਣ ਤਾ ਬੱਚੇ ਨਸੇ ? ਤੋ ਦੂਰ ਰਹਿਣਗੇ ਅੱਜ ਕੱਲ ਬੱਚਿਆਂ ਵਿੱਚ ਸਿਰਫ ਪਹਾੜ ਤੇ ਘੂਮਣ ਦਾ ਦੋਰ ਹੈ ਅਤੇ ਅਪਣੇ ਕਲਚਰ ਤੋ ਦੂਰੀ ਬਣਾ ਕੇ ਸਿਰਫ ਨਸ਼ਾ ਕਰਨ ਦੀ ਹੋੜ ਹੈ ਸੋ ਸਾਰੇ ਮਾਪਿਆ ਨੂੰ ਬੇਨਤੀ ਹੈ ਕਿ ਬੱਚਿਆਂ ਨੂੰ ਕਲਚਰ ਵਾਰੇ ਅਤੇ ਅਪਣੇ ਧਰਮ ਵੱਲ ਲੈ ਕੇ ਜਾਣ

ਸਕੂਲ ਮੈਨੇਜਮੈਂਟ ਕਮੇਟੀ ਮੈਂਬਰ ਜਥੇਦਾਰ ਗੁਰਮੁਖ ਸਿੰਘ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਹਰ ਵਿਅਕਤੀ ਨੂੰ ਜਾਗਰੂਕ ਹੋਣ ਦੀ ਲੋੜ ਹੈ।

ਇਸ ਮੌਕੇ ਤੇ ਸਕੂਲ ਮੈਨੇਜਮੈਂਟ ਕਮੇਟੀ ਮੈਂਬਰ ਹੈਡ ਮਾਸਟਰ ਗੁਰਬਖਸ਼ ਸਿੰਘ, ਗੁਰਪ੍ਰੀਤ ਕੌਰ ਅਰਤਗੜ੍ਹ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ 10 ਸਾਲਾਂ ਵਿਚ ਕਿਸਾਨ ਹਿਤ ਵਿਚ ਅਨੇਕ ਇਤਿਹਾਸਕ ਕੰਮ ਕੀਤੇ : ਸੈਣੀ

**ਚੰਡੀਗੜ੍ਹ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ 10 ਸਾਲਾਂ ਵਿਚ ਕਿਸਾਨ ਹਿਤ ਵਿਚ ਅਨੇਕ ਇਤਿਹਾਸਕ ਕੰਮ ਕੀਤੇ ਹਨ, ਜਿਸ ਨਾਲ ਦੂਜੀਆਂ ਪਾਰਟੀਆਂ ਨੂੰ ਮੁਸ਼ਕਲ ਹੋ ਰਹੀ ਹੈ।

ਕਾਂਗਰਸ ਅਤੇ ਇੰਡੀ ਗੱਠਬੰਧਨ ਨੇ ਹੋਰ ਪਾਰਟੀ, ਪ੍ਰਧਾਨ ਮੰਤਰੀ ਵੱਲੋਂ ਕਿਸਾਨ ਹਿਤ ਵਿਚ ਕੀਤੇ ਗਏ ਹਰੇਕ ਫੈਸਲੇ 'ਤੇ ਸੁਆਲ ਚੁੱਕਦੇ ਹਨ ਅਤੇ ਕਿਸਾਨਾਂ ਦੇ ਨਾਂਅ 'ਤੇ ਸਿਆਸਤ ਕਰਦੇ ਹਨ।

ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਕਿਸਾਨਾਂ ਦੀਆਂ ਸਾਰੀਆਂ ਫਸਲਾਂ ਨੂੰ ਐਮਐਸਪੀ 'ਤੇ ਖਰੀਦ ਰਹੀ ਹੈ ਅਤੇ ਲਗਾਤਾਰ ਕਿਸਾਨਾਂ ਨੂੰ ਮਜ਼ਬੂਤ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਪੰਜਾਬ ਸਰਕਾਰ 'ਤੇ ਨਿਸ਼ਾਨਾ ਲਗਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਆਪਣੇ ਕਿਸਾਨਾਂ ਦੀ ਫਸਲ ਐਮਐਸਪੀ 'ਤੇ ਖਰੀਦੇ। ਜਦੋਂ ਪੰਜਾਬ ਦੇ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਆ ਰਹੀ ਹੈ ਤਾਂ ਪੰਜਾਬ ਸਰਕਾਰ ਨੂੰ ਅੱਗੇ ਆ ਕੇ ਇਹ ਐਲਾਨ ਕਰਨੀ ਚਾਹੀਦੀ ਹੈ ਕਿ ਉਹ ਕਿਸਾਨ ਦੀ ਸਾਰੀ ਫਸਲਾਂ ਐਮਐਸਪੀ 'ਤੇ ਖਰੀਦਣਗੇ।

ਮੁੱਖ ਮੰਤਰੀ ਅੱਜ ਚੰਡੀਗੜ੍ਹ ਦੇ ਸੈਕਟਰ 35 ਸਥਿਤ ਕਿਸਾਨ ਭਵਨ ਵਿਚ ਆਯੋਜਿਤ ਕ੍ਰਾਫਟ ਮੇਲਾ ਦਾ ਉਦਘਾਟਨ ਤੋਂ ਬਾਅਦ ਪੱਤਰਕਾਰਾਂ ਨਾਲ ਗਲਬਾਤ ਕਰ ਰਹੇ ਸਨ।

ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਗਵਾਈ ਹੇਠ ਕੇਂਦਰੀ ਕੈਬਿਨੇਟ ਵੱਲੋਂ ਇਕ ਦੇਸ਼-ਇਕ ਚੋਣ ਨੂੰ ਮੰਜ਼ੂਰੀ ਦੇਣ ਦੇ ਫੈਸਲੇ ਨੂੰ ਸੁਆਗਤ ਯੋਗ ਦੱਸਦੇ ਹੋਏ ਕਿਹਾ ਕਿ ਇਸ ਫੈਸਲੇ ਨਾਲ ਪੈਸੇ ਦੀ ਬਚਤ ਦੇ ਨਾਲ-ਨਾਲ ਸਮੇਂ ਦੀ ਵੀ ਬਚਤ ਹੋਵੇਗੀ, ਜਿਸ ਨਾਲ ਆਮ ਜਨਤਾ ਨੂੰ ਤਾਂ ਵੱਡਾ ਫਾਇਦਾ ਹੋਵੇਗਾ, ਉੱਥੇ ਦੇਸ਼ ਵਿਚ ਵਿਕਾਸ ਦੇ ਕੰਮ ਵੀ ਤੇਜ ਗਤੀ ਨਾਲ ਹੋਵੇਗਾ ਅਤੇ ਸਾਲ 2047 ਤਕ ਭਾਰਤ ਵਿਕਸਿਤ ਦੇਸ਼ ਬਣੇਗਾ।

ਪੰਜਾਬ ਦੇ ਮੁੱਖ ਮੰਤਰੀ ਦੇ ਇਕ ਦੇਸ਼ - ਇਕ ਚੋਣ ਨਾਲ ਖੇਤਰੀ ਪਾਰਟੀਆਂ ਨੂੰ ਨੁਕਸਾਨ ਹੋਣ ਵਾਲੇ ਬਿਆਨ 'ਤੇ ਜਵਾਬ ਦਿੰਦੇ ਹੋਏ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਦੀ ਜਨਤਾ ਦੀ ਜੋ ਉਮੀਦਾਂ ਸਨ, ਉੱਥੇ ਦੀ ਸਰਕਾਰ ਉਸ ਨੂੰ ਪੂਰਾ ਨਹੀਂ ਕਰ ਪਾਈ। ਦਿੱਲੀ ਵਿਚ ਆਪ ਦੇ ਨੇਤਾ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਜੇਲ੍ਹ ਵਿਚ ਹਨ। ਜਨਤਾ ਇੰਨ੍ਹਾਂ ਸੱਤਾ ਵਿਚ ਇਸ ਲਈ ਲਿਆਈ ਸੀ ਕਿ ਇਹ ਪਾਰਦਰਸ਼ੀ ਸ਼ਾਸਨ ਦੇਣਗੇ, ਲੇਕਿਨ ਕੋਈ ਕੰਮ ਨਹੀਂ ਕੀਤਾ। ਉਨ੍ਹਾਂ ਨੇ ਨਸੀਅਤ ਦਿੰਦੇ ਹੋਏ ਕਿਹਾ ਕਿ ਆਪ ਦੇ ਨੇਤਾ ਲੋਕਾਂ ਦੇ ਜੀਵਨ ਵਿਚ ਸੁਧਾਰ ਦੀ ਗੱਲ ਕਰਨ। ਦਿੱਲੀ ਨੂੰ ਸਾਫ ਪਾਣੀ ਦੇਣ, ਯਮੁਨਾ ਨੂੰ ਸਾਫ ਕਰਨ। ਇੰਨ੍ਹਾਂ ਦੀ ਸਿਆਸਤ ਨੂੰ ਹੁਣ ਲੋਕ ਸਮਝ ਚੁੱਕੇ ਹਨ। ਦਿੱਲੀ ਦੇ ਲੋਕ ਇੰਤਜਾਰ ਕਰ ਰਹੇ ਹਨ, ਜਦੋਂ ਉੱਥੇ ਚੋਣ ਹੋਵੇਗੀ ਤਾਂ ਆਮ ਆਦਮੀ ਪਾਰਟੀ ਦਾ ਸੂਪੜਾ ਸਾਫ ਹੋ ਜਾਵੇਗਾ।

ਮੁੱਖ ਮੰਤਰੀ ਨੇ ਕਾਂਗਰਸ 'ਤੇ ਨਿਸ਼ਾਨਾ ਲਗਾਉਂਦੇ ਹੋਏ ਕਿਹਾ ਕਿ ਕਾਂਗਰਸ ਨੂੰ ਹੁਣ ਦੇਸ਼ ਦੀ ਜਨਤਾ ਨੇ ਨਕਾਰ ਦਿੱਤਾ ਹੈ। ਕਿਉਂਕਿ ਕਾਂਗਰਸ ਦੇ ਨੇਤਾ ਝੂਠ ਬੋਲਦੇ ਹਨ ਅਤੇ ਝੂਠ ਬੋਲ ਕੇ ਕਾਂਗਰਸ ਨੇ ਹਿਮਾਚਲ, ਕਰਨਾਟਕ ਤੇ ਤੇਲੰਗਾਨਾ ਵਿਚ ਸੱਤਾ ਹਾਸਲ ਕੀਤੀ ਹੈ। ਲੇਕਿਨ ਉੱਥੇ ਦੀ ਸਰਕਾਰ ਨੇ ਲੋਕਾਂ ਦੇ ਹਿੱਤ ਵਿਚ ਕੋਈ ਕੰਮ ਨਹੀਂ ਕੀਤਾ ਹੈ। ਉਸ ਦਾ ਨਤੀਜਾ ਹੈ ਕਿ ਹਰਿਆਣਾ ਅਤੇ ਮਹਾਰਾਸ਼ਟਰ ਵਿਚ ਕਾਂਗਰਸ ਦਾ ਸੂਪੜਾ ਸਾਫ ਹੋ ਗਿਆ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਅਤੇ ਮਹਾਰਾਸ਼ਟਰ ਵਿਚ ਜਨਤਾ ਨੇ ਇਸ ਗੱਲ 'ਤੇ ਮੋਹਰ ਲਗਾਈ ਹੈ ਕਿ ਸਾਲ 2029 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਚੌਥੀ ਵਾਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੇਗੀ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਮਜ਼ਬੂਤੀ ਨਾਲ ਅੱਗੇ ਵੱਧ ਰਿਹਾ ਹੈ ਅਤੇ ਦੇਸ਼ ਦੇ ਹਰੇਕ ਵਰਗ ਦੀ ਭਲਾਈ ਲਈ ਕੰਮ ਕੀਤਾ ਜਾ ਰਿਹਾ ਹੈ। ਕਿਸਾਨਾਂ, ਗਰੀਬ, ਨੌਜੁਆਨਾਂ ਅਤੇ ਮਹਿਲਾਵਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।

# ਬਿਜਲੀ ਵੰਡ ਨਿਗਮ ਦੇ ਜੋਨਲ ਖਪਤਕਾਰ ਸ਼ਿਕਾਇਤ ਹਲ ਮੰਚ

**ਚੰਡੀਗੜ੍ਹ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਦੇ ਜੋਨਲ ਖਪਤਕਾਰ ਸ਼ਿਕਾਇਤ ਹਲ ਮੰਚ, ਪੰਚਕੂਲਾ ਵੱਲੋਂ ਖਪਤਕਾਰਾਂ ਦੀਆਂ ਸ਼ਿਕਾਇਤਾਂ ਦੀ ਸੁਣਵਾਈ 16 ਅਤੇ 23 ਦਸੰਬਰ, 2024 ਨੂੰ ਕੀਤੀ ਜਾਵੇਗੀ। ਇਸ ਵਿਚ ਜੋਨਲ ਖਪਤਕਾਰ ਸ਼ਿਕਾਇਤ ਹਲ ਮੰਚ ਰੈਗੂਲੇਸ਼ਨ 2.8.2 ਅਨੁਸਾਰ ਹਰੇਕ ਮਾਮਲੇ ਵਿਚ 1 ਲੱਖ ਰੁਪਏ ਤੋਂ ਵੱਧ ਅਤੇ 3 ਲੱਖ ਰੁਪਏ ਤਕ ਦੀ ਰਕਮ ਦੇ ਮਾਲੀ ਝਗੜਿਆਂ ਨਾਲ ਸਬੰਧਤ ਸ਼ਿਕਾਇਤਾਂ ਦੀ ਸੁਣਵਾਈ ਕਰੇਗਾ।

ਨਿਗਮ ਦੇ ਬੁਲਾਰੇ ਨੇ ਦਸਿਆ ਕਿ ਪੰਚਕੂਲਾ ਜੋਨ ਦੇ ਤਹਿਤ ਆਉਣ ਵਾਲੇ ਜਿਲ੍ਹਿਆਂ ਦੇ ਖਪਤਕਾਰਾਂ ਦੇ ਗਲਤ ਬਿੱਲਾਂ, ਬਿਜਲੀ ਦੀ ਕੀਮਤਾਂ ਨਾਲ ਸਬੰਧਤ ਮਾਮਲੇ, ਮੀਟਰ ਜਮਾਨਤ ਨਾਲ ਜੁੜੇ ਮਾਮਲੇ, ਖਰਾਬ ਹੋਏ ਮੀਟਰਾਂ ਨਾਲ ਸਬੰਧਤ ਮਾਮਲੇ, ਵੋਲਟੇਜ ਨਾਲ ਜੁੜੇ ਹੋਏ ਮਾਮਲਿਆਂ ਦਾ ਨਿਪਟਾਰਾ ਕੀਤਾ ਜਾਵੇਗਾ। ਇਸ ਦੌਰਾਨ ਬਿਜਲੀ ਚੋਰੀ, ਬਿਜਲੀ ਦੀ ਦੁਰਵਰਤੋਂ ਅਤੇ ਘਾਤਕ, ਗੈਰ-ਘਾਤਕ ਦੁਰਘਟਨਾ ਆਦਿ ਮਾਮਲਿਆਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਖਪਤਕਾਰ ਅਤੇ ਨਿਗਮ ਵਿਚਕਾਰ ਕਿਸੇ ਵੀ ਝਗੜੇ ਦੇ ਨਿਪਟਾਰੇ ਲਈ ਫੋਰਮ ਵਿਚ ਮਾਲੀ ਝਗੜਿਆਂ ਨਾਲ ਸਬੰਧਤ ਸ਼ਿਕਾਇਤ ਪੇਸ਼ਸ਼ਕਰਨ ਤੋਂ ਪਹਿਲਾਂ ਪਿਛਲੇ ਛੇ ਮਹੀਨਿਆਂ ਦੌਰਾਨ ਖਪਤਕਾਰ ਵੱਲੋਂ ਭੁਗਤਾਨ ਕੀਤੇ ਗਏ ਬਿਜਲੀ ਦੇ ਔਸਤ ਬਿਲ ਦੇ ਆਧਾਰ 'ਤੇ ਗਿਣਤੀ ਕੀਤੀ ਗਈ ਹਰੇਕ ਮਹੀਨੇ ਲਈ ਦਾਅਵਾ ਕੀਤੀ ਗਈ ਰਕਮ ਜਾਂ ਉਨ੍ਹਾਂ ਵੱਲੋਂ ਭੁਗਤੇ ਬਿਜਲੀ ਬਿਲ ਦੇ ਬਰਾਬਰ ਰਕਮ ਜੋ ਘੱਟ ਹੈ, ਖਪਤਕਾਰ ਨੂੰ ਜਮ੍ਹਾਂ ਕਰਵਾਉਣੀ ਹੋਵੇਗੀ। ਇਸ ਦੌਰਾਨ ਖਪਤਕਾਰ ਨੂੰ ਤਸਦੀਕ ਕਰਨਾ ਹੋਵੇਗਾ ਕਿ ਇਹ ਮਾਮਲਾ ਅਦਾਲਤ, ਅਥਾਰਿਟੀ ਜਾਂ ਫੋਰਮ ਦੇ ਸਾਹਮਣੇ ਪੈਂਡਿੰਗ ਨਹੀਂ ਹੈ, ਕਿਉਂਕਿ ਇਸ ਅਦਾਲਤ ਜਾਂ ਫੋਰਮ ਵਿਚ ਵਿਚਾਰਾਧੀਨ ਮਾਮਲਿਆਂ 'ਤੇ ਮੀਟਿੰਗ ਦੌਰਾਨ ਵਿਚਾਰ ਨਹੀਂ ਕੀਤਾ ਜਾਵੇਗਾ।

# ਨਾਇਬ ਸਿੰਘ ਸੈਣੀ ਨੇ ਸੈਕਟਰ 35 ਸਥਿਤ ਕਿਸਾਨ ਭਵਨ ਵਿਚ ਆਯੋਜਿਤ ਕਾਫਟ ਪ੍ਰਦਰਸ਼ਨੀ ਦਾ ਉਦਘਾਟਨ

**ਚੰਡੀਗੜ੍ਹ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਚੰਡੀਗੜ੍ਹ ਦੇ ਸੈਕਟਰ 35 ਸਥਿਤ ਕਿਸਾਨ ਭਵਨ ਵਿਚ ਆਯੋਜਿਤ ਕਾਫਟ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦ ਦੇ ਸਾਲ 2047 ਤਕ ਭਾਰਤ ਨੂੰ ਵਿਕਸਿਤ ਦੇਸ਼ ਬਣਾਉਣ ਦੇ ਸੁਪਨੇ ਵਿਚ ਦਸਤਕਾਰਾਂ ਦੀ ਮਹੱਤਵਪੂਰਨ ਭੂਮਿਕਾ ਹੋਵੇਗੀ। ਇਸ ਲਈ ਕੇਂਦਰ ਸਰਕਾਰ ਨੇ ਪੀ.ਐਮ.ਵਿਸ਼ਵਕਰਮਾ ਯੋਜਨਾ ਚਲਾਈ ਹੈ, ਜਿਸ ਦੇ ਤਹਿਤ ਰਿਵਾਇਤੀ ਕਾਰੀਗਾਰਾਂ ਅਤੇ ਦਸਤਕਾਰਾਂ ਨੂੰ ਉਨ੍ਹਾਂ ਦੇ ਰਿਵਾਇਤੀ ਉਤਪਾਦਾਂ ਅਤੇ ਸੇਵਾਵਾਂ ਨੂੰ ਵੱਧਾਉਣ ਵਿਚ ਸਰਕਾਰ ਵੱਲੋਂ ਮਦਦ ਦਿੱਤੀ ਜਾ ਰਹੀ ਹੈ। ਕਾਰੀਗਰਾਂ ਦੇ ਕੌਸ਼ਲ ਨੂੰ ਨਿਖਾਰਣ ਲਈ ਕੌਸ਼ਲ ਸਿਖਲਾਈ ਵੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਵੀ ਪ੍ਰਧਾਨ ਮੰਤਰੀ ਦੇ ਇਸ ਸੁਪਨੇ ਨੂੰ ਅੱਗੇ ਵੱਧਾ ਰਹੀ ਹੈ ਅਤੇ ਸੂਬੇ ਦੇ ਦਸਤਕਾਰਾਂ ਨੂੰ ਸਾਰੀ ਤਰ੍ਹਾਂ ਦੀਆਂ ਸਹੂਲਤਾਂ ਮਹੁੱਇਆ ਕਰਵਾ ਰਹੀ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕ੍ਰਾਫਟ ਰੂਟਸ ਸੰਸਥਾ ਵੱਲੋਂ ਆਯੋਜਿਤ ਇਸ ਪ੍ਰਦਰਸ਼ਨੀ ਨੇ ਦਸਤਕਾਰਾਂ ਨੂੰ ਆਪਣੀ ਕਲਾ ਨੂੰ ਪ੍ਰਦਰਸ਼ਿਤ ਕਰਨ ਦਾ ਵਧੀਆ ਮੰਚ ਪ੍ਰਦਾਨ ਕੀਤਾ ਹੈ। ਇਸ ਸੰਸਥਾ ਨੇ ਲਗਭਗ 75,000 ਨੌਜੁਆਨਾਂ ਅਤੇ ਮਹਿਲਾਵਾਂ ਨੂੰ ਕੌਸ਼ਲ ਸਿਖਲਾਈ ਪ੍ਰਦਾਨ ਕਰਕੇ ਉਨ੍ਹਾਂ ਨੂੰ ਵੱਖ-ਵੱਖ ਖੇਤਰਾਂ ਵਿਚ ਮਾਹਿਰ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਭਿੰਨਤਾਵਾਂ ਦਾ ਦੇਸ਼ ਹੈ। ਇੱਥੇ ਹਰ ਸੂਬਾ, ਹਰੇ ਖੇਤਰ ਅਤੇ ਹਰ ਸਮੁਦਾਏ ਦੀ ਆਪਣੀ ਖਾਸ ਕਲਾ ਅਤੇ ਦਸਤਕਾਰੀ ਪਰੰਪਰਾ ਹੈ। ਕ੍ਰਾਫਟ ਰੂਟਸ ਸੰਸਥਾ ਨੇ ਇੰਨ੍ਹਾਂ ਸਾਰੀ ਪਰੰਪਰਾਵਾਂ ਨੂੰ ਇਕ ਛੱਤ ਹੇਠਾਂ ਲਿਆਉਣ ਦਾ ਸ਼ਲਾਘਾਯੋਗ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ ਪ੍ਰਦਰਸ਼ਸ਼ੀ ਦਾ ਮੰਚ ਨਹੀਂ ਹੈ, ਸਗੋਂ ਇਹ ਉਨ੍ਹਾਂ ਕਾਰੀਗਰਾਂ ਅਤੇ ਦਸਤਕਾਰਾਂ ਦੇ ਸਨਮਾਨ ਦਾ ਪ੍ਰਤੀਕ ਹੈ, ਜੋ ਆਪਣੇ ਜੀਵਨ ਦੇ ਹਰ ਪਲ ਨੂੰ ਦਸਤਕਾਰੀ ਨੂੰ ਸਮਰਪਿਤ ਕਰਦਾ ਹਨ।ਉਨ੍ਹਾਂ ਕਿਹਾ ਕਿ ਮਨੁੱਖੀ ਸਭਿਅਤਾ ਅਤੇ ਸਭਿਆਚਾਰ ਦੇ ਵਿਕਾਸ ਵਿਚ ਦਸਤਕਾਰੀ ਅਤੇ ਹੱਥਕਰਘਾ ਦਾ ਮਹੱਤਵਪੂਰਨ ਯੋਗਦਾਨ ਹੈ। ਇਤਿਹਾਸ ਤੋਂ ਪਤਾ ਚਲਦਾ ਹੈ ਕਿ ਭਾਰਤ ਨੂੰ ਸੋਨੇ ਦੀ ਚਿੜੀਆ ਬਣਾਉਣ ਵਿਚ ਦਸਤਕਾਰਾਂ ਅਤੇ ਹਥਕਰਘਾ ਨਾਲ ਜੁੜੇ ਕਾਰੀਗਰਾਂ ਦਾ ਵੱਡਾ ਯੋਗਦਾਨ ਰਿਹਾ ਹੈ। ਅੱਜ 21ਵੀਂ ਸਦੀ ਵਿਚ ਭਾਰਤ ਫਿਰ ਦੁਨਿਆ ਦੀ ਵੱਡੀ ਆਰਥਿਕ ਸ਼ਕਤੀ ਬਣਨ ਜਾ ਰਿਹਾ ਹੈ, ਜਿਸ ਵਿਚ ਤੁਹਾਡੇ ਵਰਗੇ ਕੁਸ਼ਲ ਹੱਥਾਂ ਦਾ ਵੱਡਾ ਯੋਗਦਾਨ ਹੋਵੇਗਾ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕੁਰੂਕਸ਼ੇਤਰ ਵਿਚ ਕੌਮਾਂਤਰੀ ਗੀਤਾ ਮਹੋਤਸਵ ਦੌਰਾਨ 28 ਨਵੰਬਰ, 2024 ਤੋਂ ਚਲ ਰਹੇ ਸਰਸ ਅਤੇ ਕ੍ਰਾਫਟ ਮੇਲੇ ਵਿਚ ਦਸਤਕਾਰਾਂ ਅਤੇ ਹਥਕਰਘਾ ਦੇ ਕਾਰੀਗਰਾਂ ਨੂੰ ਵੱਡਾ ਮੰਚ ਦਿੱਤਾ ਹੋਇਆ ਹੈ। ਇਸ ਮੇਲੇ ਵਿਚ ਦੇਸ਼-ਵਿਦੇਸ਼ ਦੇ ਦਸਤਕਾਰ ਆਏ ਹਨ, ਜਿੰਨ੍ਹਾਂ ਨੇ ਆਪਣੇ ਉਤਪਾਦਾਂ ਦੀ ਪ੍ਰਦਰਸ਼ਨੀ ਲਗਾਈ ਹੈ, ਜਿਸ ਨੂੰ ਵੇਖ ਕੇ ਲੋਕਾਂ ਨੂੰ ਪ੍ਰੇਰਣਾ ਮਿਲਦੀ ਹੈ।ਇਸ ਮੌਕੇ 'ਤੇ ਕ੍ਰਾਫਟ ਰੂਟਸ ਸੰਸਥਾ ਦੇ ਅਹੁੱਦੇਦਾਰਾਂ ਅਤੇ ਹੋਰ ਮੰਨੇ-ਪ੍ਰਮੰਨੇ ਮਹਿਮਾਨ ਹਾਜ਼ਿਰ ਰਹੇ।

# ਕਸਾਨ ਨੇਤਾ ਜਗਜੀਤ ਸਿੰਘ ਦੱਲੇਵਾਲ ਨੂੰ ਸਹੀ ਮੈਡਿਕਲ ਮਦਦ ਮੁਹਇਆ ਕਰਾਉਣ ਬਾਰੇ ਬੇਨਤੀ ਪੱਤਰ

**ਚੰਡੀਗੜ੍ਹ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਜ਼ਿਲ੍ਹਾ ਅੰਬਾਲਾ ਦੇ ਡਿਪਟੀ ਕਮਿਸ਼ਨਰ ਵੱਲੋਂ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਲਿੱਖ ਕੇ ਕਿਸਾਨ ਨੇਤਾ ਜਗਜੀਤ ਸਿੰਘ ਦੱਲੇਵਾਲ ਨੂੰ ਮੈਡਿਕਲ ਮਦਦ ਮੁਹਇਆ ਕਰਾਉਣ ਬਾਰੇ ਬੇਨਤੀ ਕੀਤੀ ਗਈ।

ਪੱਤਰ ਵਿੱਚ ਦੱਸਿਆ ਗਿਆ ਕਿ ਸੰਯੁਕਤ ਕਿਸਾਨ ਮੋਰਚਾ ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਨੇਤਾਵਾਂ ਵੱਲੋਂ 13 ਫਰਵਰੀ, 2024 ਤੋਂ ਸ਼ੰਭੂ ਬਾਡਰ, ਅੰਬਾਲਾ ਅਤੇ ਖਨੌਰੀ ਬਾਡਰ, ਜੀਂਦ 'ਤੇ ਦਿੱਲੀ ਮੋਰਚੇ ਨੂੰ ਲੈ ਕੇ ਧਰਨਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਇਸ ਅੰਦੋਲਨ ਦੇ ਮਾਨਯੋਗ ਸੁਪਰੀਮ ਕੋਰਟ, ਦਿੱਲੀ ਵਿੱਚ ਇੱਕ ਵਿਸ਼ੇਸ਼ ਲੀਵ ਅਪੀਲ ਵਿਚਾਰ ਅਧੀਨ ਹੈ ਅਤੇ ਮਾਨਯੋਗ ਸੁਪਰੀਮ ਕੋਰਟ ਦਿੱਲੀ ਵੱਲੋਂ ਇੱਕ ਕਮੇਟੀ ਵੀ ਬਣਾਈ ਗਈ ਹੈ।

ਪਰ ਸੰਯੁਕਤ ਕਿਸਾਨ ਮੋਰਚਾ ਦੇ ਨੇਤਾਵਾਂ ਵੱਲੋਂ 6 ਦਸੰਬਰ, 2024 ਨੂੰ ਪੈਦਲ ਜੱਥੇ ਦੇ ਰੂਪ ਵਿੱਚ ਸੰਭੂ ਬਾਡਰ ਅੰਬਾਲਾ ਤੋਂ ਦਿੱਲੀ ਮੋਰਚੇ ਦਾ ਐਲਾਨ ਕੀਤਾ ਗਿਆ। ਹੁਣ 14 ਦਸੰਬਰ, 2024 ਨੂੰ ਦਿੱਲੀ ਕੂਚ ਕਰਨ ਨੂੰ ਲੈ ਕੇ ਸੰਭੂ ਬਾਡਰ 'ਤੇ ਵੱਧ ਤੋਂ ਵੱਧ ਗਿਣਤੀ ਵਿੱਚ ਕਿਸਾਨਾਂ ਨੂੰ ਆਉਣ ਲਈ ਸੱਦਾ ਦਿੱਤਾ ਜਾ ਰਿਹਾ ਹੈ।

ਪੱਤਰ ਵਿੱਚ ਅੱਗੇ ਲਿਖਿਆ ਗਿਆ ਕਿ ਆਪਣੀ ਮੰਗਾਂ ਨੂੰ ਲੈ ਕੇ ਸ੍ਰੀ ਜਗਜੀਤ ਸਿੰਘ ਦੱਲੇਵਾਲ ਵੱਲੋਂ ਖਨੌਰੀ ਬਾਡਰ 'ਤੇ 26 ਨਵੰਬਰ, 2024 ਵੱਲੋਂ ਆਮਰਣ ਅਨਸ਼ਨ ਕੀਤਾ ਜਾ ਰਿਹਾ ਹੈ। ਕਿਸਾਨ ਨੇਤਾਵਾਂ ਵਲੋਂ ਬੁਲਾਈ ਗਈ ਪ੍ਰੈਸ ਕਾਨਫਰੰਸ ਰਾਹੀ ਇਹ ਪੱਤਾ ਲੱਗਾ ਕਿ ਸ੍ਰੀ ਜਗਜੀਤ ਦੱਲੇਵਾਲ ਦਾ ਵਜ਼ਨ ਕਾਫ਼ੀ ਘੱਟ ਹੋ ਗਿਆ ਹੈ ਅਤੇ ਉਨ੍ਹਾਂ ਦੀ ਸਿਹਤ ਵੀ ਠੀਕ ਨਹੀ ਹੈ। ਇਸ ਨੂੰ ਧਿਆਨ ਵਿੱਚ ਰਖਦੇ ਹੋਏ ਉਨ੍ਹਾਂ ਨੂੰ ਸਹੀ ਮੈਡੀਕਲ ਸਹੂਲਤਾਂ ਤੁਰੰਤ ਮੁਹਇਆ ਕਰਵਾਈ ਜਾਵੇ ਅਤੇ ਸਾਰੀ ਜ਼ਰੂਰੀ ਕਾਰਵਾਈ ਕੀਤੀ ਜਾਵੇ, ਤਾਂ ਜੋ ਸ਼ੰਭੂ ਬਾਡਰ, ਅੰਬਾਲਾ 'ਤੇ ਚਲ ਰਹੇ ਕਿਸਾਨ ਆਨਦੋਲਨ 'ਤੇ ਇਸ ਦਾ ਕੋਈ ਅਸਰ ਨਾ ਹੋਵੇ ਅਤੇ ਅੰਬਾਲਾ ਜ਼ਿਲ੍ਹੇ ਵਿੱਚ ਕਾਨੂੰਨੀ ਵਿਵਸਥਾ ਬਣੀ ਰਹੇ।

# ਬੋਰਡ ਪਰੀਖਿਆਵਾਂ ਵਿੱਚ ਹੁਣ ਕੋਸ਼ਲ ਵਾਲੇ ਪ੍ਰਸ਼ਨਾਂ ਤੇ ਜੋਰ ਦਿੱਤਾ ਜਾਵੇਗਾ: ਅਜੈਯ ਚੋਪੜਾ

**ਚੰਡੀਗੜ੍ਹ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਕੂਲ ਸਿਖਿਆ ਬੋਰਡ ਭਿਵਾਨੀ ਦੀ ਬੋਰਡ ਪ੍ਰੀਖਿਆਵਾਂ ਵਿੱਚ ਹੁਣ ਕੋਸ਼ਲਤਾ ਵਾਲੇ ਪ੍ਰਸ਼ਨਾਂ ਤੇ ਜੋਰ ਦਿੱਤਾ ਜਾਵੇਗਾ ਤਾਂ ਜੋ ਬੋਰਡ ਪ੍ਰੀਖਿਆ ਸਿਰਫ ਪ੍ਰੀਖਿਆ ਨਾ ਰਹਿ ਕੇ ਵਿਦਿਆਰਥੀ ਦੇ ਸਿੱਖਣ ਪਰਕਿਰਿਆ ਦਾ ਵਿਸਥਾਰ ਬਣ ਸਕਣ। ਬੋਰਡ ਦਾ ਲਕਸ਼ ਅੱਜ ਦੇ ਕੰਮਪੀਟੀਸ਼ਨ ਮਾਹੌਲ ਦੀ ਜ਼ਰੂਰਤਾਂ ਨੂੰ ਧਿਆਨ ਵਿੱਚ ਰਖਦੇ ਹੋਏ ਵਿਦਿਆਰਥੀਆਂ ਨੂੰ ਵੱਖ ਵੱਖ ਕੰਮਪੀਟੀਸ਼ਨਾਂ ਲਈ ਤਿਆਰ ਕਰਨਾ ਵੀ ਹੈ। ਇੰਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਬੋਰਡ ਸਕੱਤਰ ਸ੍ਰੀ ਅਜੈਯ ਚੋਪੜਾ ਨੇ ਭਿਵਾਨੀ ਵਿੱਚ ਹੋਈ ਵਰਕਸ਼ਾਪ ਵਿੱਚ ਕਿਤਾ।

ਬੋਰਡ ਵੱਲੋਂ ਸਾਲ 2025-26 ਲਈ ਰਾਸ਼ਟਰੀ ਸਿਖਿਆ ਨੀਤੀ - 2020 ਤਹਿਤ ਕੋਸ਼ਲ ਅਧਾਰਿਤ ਮੁਲਾਂਕਨ ਵਿਸ਼ੇ 'ਤੇ ਅੱਜ ਭਿਵਾਨੀ ਬੋਰਡ ਪਰਿਸਰ ਵਿੱਚ ਸਕੂਲ ਸਿਖਿਆ ਵਿੱਚ ਮਦਦਗਾਰ ਕਮੇਟੀ ਐਜੂਕੇਸ਼ਨ ਇਨੀਸ਼ਇਏਟਿਵ, ਅਹਿਮਦਾਬਾਦ ਦੀ ਮਦਦ ਨਾਲ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਸਿਖਿਆ ਜਗਤ ਨਾਲ ਜੁੜੇ ਸੂਬੇਭਰ ਤੋਂ ਲਗਭਗ 250 ਵਿਸ਼ੇ ਮਾਹਿਰਾਂ ਨੇ ਭਾਗ ਲਿਆ ਅਤੇ ਕੋਸ਼ਲ ਅਧਾਰਿਤ ਮੁਲਾਂਕਨ ਵਿਸ਼ੇ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ । ਪ੍ਰੋਗਰਾਮ ਦੀ ਅਗਵਾਈ ਬੋਰਡ ਸਕੱਤਰ ਸ੍ਰੀ ਅਜੈਯ ਚੋਪੜਾ ਵੱਲੋਂ ਕੀਤੀ ਗਈ।

ਬੋਰਡ ਸਕੱਤਰ ਨੇ ਸੰਬੋਧਨ ਵਿੱਚ ਦੱਸਿਆ ਕਿ ਹਰਿਆਣਾ ਸਕੂਲ ਸਿਖਿਆ ਬੋਰਡ ਦੇ ਪੱਧਰ ਨੂੰ ਅੱਗੇ ਵਧਾਉਣ ਲਈ ਰਾਸ਼ਟਰੀ ਸਿਖਿਆ ਨੀਤੀ-2020 ਦੇ ਅਨੁਰੂਪ ਕੌਸ਼ਲ ਆਧਾਰਿਤ ਮੁਲਾਂਕਨ ਵੱਲ ਤੇਜੀ ਨਾਲ ਕਦਮ ਵਧਾ ਰਿਹਾ ਹੈ।

ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਰਾਜ ਅਧਿਆਪਕਾਂ ਨੂੰ ਕੋਸ਼ਲ ਅਧਾਰਿਤ ਸਿਖਿਆ ਅਤੇ ਮੁਲਾਂਕਨ ਬਾਰੇ ਜਾਗਰੁਕ ਕਰਵਾਉਣਾ ਹੈ। ਵਰਕਸ਼ਾਪ ਵਿੱਚ ਕੋਸ਼ਲ ਅਧਾਰਿਤ ਮੁਲਾਂਕਨ ਦੀ ਪਰਿਭਾਸ਼ਾ, ਉਸਦੇ ਫਾਇਦੇ ਅਤੇ ਵਿਦਿਆਰਥੀਆਂ ਦੇ ਵਿਕਾਸ ਵਿੱਚ ਉਨ੍ਹਾਂ ਦੀ ਮਦਦ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਸਕੂਲੀ ਸਿਖਿਆ ਵਿੱਚ ਮਦਦਗਾਰ ਕਮੇਟੀ ਐਜੂਕੇਸ਼ਨ ਏਨੀਸ਼ਇਏਟਿਵ, ਅਹਿਮਦਾਬਾਦ ਦੇ ਪ੍ਰਤੀਨਿਥੀ ਸ੍ਰੀ ਨਿਸ਼ਚਲ ਸ਼ੁਕਲਾ ਅਤੇ ਉਨ੍ਹਾਂ ਦੀ ਟੀਮ ਦੇ ਮੈਂਬਰਾਂ ਵੱਲੋਂ ਕੋਸ਼ਲ ਅਧਾਰਿਤ ਪ੍ਰਸ਼ਨਾਂ ਦੀ ਪਹਿਚਾਨ ਕਰਨ ਅਤੇ ਸਕੂਲੀ ਸਿਖਿਆ ਵਿੱਚ ਇਨ੍ਹਾਂ ਪ੍ਰਸ਼ਨਾਂ ਨੂੰ ਲਾਗੂ ਕਰਨ ਦੇ ਵੱਖ ਵੱਖ ਤਰੀਕਿਆਂ ਬਾਰੇ ਵਿਸ਼ੇ ਮਾਹਿਰਾਂ ਨੂੰ ਵਿਸਥਾਰ ਨਾਲ ਜਾਗਰੂਕ ਕਰਵਾਇਆ ਗਿਆ।

# ਡੀ.ਸੀ ਨੇ ਅਰਬਨ ਕਮਿਊਨਿਟੀ ਹੈਲਥ ਸੈਂਟਰ (ਯੂ.ਸੀ.ਐਚ.ਸੀ) ਜਵੱਦੀ ਦਾ ਅਚਨਚੇਤ ਨਿਰੀਖਣ ਕੀਤਾ



**ਲੁਧਿਆਣਾ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਸ਼ੁੱਕਰਵਾਰ ਨੂੰ ਅਰਬਨ ਕਮਿਊਨਿਟੀ ਹੈਲਥ ਸੈਂਟਰ (ਯੂ.ਸੀ.ਐਚ.ਸੀ) ਜਵੱਦੀ ਦਾ ਅਚਨਚੇਤ ਨਿਰੀਖਣ ਕੀਤਾ।

ਉਨ੍ਹਾਂ ਡਾਕਟਰੀ ਸੇਵਾਵਾਂ, ਜ਼ਰੂਰੀ ਅਤੇ ਗੈਰ-ਜ਼ਰੂਰੀ ਦਵਾਈਆਂ ਦੀ ਉਪਲਬਧਤਾ ਤੋਂ ਇਲਾਵਾ ਹੋਰਨਾਂ ਦੀ ਜਾਂਚ ਕੀਤੀ। ਇਸ ਦੌਰੇ ਵਿੱਚ ਓ.ਪੀ.ਡੀ ਸੇਵਾਵਾਂ ਦੀ ਸਮੀਖਿਆ, ਦਵਾਈਆਂ ਦੀ ਦੁਕਾਨ, ਸਫਾਈ ਅਤੇ ਸੁਧਾਰ ਲਈ ਸੁਝਾਅ ਇਕੱਠੇ ਕਰਨ ਲਈ ਡਾਕਟਰਾਂ, ਸਟਾਫ ਅਤੇ ਮਰੀਜ਼ਾਂ ਨਾਲ ਵਿਸਤ੍ਰਿਤ ਗੱਲਬਾਤ ਕੀਤੀ।

ਡੀ.ਸੀ ਸ੍ਰੀ ਜਤਿੰਦਰ ਜੋਰਵਾਲ ਨੇ ਇਸ ਗੱਲ'ਤੇ ਜ਼ੋਰ ਦਿੱਤਾ ਕਿ ਡਾਕਟਰ ਮਰੀਜ਼ਾਂ ਨੂੰ ਮਿਆਰੀ ਸਿਹਤ ਸੇਵਾਵਾਂ ਅਤੇ ਲੋੜੀਂਦੀਆਂ ਦਵਾਈਆਂ ਮੁਹੱਈਆ ਕਰਵਾਉਣ।

ਡਿਪਟੀ ਕਮਿਸ਼ਨਰ ਨੇ ਵਾਰਡਾਂ ਵਿੱਚ ਮਰੀਜ਼ਾਂ ਤੋਂ ਮੁਫਤ ਦਵਾਈਆਂ ਦੀ ਉਪਲਬਧਤਾ ਅਤੇ ਸਟਾਫ ਦੇ ਵਿਵਹਾਰ ਬਾਰੇ ਫੀਡਬੈਕ ਵੀ ਇਕੱਤਰ ਕੀਤੀ।

ਉਨ੍ਹਾਂ ਨੇ ਇਹ ਯਕੀਨੀ ਬਣਾਉਣ ਦੀ ਮਹੱਤਤਾ'ਤੇ ਜ਼ੋਰ ਦਿੱਤਾ ਕਿ ਮਰੀਜ਼ਾਂ ਨੂੰ ਸੇਵਾਵਾਂ ਪ੍ਰਾਪਤ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ।

# 68ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਰੱਸਾਕਸ਼ੀ- ਅੰਡਰ 17 ਸਾਲ ਲੜਕੀਆਂ'ਚ ਫਿਰੋਜ਼ਪੁਰ ਤੇ ਲੜਕਿਆਂ ਵਿੱਚ ਬਠਿੰਡੇ ਦੀ ਰਹੀ ਝੰਡੀ



**ਰੂਪਨਗਰ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਸਿੱਖਿਆ ਅਫ਼ਸਰ ਰੂਪਨਗਰ (ਸੈਕੰਡਰੀ ਸਿੱਖਿਆ) ਸ੍ਰੀ ਸੰਜੀਵ ਗੌਤਮ ਦੇ ਦਿਸ਼ਾ ਨਿਰਦੇਸ਼ ਹੇਠ ਰੱਸਾ ਕਸ਼ੀ ਅੰਡਰ 17 ਸਾਲ ਲੜਕੇ/ ਲੜਕੀਆਂ ਦੇ ਮੁਕਾਬਲੇ ਸਥਾਨ ਡੀ ਏ ਵੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰੂਪਨਗਰ ਵਿੱਚ ਮਿਤੀ 10 ਦਸੰਬਰ ਤੋਂ 12 ਦਸੰਬਰ ਤੱਕ ਡੀ ਏ ਵੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਸ਼ੁਰੂ ਕਰਵਾਏ ਜਾ ਰਹੇ ਸਫਲਤਾ ਪੂਰਵਕ ਸਮਾਪਤ ਹੋਏ।

ਇਸ ਸਬੰਧੀ ਖੇਡਾਂ ਦੀ ਜਾਣਕਾਰੀ ਦਿੰਦੇ ਹੋਏ ਸ੍ਰੀਮਤੀ ਸ਼ਰਨਜੀਤ ਕੌਰ ਖੇਡ ਕੋਆਰਡੀਨੇਟਰ ਰੂਪਨਗਰ ਨੇ ਦੱਸਿਆ ਕਿ ਇਸ ਵਿੱਚ ਲੜਕਿਆਂ ਅਤੇ ਲੜਕੀਆਂ ਦੀਆਂ 23-23 ਜਿਲ੍ਹਿਆਂ ਦੀਆਂ ਟੀਮਾਂ ਨੇ ਭਾਗ ਲਿਆ। ਜਿਸ ਦਾ ਉਦਘਾਟਨ ਜਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਸੰਜੀਵ ਗੌਤਮ ਅਤੇ ਪ੍ਰਿੰਸੀਪਲ ਡੀ ਏ ਵੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰੂਪਨਗਰ ਸ੍ਰੀਮਤੀ ਸੁਨੀਤਾ ਕੁਮਾਰੀ ਨੇ ਕੀਤਾ।

ਇਨ੍ਹਾਂ ਮੁਕਾਬਲਿਆਂ (ਲੜਕੀਆਂ) ਦੀਆਂ ਟੀਮਾਂ ਵਿੱਚੋ ਫਿਰੋਜ਼ਪੁਰ ਜ਼ਿਲ੍ਹੇ ਨੇ ਪਹਿਲਾ ਸਥਾਨ, ਬਠਿੰਡੇ ਨੇ ਦੂਜਾ, ਮਾਨਸਾ ਨੇ ਤੀਜਾ ਅਤੇ ਤਰਨਤਾਰਨ ਜ਼ਿਲ੍ਹੇ ਨੇ ਚੋਥਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਲੜਕਿਆਂ ਦੀਆਂ ਟੀਮਾਂ ਵਿੱਚੋ ਪਹਿਲਾ ਸਥਾਨ ਬਠਿੰਡਾ, ਦੂਜਾ ਸਥਾਨ ਲੁਧਿਆਣਾ, ਤੀਜਾ ਸਥਾਨ ਪਟਿਆਲਾ ਅਤੇ ਚੋਥਾ ਸਥਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰਾਪਤ ਕੀਤਾ। ਜੇਤੂ ਟੀਮਾਂ ਨੂੰ ਇਨਾਮਾ ਦੀ ਵੰਡ ਜਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਸੰਜੀਵ ਗੌਤਮ ਨੇ ਕੀਤੀ।

ਇਸ ਮੌਕੇ ਪ੍ਰਿੰਸੀਪਲ ਸ.ਜਗਤਾਰ ਸਿੰਘ ਜਨਰਲ ਸਕੱਤਰ ਜ਼ਿਲ੍ਹਾ ਟੂਰਨਾਮੈਂਟ ਕਮੇਟੀ , ਪ੍ਰਿੰਸੀਪਲ ਕੁਲਵਿੰਦਰ ਸਿੰਘ, ਪ੍ਰਿੰਸੀਪਲ ਸੁਨੀਤਾ ਕੁਮਾਰੀ, ਲੈਕ. ਦਵਿੰਦਰ ਸਿੰਘ, ਹਰਮਨ ਸਿੰਘ ਸੰਧੂ ਖੇਡ ਕੰਡਕਟ ਇੰਚਾਰਜ, ਖੇਡ ਆਬਜ਼ਰਵਰ ਸੁਖਦੀਪ ਸਿੰਘ ਫਾਜ਼ਿਲਕਾ, ਹਰਪ੍ਰੀਤ ਸਿੰਘ ਫਾਜ਼ਿਲਕਾ, ਬਲਕਾਰ ਸਿੰਘ ਲੁਧਿਆਣਾ, ਅਮਰਜੀਤ ਸਿੰਘ ਫਿਰੋਜ਼ਪੁਰ, ਹਰਪ੍ਰੀਤ ਸਿੰਘ ਲੌਂਗੀਆ, ਸੁਖਵਿੰਦਰਪਾਲ ਸਿੰਘ ਸੁੱਖੀ, ਗੁਰਜੀਤ ਸਿੰਘ ਭੱਟੀ, ਅਵਤਾਰ ਸਿੰਘ, ਗੁਰਿੰਦਰ ਸਿੰਘ, ਪਰਮਜੀਤ ਸਿੰਘ, ਸਰਬਜੀਤ ਸਿੰਘ, ਰਣਬੀਰ ਕੌਰ, ਨਰਿੰਦਰ ਸੈਣੀ, ਰਾਜਿੰਦਰ ਕੌਰ, ਗੁਰਮੀਤ ਕੌਰ ਭੰਗੂ ਗੁਰਦੀਪ ਸਿੰਘ , ਨਰਿੰਦਰ ਸਿੰਘ, ਸੰਦੀਪ ਭੱਟ, ਅਮਰਜੀਤਪਾਲ ਸਿੰਘ, ਗੁਰਪ੍ਰਤਾਪ ਸਿੰਘ, ਸੁਰਜੀਤ ਸਿੰਘ, ਗੁਰਵਿੰਦਰ ਸਿੰਘ, ਸੁਰਮੁੱਖ ਸਿੰਘ, ਵਰਿੰਦਰ ਸਿੰਘ, ਪਰਮਜੀਤ ਸਿੰਘ ਰਤਨਗੜ੍ਹ, ਗੁਰਤੇਜ ਸਿੰਘ, ਅਮਨਦੀਪ ਸਿੰਘ ਢੰਗਰਾਲੀ, ਗਗਨਦੀਪ ਸਿੰਘ, ਰਵਿੰਦਰ ਕਬੜਵਾਲ, ਰੁਲਦੂ ਰਾਮ, ਹਿੰਮਤ ਸਿੰਘ ਅਤੇ ਸੂਰਜ ਪਰਕਾਸ਼ ਹਾਜ਼ਰ ਸਨ।

# ਡੀ.ਸੀ ਨੇ ਸਬ-ਰਜਿਸਟਰਾਰ ਲੁਧਿਆਣਾ (ਪੂਰਬੀ) ਦਫਤਰ ਦਾ ਅਚਨਚੇਤ ਨਿਰੀਖਣ ਕੀਤਾ



**ਲੁਧਿਆਣਾ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਸ਼ੁੱਕਰਵਾਰ ਨੂੰ ਟਰਾਂਸਪੋਰਟ ਨਗਰ ਇਲਾਕੇ ਵਿੱਚ ਸਬ-ਰਜਿਸਟਰਾਰ ਦਫ਼ਤਰ (ਲੁਧਿਆਣਾ ਪੂਰਬੀ) ਦਾ ਅਚਨਚੇਤ ਨਿਰੀਖਣ ਕੀਤਾ। ਉਨ੍ਹਾਂ ਦੇ ਨਾਲ ਆਈ.ਏ.ਐਸ (ਅੰਡਰ ਟਰੇਨਿੰਗ) ਮੈਡਮ ਕ੍ਰਿਤਿਕਾ ਗੋਇਲ ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਸਬ-ਰਜਿਸਟਰਾਰ ਦਫ਼ਤਰ (ਲੁਧਿਆਣਾ ਪੂਰਬੀ) ਦੇ ਦੌਰੇ ਦੌਰਾਨ ਉਨ੍ਹਾਂ ਨੇ ਜ਼ਮੀਨ ਦੀ ਰਜਿਸਟਰੀ ਕਰਵਾਉਣ ਵਾਲੇ ਵਿਅਕਤੀਆਂ ਨਾਲ ਗੱਲਬਾਤ ਕੀਤੀ ਅਤੇ ਦਫ਼ਤਰ ਦੇ ਕਰਮਚਾਰੀਆਂ ਬਾਰੇ ਉਨ੍ਹਾਂ ਤੋ ਫੀਡਬੈਕ ਲਈ। ਉਹਨਾਂ ਨੇ ਬਿਨੈਕਾਰਾਂ ਨਾਲ ਗੱਲਬਾਤ ਕਰਦਿਆਂ ਸਬ-ਰਜਿਸਟਰਾਰ ਦਫ਼ਤਰ ਵਿਖੇ ਉਨ੍ਹਾਂ ਦੇ ਤਜ਼ਰਬਿਆਂ ਬਾਰੇ ਵੇਰਵੇ ਇਕੱਠੇ ਕੀਤੇ ਅਤੇ ਸੁਧਾਰਾਂ ਬਾਰੇ ਸੁਝਾਅ ਮੰਗੇ।

ਸ੍ਰੀ ਜਤਿੰਦਰ ਜੋਰਵਾਲ ਨੇ ਸਟਾਫ਼ ਦੇ ਹਾਜ਼ਰੀ ਰਿਕਾਰਡ ਦੀ ਵੀ ਜਾਂਚ ਕੀਤੀ ਅਤੇ ਸਬ ਰਜਿਸਟਰਾਰ ਦੇ ਦਫ਼ਤਰ, ਫਰਦ ਕਾਊਂਟਰ ਅਤੇ ਰਿਕਾਰਡ ਰੂਮਾਂ ਸਮੇਤ ਵੱਖ-ਵੱਖ ਸੈਕਸ਼ਨਾਂ ਦਾ ਦੌਰਾ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਰਜਿਸਟਰੀ ਦੇ ਰਿਕਾਰਡ ਦਾ ਨਿਰੀਖਣ ਕੀਤਾ ਅਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੀਆਂ ਰਜਿਸਟਰੀਆਂ'ਤੇ ਦਸਤਖਤ ਕੀਤੇ ਜਾਣ ਅਤੇ ਉਸੇ ਦਿਨ ਮਾਲਕਾਂ ਨੂੰ ਸੌਂਪੇ ਜਾਣ ਨੂੰ ਯਕੀਨੀ ਬਣਾਇਆ ਜਾਵੇ। ਉਹਨਾਂ ਨੇ ਸਾਰੀਆਂ ਰਜਿਸਟਰੀਆਂ ਲਈ ਇੰਤਕਾਲਾਂ ਦੀ ਤੁਰੰਤ ਪ੍ਰਕਿਰਿਆ ਦੀ ਲੋੜ'ਤੇ ਵੀ ਜ਼ੋਰ ਦਿੱਤਾ ਅਤੇ ਸਟਾਫ ਨੂੰ ਜ਼ੀਰੋ-ਪੈਂਡੈਂਸੀ ਸਥਿਤੀ ਬਣਾਈ ਰੱਖਣ ਲਈ ਆਦੇਸ਼ ਦਿੱਤੇ ਗਏ।

ਡਿਪਟੀ ਕਮਿਸ਼ਨਰ ਨੇ ਬੈਠਣ ਦੀ ਘਾਟ ਦੀ ਪਛਾਣ ਕੀਤੀ ਅਤੇ ਅਧਿਕਾਰੀਆਂ ਨੂੰ ਤੁਰੰਤ ਵਾਧੂ ਕੁਰਸੀਆਂ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਇਮਾਰਤ ਦੇ ਅੰਦਰ ਸਾਫ-ਸਫਾਈ ਦੀ ਮਹੱਤਤਾ'ਤੇ ਵੀ ਜ਼ੋਰ ਦਿੱਤਾ ਅਤੇ ਸਟਾਫ ਨੂੰ ਹਦਾਇਤ ਕੀਤੀ ਕਿ ਕੰਮ ਲਈ ਆਉਣ ਵਾਲੇ ਵਿਅਕਤੀਆਂ ਨੂੰ ਬਿਨਾਂ ਕਿਸੇ ਅਸੁਵਿਧਾ ਦੇ ਉਨ੍ਹਾਂ ਦੇ ਕੰਮਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ।

# ਚੋਣ ਅਬਜ਼ਰਵਰ ਅਪਨੀਤ ਰਿਆਤ ਨੇ ਨਗਰ ਨਿਗਮ ਉਪ ਚੋਣ ਦੇ ਨਾਮਜ਼ਦਗੀ ਪੱਤਰਾਂ ਦੀ ਜਾਂਚ ਪ੍ਰਕਿਰਿਆ ਦਾ ਲਿਆ ਜਾਇਜ਼ਾ



**ਹੁਸ਼ਿਆਰਪੁਰ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹੇ ਦੀਆਂ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਚੋਣਾਂ ਲਈ ਨਿਯੁਕਤ ਅਬਜ਼ਰਵਰ ਆਈ.ਏ.ਐਸ ਅਧਿਕਾਰੀ ਵਿਸ਼ੇਸ਼ ਸਕੱਤਰ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਪਨੀਤ ਰਿਆਤ ਅੱਜ ਹੁਸ਼ਿਆਰਪੁਰ ਪੁਜੇ। ਉਨ੍ਹਾਂ ਇਸ ਦੌਰਾਨ ਆਗਾਮੀ 21 ਦਸੰਬਰ ਨੂੰ ਹੋਣ ਵਾਲੀਆਂ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ।

ਅਪਨੀਤ ਰਿਆਤ ਨੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨਾਲ ਮੀਟਿੰਗ ਕੀਤੀ ਅਤੇ ਚੋਣ ਪ੍ਰਕਿਰਿਆ ਨੂੰ ਨਿਰਪੱਖ, ਪਾਰਦਰਸ਼ੀ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਕੀਤੇ ਗਏ ਸਾਰੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਤੋਂ ਬਾਅਦ ਉਹ ਤਹਿਸੀਲ ਕੰਪਲੈਕਸ ਵਿੱਚ ਪੁੱਜੇ ਅਤੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਦੀ ਪ੍ਰਕਿਰਿਆ ਦਾ ਨਿਰੀਖਣ ਕੀਤਾ।

ਸ੍ਰੀਮਤੀ ਰਿਆਤ ਨੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਦੀ ਪ੍ਰਕਿਰਿਆ 'ਤੇ ਤਸੱਲੀ ਪ੍ਰਗਟਾਈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਪ੍ਰਕਿਰਿਆ ਨੂੰ ਪੂਰੀ ਪਾਰਦਰਸ਼ਤਾ ਅਤੇ ਨਿਰਪੱਖਤਾ ਨਾਲ ਨੇਪਰੇ ਚਾੜ੍ਹਿਆ ਜਾਵੇ।

ਉਨ੍ਹਾਂ ਕਿਹਾ ਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਵਿੱਚ ਕੋਈ ਤਰੁੱਟੀ ਨਹੀਂ ਹੋਣੀ ਚਾਹੀਦੀ ਅਤੇ ਹਰੇਕ ਉਮੀਦਵਾਰ ਦੇ ਨਾਮਜ਼ਦਗੀ ਪੱਤਰ ਦੀ ਬਾਰੀਕੀ ਨਾਲ ਪੜਤਾਲ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਕਿਸਮ ਦਾ ਕੋਈ ਵਿਵਾਦ ਪੈਦਾ ਨਾ ਹੋਵੇ।

ਉਨ੍ਹਾਂ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨ'ਤੇ ਜ਼ੋਰ ਦਿੰਦਿਆਂ ਕਿਹਾ ਕਿ ਚੋਣ ਪ੍ਰਕਿਰਿਆ ਨੂੰ ਸ਼ਾਂਤਮਈ ਅਤੇ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਨ ਲਈ ਲੋੜੀਂਦੇ ਕਦਮ ਚੁੱਕੇ ਜਾਣ ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਚੋਣ ਅਬਜ਼ਰਵਰ ਨੂੰ ਦੱਸਿਆ ਕਿ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਚੋਣ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਚੋਣ ਪ੍ਰਕਿਰਿਆ ਨਿਰਪੱਖਤਾ, ਪਾਰਦਰਸ਼ਤਾ ਅਤੇ ਸ਼ਾਂਤੀ ਨਾਲ ਕਰਵਾਈ ਜਾਵੇਗੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਿਕਾਸ ਕੁਮਾਰ, ਐਸ.ਡੀ.ਐਮ ਹੁਸ਼ਿਆਰਪੁਰ ਸੰਜੀਵ ਸ਼ਰਮਾ, ਰਿਟਰਨਿੰਗ ਅਫ਼ਸਰ ਕੁਲਵੰਤ ਸਿੰਘ ਸਿੱਧੂ ਵੀ ਹਾਜ਼ਰ ਸਨ।

# ਪੰਜਾਬ ਫੂਡ ਕਮਿਸ਼ਨ ਦੀ ਮੈਂਬਰ ਪ੍ਰੀਤੀ ਚਾਵਲਾ ਵੱਲੋਂ ਸਕੂਲਾਂ ਤੇ ਆਂਗਨਵਾੜੀਆਂ ਦੀ ਚੈਕਿੰਗ



**ਫ਼ਤਹਿਗੜ੍ਹ ਸਾਹਿਬ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਫੂਡ ਕਮਿਸ਼ਨ ਦੀ ਮੈਂਬਰ ਸ਼੍ਰੀਮਤੀ ਪ੍ਰੀਤੀ ਚਾਵਲਾ ਨੇ ਸਰਕਾਰੀ ਹਾਈ ਸਕੂਲ, ਸਰਕਾਰੀ ਐਲੀਮੈਂਟਰੀ ਸਕੂਲ, ਰਾਸ਼ਨ ਡੀਪੂ, ਆਂਗਨਵਾੜੀ ਸੈਂਟਰ ਖਨਿਆਣ, ਬਲਾਕ ਅਮਲੋਹ, ਸਰਕਾਰੀ ਪ੍ਰਾਇਮਰੀ ਸਕੂਲ, ਸਰਕਾਰੀ ਐਲੀਮੈਂਟਰੀ ਸਕੂਲ, ਆਂਗਨਵਾੜੀ ਸੈਂਟਰ, ਮਾਜਰੀ ਕਿਸ਼ਨੇ ਵਾਲੀ ਬਲਾਕ ਮੰਡੀ ਗੋਬਿੰਦਗੜ੍ਹ, ਹਾਈ ਸਕੂਲ ਅਤੇ ਪ੍ਰਾਇਮਰੀ ਸਕੂਲ, ਸਲਾਣੀ ਵਿਖੇ ਵਿਦਿਆਰਥੀਆਂ ਲਈ ਮਿਡ-ਡੇਅ ਮੀਲ ਅਤੇ ਆਂਗਨਵਾੜੀ ਕੇਂਦਰਾਂ ਤੇ ਗਰਭਵਤੀ ਔਰਤਾਂ ਤੇ ਛੋਟੇ ਬੱਚਿਆਂ ਨੂੰ ਸਿਹਤਮੰਦ ਬਣਾਉਣ ਲਈ ਦਿੱਤੀ ਜਾ ਰਹੀ ਖਾਣ ਪੀਣ ਦੀ ਸਮੱਗਰੀ ਦਾ ਜਾਇਜ਼ਾ ਲਿਆ। ਰਾਸ਼ਨ ਡੀਪੂ ਵਿਖੇ ਉਹਨਾਂ ਨੇ ਦਿੱਤੇ ਜਾਂਦੇ ਰਾਸ਼ਨ ਦੇ ਮਿਆਰ ਦੀ ਜਾਂਚ ਕੀਤੀ ਅਤੇ ਲਾਭਪਾਤਰੀਆਂ ਦੀਆਂ ਸੂਚੀਆਂ ਵੀ ਦੇਖੀਆਂ।

ਸ਼੍ਰੀਮਤੀ ਚਾਵਲਾ ਨੇ ਜ਼ਿਲ੍ਹੇ ਵਿੱਚ ਦਿੱਤੀ ਜਾ ਰਹੀ ਖਾਣ ਪੀਣ ਦੀ ਸਮੱਗਰੀ ਦੇ ਮਿਆਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਫੂਡ ਕਮਿਸ਼ਨ ਦੇ ਮੈਂਬਰ ਵੱਖ-ਵੱਖ ਜ਼ਿਲ੍ਹਿਆਂ ਵਿੱਚ ਮਿਲ-ਡੇਅ ਮੀਲ ਸਕੀਮ ਤਹਿਤ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਖਾਣ ਪੀਣ ਦੇ ਸਮਾਨ ਅਤੇ ਆਂਗਨਵਾੜੀ ਕੇਂਦਰਾਂ ਵਿੱਚ ਗਰਭਵਤੀ ਔਰਤਾਂ ਤੇ ਛੋਟੇ ਬੱਚਿਆਂ ਨੂੰ ਦਿੱਤੀ ਜਾਣ ਵਾਲੇ ਖੁਰਾਕੀ ਵਸਤਾਂ ਦੀ ਚੈਕਿੰਗ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਆਪ ਨੂੰ ਭਾਗਸ਼ਾਲੀ ਸਮਝਦੇ ਹਨ ਕਿ ਉਨ੍ਹਾਂ ਨੂੰ ਸ਼ਹੀਦਾਂ ਦੀ ਧਰਤੀ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਸਕੂਲਾਂ ਤੇ ਆਂਗਨਵਾੜੀ ਕੇਂਦਰਾਂ ਦੀ ਚੈਕਿੰਗ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਸ਼੍ਰੀਮਤੀ ਚਾਵਲਾ ਨੇ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਛੋਟੇ ਬੱਚਿਆਂ ਤੇ ਗਰਭਵਤੀ ਔਰਤਾਂ ਨੂੰ ਸਿਹਤਮੰਦ ਰੱਖਣ ਲਈ ਸਰਕਾਰ ਵੱਲੋਂ ਦਿੱਤੇ ਜਾ ਰਹੇ ਖਾਣ ਪੀਣ ਦੇ ਸਮਾਨ ਦੇ ਮਿਆਰ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ। ਚੰਗੀ ਸਿਹਤ ਹਰੇਕ ਨਾਗਰਿਕ ਦਾ ਮੁਢਲਾ ਹੱਕ ਹੈ। ਜੇਕਰ ਸਾਡੇ ਬੱਚੇ ਸਿਹਤਮੰਦ ਹੋਣਗੇ ਤਾਂ ਹੀ ਸਿਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ ਅਤੇ ਸਰਕਾਰ ਵੱਲੋਂ ਇਸ ਮੰਤਵ ਦੀ ਪੂਰਤੀ ਲਈ ਮਿਡ-ਡੇਅ ਮੀਲ ਸਕੀਮ ਤਹਿਤ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਦੁਪਹਿਰ ਦਾ ਖਾਣਾ ਦਿੱਤਾ ਜਾ ਰਿਹਾ ਹੈ।

ਸ਼੍ਰੀਮਤੀ ਚਾਵਲਾ ਨੇ ਸਕੂਲਾਂ ਵਿੱਚ ਤਿਆਰ ਮਿਡ-ਡੇਅ ਮੀਲ ਦਾ ਜਾਇਜ਼ਾ ਲਿਆ ਤੇ ਇਸ ਸਬੰਧੀ ਤਸੱਲੀ ਪ੍ਰਗਟਾਈ। ਉਹਨਾਂ ਨੇ ਕਈ ਸਕੂਲਾਂ ਦੇ ਬੁਨਿਆਦੀ ਢਾਂਚੇ ਸਬੰਧੀ ਦਿੱਕਤਾਂ ਦੂਰ ਕਰਨ ਲਈ ਵੀ ਕਿਹਾ। ਇਸ ਮੌਕੇ ਉਹਨਾਂ ਨੇ ਹਦਾਇਤ ਕੀਤੀ ਕਿ ਮਿਡ-ਮੀਲ ਤਿਆਰ ਕਰਨ ਵਾਲਾ ਅਮਲਾ ਸਾਫ ਸਫਾਈ ਦਾ ਹਮੇਸ਼ਾ ਉਚੇਚਾ ਧਿਆਨ ਰੱਖੇ ਤੇ ਇਸ ਸਬੰਧੀ ਸਾਰੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਦੀਦਾਰ ਸਿੰਘ ਮਾਂਗਟ, ਏ.ਐੱਫ.ਐੱਸ. ਓ. ਜਸਪਾਲ ਕੌਰ, ਬੀ.ਪੀ.ਈ.ਓ. ਅੱਛਰਪਲ ਸ਼ਰਮਾ, ਇੰਚਾਰਜ ਅਧਿਆਪਕ ਨੀਰਜ ਸ਼ਰਮਾ, ਪ੍ਰਵੀਨ ਸ਼ਾਹੀ, ਸਤਬੀਰ ਸਿੰਘ, ਫੂਡ ਇੰਸਪੈਕਟਰ ਸੰਦੀਪ ਵਸ਼ਿਸ਼ਟ, ਇੰਸਪੈਕਟਰ ਪੰਕਜ ਸ਼ਰਮਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਤੇ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਸੰਗਤ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਪ੍ਰਬੰਧਾਂ ਵਿੱਚ ਸਹਿਯੋਗ ਦੇਣ ਦੀ ਅਪੀਲ



**ਫ਼ਤਹਿਗੜ੍ਹ ਸਾਹਿਬ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਅੱਜ ਵਧੀਕ ਡਿਪਟੀ ਕਮਿਸ਼ਨਰ (ਜ) ਗੀਤਿਕਾ ਸਿੰਘ, ਐਸ.ਡੀ.ਐਮ. ਫ਼ਤਹਿਗੜ੍ਹ ਸਾਹਿਬ ਅਰਵਿੰਦ ਗੁਪਤਾ, ਨਗਰ ਕੌਂਸਲ ਸਰਹਿੰਦ ਦੇ ਕਾਰਜ ਸਾਧਕ ਅਫਸਰ ਸੰਗੀਤ ਕੁਮਾਰ ਤੇ ਹੋਰ ਅਧਿਕਾਰੀਆਂ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦੇਸ਼ ਵਿਦੇਸ਼ ਤੋਂ ਆਉਣ ਵਾਲੀ ਸੰਗਤ ਦੀ ਸਹੂਲਤ ਤੇ ਸੁਰੱਖਿਆ ਲਈ ਕੀਤੇ ਗਏ ਪ੍ਰਬੰਧਾਂ ਦਾ ਜ਼ਮੀਨੀ ਪੱਧਰ'ਤੇ ਜਾਇਜ਼ਾ ਲਿਆ। ਇਸ ਮੌਕੇ ਉਹਨਾਂ ਨੇ ਆਮ ਖਾਸ ਬਾਗ, ਮਾਧੋਪੁਰ ਅੰਡਰ ਪਾਸ, ਵੱਖੋ-ਵੱਖ ਜਨਤਕ ਪਖਾਨਿਆਂ ਸਮੇਤ ਸ਼ਹੀਦੀ ਸਭਾ ਸਬੰਧੀ ਹੋਰਨਾਂ ਵੱਖੋ-ਵੱਖ ਥਾਵਾਂ ਦਾ ਦੌਰਾ ਕੀਤਾ ਤੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ ਨਿਰਦੇਸ਼ ਦਿੱਤੇ।

ਇਸ ਮੌਕੇ ਡਾ. ਸੋਨਾ ਥਿੰਦ ਨੇ ਕਿਹਾ ਕਿ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਨਤਮਸਤਕ ਹੋਣ ਲਈ ਹਰੇਕ ਸਾਲ ਫ਼ਤਹਿਗੜ੍ਹ ਸਾਹਿਬ ਵਿਖੇ ਸ਼ਹੀਦੀ ਸਭਾ ਹੁੰਦੀ ਹੈ, ਜਿਸ ਵਿੱਚ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਨਤਮਸਤਕ ਹੋਣ ਲਈ ਪੁੱਜਦੇ ਹਨ।

ਉਨ੍ਹਾਂ ਕਿਹਾ ਕਿ ਸ਼ਹੀਦੀ ਸਭਾ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੁਖਤਾ ਇੰਤਜ਼ਾਮ ਕੀਤੇ ਜਾ ਰਹੇ ਹਨ ਅਤੇ ਸ਼ਹੀਦੀ ਸਭਾ ਦੇ ਮਾਹੌਲ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਵੱਖ-ਵੱਖ ਮਨਾਹੀਂ ਹੁਕਮ ਵੀ ਲਾਗੂ ਕੀਤੇ ਗਏ ਹਨ ਤਾਂ ਜੋ ਸੰਗਤ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਸੰਗਤ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਇਹਨਾਂ ਸ਼ਹਾਦਤਾਂ ਤੋਂ ਪ੍ਰੇਰਨਾ ਲੈ ਕੇ ਸਮਾਜਿਕ ਕੁਰੀਤੀਆਂ ਦਾ ਖਾਤਮਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

ਡਾ. ਸੋਨਾ ਥਿੰਦ ਨੇ ਸ਼ਹੀਦੀ ਸਭਾ ਦੌਰਾਨ ਦੇਸ਼ ਵਿਦੇਸ਼ ਤੋਂ ਆਉਣ ਵਾਲੀ ਸੰਗਤ ਨੂੰ ਅਪੀਲ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਪ੍ਰਬੰਧਾਂ ਵਿੱਚ ਪੂਰਨ ਸਹਿਯੋਗ ਦਿੱਤਾ ਜਾਵੇ। ਉਨ੍ਹਾਂ ਲੰਗਰ ਕਮੇਟੀਆਂ ਨੂੰ ਵੀ ਅਪੀਲ ਕੀਤੀ ਕਿ ਲੰਗਰਾਂ ਵਿੱਚ ਸਾਫ ਸਫਾਈ ਯਕੀਨੀ ਬਣਾਈ ਜਾਵੇ ਤੇ ਪਲਾਸਟਿਕ ਲਿਫਾਫਿਆਂ ਤੇ ਥਰਮੋਕੋਲ ਬਰਤਨਾਂ ਦੀ ਵਰਤੋਂ ਨਾ ਕੀਤੀ ਜਾਵੇ। ।

ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਸੰਗਤ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਤੇ ਦੇਸ਼ ਵਿਦੇਸ਼ ਤੋਂ ਆਉਣ ਵਾਲੀ ਸੰਗਤ ਨੂੰ ਵਧੀਕ ਡਿਪਟੀ ਕਮਿਸ਼ਨਰ (ਜ) ਗੀਤਿਕਾ ਸਿੰਘ, ਐਸ.ਡੀ.ਐਮ. ਫ਼ਤਹਿਗੜ੍ਹ ਸਾਹਿਬ ਅਰਵਿੰਦ ਗੁਪਤਾ, ਨਗਰ ਕੌਂਸਲ ਸਰਹਿੰਦ ਦੇ ਕਾਰਜ ਸਾਧਕ ਅਫਸਰ ਸੰਗੀਤ ਕੁਮਾਰ ਤੇ ਹੋਰ ਅਧਿਕਾਰੀਆਂ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦੇਸ਼ ਵਿਦੇਸ਼ ਤੋਂ ਆਉਣ ਵਾਲੀ ਸੰਗਤ ਦੀ ਸਹੂਲਤ ਤੇ ਸੁਰੱਖਿਆ ਲਈ ਕੀਤੇ ਗਏ ਪ੍ਰਬੰਧਾਂ ਦਾ ਜ਼ਮੀਨੀ ਪੱਧਰ'ਤੇ ਜਾਇਜ਼ਾ ਲਿਆ। ਇਸ ਮੌਕੇ ਉਹਨਾਂ ਨੇ ਆਮ ਖਾਸ ਬਾਗ, ਮਾਧੋਪੁਰ ਅੰਡਰ ਪਾਸ, ਵੱਖੋ-ਵੱਖ ਜਨਤਕ ਪਖਾਨਿਆਂ ਸਮੇਤ ਸ਼ਹੀਦੀ ਸਭਾ ਸਬੰਧੀ ਹੋਰਨਾਂ ਵੱਖੋ-ਵੱਖ ਥਾਵਾਂ ਦਾ ਦੌਰਾ ਕੀਤਾ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।

# ਸਿਹਤ ਵਿਭਾਗ ਵਲੋ ਰਿਪੋਰਟਿੰਗ ਦੀ ਸਮੀਖਿਆ ਲਈ ਆਈ ਏਮ ਏ ਨਾਲ ਕੀਤੀ ਮੀਟਿੰਗ



**ਅਬੋਹਰ , 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਬੋਹਰ ਡਾਕਟਰਾਂ ਦੀ ਸੰਸਥਾ ਆਈ ਏਮ ਏ ਨਾਲ ਸਿਹਤ ਵਿਭਾਗ ਵਲੋ ਅਬੋਹਰ ਸਿਵਲ ਹਸਪਤਾਲ ਵਿਖੇ ਹੋਈ ਜਿਸ ਵਿਚ ਫਾਜ਼ਿਲਕਾ ਸਿਵਲ ਸਰਜਨ ਦਫਤਰ ਤੋਂ ਡੀ.ਐਫ.ਪੀ.ਓ ਡਾਕਟਰ ਕਵਿਤਾ ਸਿੰਘ ਅਤੇ ਡਾਕਟਰ ਏਰਿਕ ਨੇ ਭਾਗ ਲਿਆ।

ਇਸ ਦੋਰਾਨ ਡਾਕਟਰ ਕਵਿਤਾ ਸਿੰਘ ਨੇ ਦੱਸਿਆ ਕਿ ਐਚ.ਆਈ.ਐਮ. ਐਸ. ਸਾਫਟਵੇਅਰ ਦਾ ਡਾਟਾ ਪ੍ਰਾਈਵੇਟ ਹਸਪਤਾਲਾਂ ਵਲੋਂ ਵਿਭਾਗ ਨੂੰ ਦਿੱਤਾ ਜਾਂਦਾ ਹੈ ਜਿਸ ਵਿਚ ਗਰਭਵਤੀ ਮਹਿਲਾਵਾਂ ਅਤੇ ਬਾਕੀ ਸੇਵਾਵਾਂ ਦਾ ਡਾਟਾ ਹੁੰਦਾ ਹੈ ਜਿਸ ਨਾਲ ਸਰਕਾਰ ਨੂੰ ਡਾਟਾ ਮਿਲਣ ਨਾਲ ਲੋਕਾਂ ਦੀ ਭਲਾਈ ਲਈ ਯੋਜਨਾਵਾਂ ਬਣਾਉਣਾ ਵਿਚ ਮਦਦ ਮਿਲਦੀ ਹੈ ।

ਇਸ ਦੋਰਾਨ ਐੱਸ ਐਮ ਓ ਡਾਕਟਰ ਨੀਰਜਾ ਗੁਪਤਾ ਅਤੇ ਆਈ ਏਮ ਏ ਵਲੋਂ ਡਾਕਟਰ ਯੁਧਿਸ਼ਟਰ ਚੌਧਰੀ ਅਤੇ ਡੀ.ਪੀ. ਗੋਦਾਰਾ ਨਾਲ ਸੀ ।

# ਪੰਜਾਬ ਦੇ ਅੱਠ ਨੌਜਵਾਨ ਭਾਰਤੀ ਫੌਜ ਅਤੇ ਹਵਾਈ ਸੈਨਾ ਵਿੱਚ ਕਮਿਸ਼ਨਡ ਅ.ਫਸਰ ਬਣੇ

**ਚੰਡੀਗੜ੍ਹ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਅੱਜ ਪੰਜਾਬ ਲਈ ਬੇਹੱਦ ਮਾਣ ਵਾਲੀ ਘੜੀ ਹੈ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਐਮ.ਆਰ.ਐਸ.ਏ.ਐਫ.ਪੀ.ਆਈ.) ਐਸ.ਏ.ਐਸ. ਨਗਰ (ਮੋਹਾਲੀ) ਦੇ ਅੱਠ ਕੈਡਿਟ, ਭਾਰਤੀ ਫੌਜ ਅਤੇ ਹਵਾਈ ਸੈਨਾ ਵਿੱਚ ਕਮਿਸ਼ਨਡ ਅਫ਼ਸਰ ਬਣ ਗਏ ਹਨ।

ਇਨ੍ਹਾਂ 'ਚੋਂ ਛੇ ਅਫ਼ਸਰ, ਜਿਨ੍ਹਾਂ ਵਿੱਚ ਲੁਧਿਆਣਾ ਜ਼ਿਲ੍ਹੇ ਦੇ ਕ੍ਰਿਤਿਨ ਗੁਪਤਾ, ਅੰਮ੍ਰਿਤਸਰ ਤੋਂ ਭਰਤ ਸ਼ਰਮਾ ਤੇ ਸਾਹਿਲਦੀਪ ਸਿੰਘ, ਪਟਿਆਲਾ ਤੋਂ ਸਾਹਿਲਪ੍ਰੀਤ ਸਿੰਘ ਸੰਧੂ, ਕਪੂਰਥਲਾ ਤੋਂ ਸ਼ਿਵ ਕੁਮਾਰ ਅਤੇ ਬਠਿੰਡਾ ਤੋਂ ਉੱਤਮ ਮਲਿਕ ਸ਼ਾਮਲ ਹਨ, ਨੂੰ ਭਾਰਤੀ ਸੈਨਾ ਅਕੈਡਮੀ (ਆਈ.ਐਮ.ਏ.), ਦੇਹਰਾਦੂਨ ਦੇ 155- ਰੈਗੂਲਰ ਕੋਰਸ ਦੀ ਪਾਸਿੰਗ ਆਊਟ ਪਰੇਡ ਦੌਰਾਨ ਭਾਰਤੀ ਫ਼ੌਜ 'ਚ ਕਮਿਸ਼ਨਡ ਅਫ਼ਸਰ ਵਜੋਂ ਸ਼ਾਮਲ ਕੀਤਾ ਗਿਆ ਹੈ। ਪਰੇਡ ਦਾ ਨਿਰੀਖਣ ਨੇਪਾਲੀ ਸੈਨਾ ਮੁਖੀ ਜਨਰਲ ਅਸ਼ੋਕਰਾਜ ਸਿਗਡੇਲ ਨੇ ਕੀਤਾ।

ਇਹ ਕੈਡਿਟ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ 8ਵੇਂ ਕੋਰਸ ਦੇ ਹਨ। ਇਹ ਨੌਜਵਾਨ ਅਫ਼ਸਰ ਜਲਦ ਹੀ ਆਪਣੀ ਯੂਨਿਟ ਵਿਚ ਸ਼ਾਮਲ ਹੋ ਕੇ ਭਾਰਤੀ ਫੌਜ ਵਿਚ ਸੇਵਾ ਨਿਭਾਉਣਗੇ।

ਇਸ ਤੋਂ ਇਲਾਵਾ, ਇੰਸਟੀਚਿਊਟ ਦੇ ਦੋ ਹੋਰ ਕੈਡਿਟ, ਸੰਗਰੂਰ ਜ਼ਿਲ੍ਹੇ ਦੇ ਗੁਰਸ਼ੇਰ ਸਿੰਘ ਚੀਮਾ ਅਤੇ ਕਪੂਰਥਲਾ ਤੋਂ ਪ੍ਰਥਮ ਪਰਮਾਰ ਨੂੰ ਏਅਰ ਫੋਰਸ ਅਕੈਡਮੀ (ਏ.ਐਫ.ਏ.) ਡੁੰਡੀਗਲ ਦੀ 214ਵੀਂ ਕੰਬਾਈਂਡ ਪਾਸਿੰਗ ਆਊਟ ਪਰੇਡ ਵਿੱਚ ਭਾਰਤੀ ਹਵਾਈ ਸੈਨਾ 'ਚ ਫਲਾਇੰਗ ਅਫ਼ਸਰ ਵਜੋਂ ਸ਼ਾਮਲ ਕੀਤਾ ਗਿਆ ਹੈ। ਭਾਰਤੀ ਹਵਾਈ ਸੈਨਾ ਦੇ ਮੁਖੀ ਏਅਰ ਚੀਫ਼ ਮਾਰਸ਼ਲ ਅਮਰ ਪ੍ਰੀਤ ਸਿੰਘ (ਪੀ.ਵੀ.ਐਸ.ਐਮ., ਏ.ਵੀ.ਐਸ.ਐਮ.) ਨੇ ਪਰੇਡ ਦਾ ਨਿਰੀਖਣ ਕੀਤਾ।

ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਕੈਡਿਟਾਂ ਨੂੰ ਭਾਰਤੀ ਫੌਜ ਅਤੇ ਹਵਾਈ ਸੈਨਾ ਵਿੱਚ ਕਮਿਸ਼ਨਡ ਅਫ਼ਸਰ ਭਰਤੀ ਹੋਣ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਸਖ਼ਤ ਮਿਹਨਤ ਕਰਦਿਆਂ ਪੰਜਾਬ ਦਾ ਮਾਣ ਵਧਾਉਣ ਦੀ ਅਪੀਲ ਕੀਤੀ।

ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਅਜੇ ਐਚ. ਚੌਹਾਨ, ਵੀ.ਐਸ.ਐਮ. (ਸੇਵਾਮੁਕਤ) ਨੇ ਵੀ ਕੈਡਿਟਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਪੂਰੇ ਸਮਰਪਣ ਅਤੇ ਤਨਦੇਹੀ ਨਾਲ ਰੱਖਿਆ ਸੇਵਾਵਾਂ ਦੇ ਆਦਰਸ਼ਾਂ 'ਤੇ ਚੱਲਣ ਦਾ ਸੱਦਾ ਦਿੱਤਾ।

ਉਨ੍ਹਾਂ ਕਿਹਾ ਕਿ ਭਾਰਤੀ ਫੌਜ ਅਤੇ ਹਵਾਈ ਸੈਨਾ ਵਿੱਚ ਇਨ੍ਹਾਂ ਅੱਠ ਨੌਜਵਾਨਾਂ ਦੀ ਕਮਿਸ਼ਨਡ ਅਫ਼ਸਰ ਵਜੋਂ ਭਰਤੀ ਦੇ ਨਾਲ ਇੰਸਟੀਚਿਊਟ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਕੁੱਲ 168 ਕੈਡਿਟ, ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਕਮਿਸ਼ਨਡ ਅਫ਼ਸਰ ਵਜੋਂ ਭਰਤੀ ਹੋਏ ਹਨ।

# ਆਪ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦਾ ਲਿਆ ਅਸ਼ੀਰਵਾਦ



**ਜਲੰਧਰ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਪਾਰਟੀ ਆਗੂਆਂ ਦੇ ਨਾਲ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਅਤੇ ਜਸਦੀਪ ਸਿੰਘ ਗਿੱਲ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਅਸ਼ੀਰਵਾਦ ਲਿਆ।

ਇਸ ਦੌਰਾਨ ਅਮਨ ਅਰੋੜਾ ਨੇ ਬਾਬਾ ਗੁਰਿੰਦਰ ਸਿੰਘ ਢਿੱਲੋਂ ਦਾ ਧੰਨਵਾਦ ਪ੍ਰਗਟ ਕੀਤਾ ਅਤੇ ਪੰਜਾਬ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਤਨਦੇਹੀ ਨਾਲ ਕੰਮ ਕਰਨ ਲਈ ਉਨ੍ਹਾਂ ਦਾ ਆਸ਼ੀਰਵਾਦ ਮੰਗਿਆ।

ਅਰੋੜਾ ਦੇ ਨਾਲ ਆਏ 'ਆਪ' ਵਫ਼ਦ ਵਿੱਚ ਮੰਤਰੀ ਹਰਦੀਪ ਸਿੰਘ ਮੁੰਡੀਆਂ, 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ, ਸੀਨੀਅਰ ਆਗੂ ਦੀਪਕ ਬਾਲੀ ਅਤੇ ਡਾ. ਸੰਨੀ ਆਹਲੂਵਾਲੀਆ ਸ਼ਾਮਲ ਸਨ।

ਸਾਰੇ ਆਗੂਆਂ ਨੇ ਬਾਬਾ ਦੀ ਸਿੱਖਿਆਵਾਂ ਤੋਂ ਪ੍ਰੇਰਨਾ ਲੈਂਦੇ ਹੋਏ, ਵਿਕਾਸ ਅਤੇ ਪੰਜਾਬ ਦੀ ਭਲਾਈ ਪ੍ਰਤੀ ਵਚਨਬੱਧਤਾ ਦੇ ਆਪਣੇ ਦ੍ਰਿਸ਼ਟੀਕੋਣ ਨੂੰ ਵੀ ਸਾਂਝਾ ਕੀਤਾ।

# ਇਲੈਕਟ੍ਰੋਨਿਕ ਮੀਡੀਆ ਵੈਲਫ਼ੇਅਰ ਕਲੱਬ ਦੇ ਲਗਾਤਾਰ ਤੀਜੀ ਵਾਰ ਪ੍ਰਧਾਨ ਬਣੇ ਅਨੁਰਾਗ ਸ਼ਰਮਾ ਅਤੇ ਚਰਨਜੀਤ ਸਿੰਘ ਕੋਹਲੀ ਜਨਰਲ ਸਕੱਤਰ ਬਣੇ



**ਪਟਿਆਲਾ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਲੈਕਟ੍ਰਾਨਿਕ ਮੀਡੀਆ ਵੈਲਫ਼ੇਅਰ ਕਲੱਬ (ਰਜਿ) ਦੇ ਉਹਦੇਦਾਰਾ ਦੀ ਚੋਣ ਵਿੱਚ ਅਨੁਰਾਗ ਸ਼ਰਮਾ ਨੂੰ ਲਗਾਤਾਰ ਤੀਜੀ ਵਾਰ ਨਿਰਵਿਰੋਧ ਪ੍ਰਧਾਨ ਅਤੇ ਚਰਨਜੀਤ ਸਿੰਘ ਕੋਹਲੀ ਨੂੰ ਲਗਾਤਾਰ ਤੀਜੀ ਵਾਰ ਨਿਰਵਿਰੋਧ ਜਨਰਲ ਸਕੱਤਰ ਚੁਣਿਆ ਗਿਆ ਅਤੇ ਨਾਲ ਹੀ ਕਲੱਬ ਨੂੰ ਦੋ ਨਵੇਂ ਚਿਹਰੇ ਸੀਨੀਅਰ ਮੀਤ ਪ੍ਰਧਾਨ ਪੰਮੀ ਬੇਦੀ ਅਤੇ ਮੀਤ ਪ੍ਰਧਾਨ ਦਮਨਪ੍ਰੀਤ ਸਿੰਘ ਦੇ ਰੂਪ ਵਿਚ ਮਿਲੇ ਇਸ ਚੋਣ ਵਿਚ ਖਾਸ ਗੱਲ ਇਹ ਰਹੀ ਇਹ੍ਹਨਾਂ ਉਮੀਦਵਾਰਾਂ ਦੇ ਲੋਕ ਭਲਾਈ ਕੰਮ ਗਰੀਬ ਲੜਕੀਆਂ ਦਾ ਵਿਆਹ, ਖ਼ੂਨਦਾਨ ਕੈਂਪ, ਨਿਰਪੱਖ ਪੱਤਰਕਾਰੀਤਾ, ਧਾਰਮਿਕ ਉਤਸਵ, ਲੰਗਰ ਸੇਵਾ ਅਤੇ ਗਰੀਬ ਬੱਚਿਆਂ ਦੀ ਲਿਖਾਈ ਪੜ੍ਹਾਈ ਦੇ ਕੰਮਕਾਰਾਂ ਨੂੰ ਦੇਖਦੇ ਹੋਏ ਕਲੱਬ ਦੇ ਮੈਂਬਰਾਂ ਨੇ ਇਹਨਾਂ ਨੂੰ ਨਿਰਵਿਰੋਧ ਸਰਬਸੰਮਤੀ ਨਾਲ ਪ੍ਰਧਾਨ, ਸੀਨੀਅਰ ਪ੍ਰਧਾਨ, ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਦੀ ਕੁਰਸੀ ਤੇ ਸੁਸ਼ੋਭਿਤ ਕੀਤਾ। ਇਸ ਖਾਸ ਮੌਕੇ ਪਰ ਹਿੰਦੂ ਤਖ਼ਤ ਦੇ ਸੁਪਰੀਮੋ ਸ਼੍ਰੀ ਗੱਗੀ ਪੰਡਿਤ ਜੀ, ਸ਼੍ਰੀ ਜਲੋਟਾ, ਐਡਵੋਕੇਟ ਸਮਾਜ ਸੇਵਕ ਪ੍ਰਭਜੀਤ ਸਿੰਘ ਅਤੇ ਕਲੱਬ ਦੇ ਸਮੂਹ ਮੈਂਬਰ ਜਸਬੀਰ ਸਿੰਘ ਸੁਖੀਜਾ, ਜਗਜੀਤ ਸਿੰਘ ਸੱਗੂ ਰਜਨੀਸ਼ ਸਕਸੈਨਾ, ਜਗਦੀਸ਼ ਗੋਇਲ, ਜਸਬੀਰ ਸਿੰਘ, ਬਿੰਦਰ ਪਾਲ ਬਾਤੀਸ਼, ਅਸ਼ੋਕ ਵਰਮਾ, ਦਰਸ਼ਨ ਅਹੂਜਾ, ਚੰਨੀ, ਸੁਦਰਸ਼ਨ ਮਿੱਤਲ, ਬਲਜੀਤ ਸਰਨਾ ਆਦਿ ਮੌਜੂਦ ਰਹੇ। ਇਸ ਤਾਜਪੋਸ਼ੀ ਦੇ ਪ੍ਰੋਗਰਾਮ ਨੂੰ ਪ੍ਰੀਕ੍ਰਿਆ ਦੇਣ ਵਾਲੇ ਸਕਰੂਟਨੀ ਮੈਂਬਰ ਸਾਹਿਬਾਨਾਂ ਦੇ ਨਾਲ ਕਲੱਬ ਦੇ ਲੀਗਲ ਅਡਵਾਈਜ਼ਰ ਐਡਵੋਕੇਟ ਹਿਮਾਂਸ਼ੂ ਗਿਰਧਰ ਵੀ ਆਖਿਰ ਤੱਕ ਮੌਜੂਦ ਰਹੇ।

# ਸ਼ਰਧਾ ਨਾਲ ਮਨਾਇਆ ਛੋਟੇ ਸਾਹਿਬਜ਼ਾਦੇ ਬਾਬਾ ਫਤਿਹ ਸਿੰਘ ਜੀ ਦਾ ਜਨਮ ਦਿਹਾੜਾ



**ਸਮਾਣਾ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਸ੍ਰੀ ਗੁਰੂ ਰਵਿਦਾਸ,ਰਵਿਦਾਸ ਨਗਰ ਵਿਖੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚੌਥੇ ਸਾਹਿਬਜ਼ਾਦੇ ਬਾਬਾ ਫਤਿਹ ਸਿੰਘ ਜੀ ਦਾ ਜਨਮ ਦਿਹਾੜਾ ਗੁਰਦੁਆਰਾ ਪ੍ਰੰਬਧਕ ਕਮੇਟੀ ਵੱਲੋ ਸੰਗਤਾ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਵਿਚ ਸਿਰਕਤ ਕਰਦਿਆ ਸਾਬਕਾ ਕੈਬਨਿਟ ਮੰਤਰੀ ਚੇਤਨ ਸਿੰਘ ਜੋੜਾ ਮਾਜਰਾ ਨੇ ਸਾਹਿਬ ਸ੍ਰੀ ਗ੍ਰੰਥ ਸਾਹਿਬ ਜੀ ਤੋ ਆਸਿਰਵਾਦ ਲੈਦਿਆ ਸਾਹਿਬਜਾਦਾ ਫਤਿਹ ਸਿੰਘ ਦੇ ਜਨਮ ਦਿਹਾੜੇ ਦੀ ਸੰਗਤਾ ਨੂੰ ਵਧਾਈ ਦਿੱਤੀ ਜਨਮ ਦਿਹਾੜੇ ਦੀ ਖ਼ੁਸ਼ੀ 'ਚ ਨਿਰਮਲ ਸਿੰਘ ਤਰਖਾਣ ਮਾਜਰਾ ਵਾਲਿਆ ਵੱਲੋ ਰੱਖਵਾਏ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਅਜਮੇਰ ਤੋ ਆਏ ਕਥਾ ਵਾਚਕ ਭਾਈ ਸੁਖਦੇਵ ਸਿੰਘ ਜੀ ਨੇ ਬਾਬਾ ਫਤਿਹ ਸਿੰਘ ਜੀ ਦਾ ਜੀਵਨ ਬਿਰਤਾਂਤ ਸੰਗਤ ਨੂੰ ਸਰਵਣ ਕਰਵਾਉਂਦੇ ਹੋਏ ਦੱਸਿਆ ਕਿ ਬਾਬਾ ਫਤਿਹ ਸਿੰਘ ਜੀ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਸੰਨ 1699 ਈ: 'ਵਿਚ ਹੋਈਆ ਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ।

ਬਾਬਾ ਫਤਿਹ ਸਿੰਘ ਜੀ ਵੱਲੋਂ ਛੋਟੀ ਉਮਰੇ ਸਮੇਂ ਦੀ ਜ਼ਾਲਮ ਮੁਗਲ ਹਕੂਮਤ ਦੇ ਜਬਰ ਖ਼ਿਲਾਫ਼ ਸਰਹਿੰਦ ਵਿਖੇ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਦੇਣ ਦੇ ਪ੍ਰਸੰਗ ਨੂੰ ਸੰਗਤ ਨੂੰ ਵਿਸਥਾਰ ਸਹਿਤ ਜਾਣੂ ਕਰਾਇਆ। ਗੁਰਨੀਰ ਅਕੈਡਮੀ ਦੇ ਵਿਦਿਆਰਥਣ ਨੂਰ ਗੁਣਤਾਸ ਕੋਰ ਨੇ ਆਪਣੇ ਰਸਭਿੰਨੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਬਲਵਿੰਦਰ ਸਿੰਘ ਨੇ ਸਰਬਤ ਦੇ ਭਲੇ ਅਰਦਾਸ ਕੀਤੀ ਗੁਰੂ ਘਰ ਦੇ ਮੁਖ ਸੇਵਾਦਰ ਭਾਈ ਰਾਜ ਨੇ ਕਹਿਆ ਕਿ ਜਿਥੇ ਅੱਜ ਪੋਹ ਮਹੀਨੇ ਦੀ ਸੰਗਰਾਦ ਦਾ ਦਿਹਾੜਾ ਹੈ ਉਥੇ ਹੀ ਮਹੀਨਾ ਸ਼ਹੀਦੀਆ ਦਾ ਮਹੀਨਾ ਵੀ ਹੈ ਚੋਥੇ ਸਹਿਬਜਾਦੇ ਬਾਬਾ ਫਤਿਹ ਸਿੰਘ ਜੀ ਜਿਨਾ ਨਿੱਕੀਆ ਉਮਰਾ ਵਿਚ ਵੱਡੀਆ ਕੁਰਬਾਨਿਆ ਦਿੱਤੀਆਇਸ ਮੌਕੇ ਮਾਸਟਰ ਬਲਦੇਵ,ਗੁਰਸੇਵਕ ਸਿੰਘ, ਅਵਤਾਰ ਸਿੰਘ,ਨਰੇਸ ਕੁਮਾਰ,ਰਿਟਾਇਰ ਸੈਕਟਰੀ ਸੁਤੰਤਰ ਸਿੰਘ,ਸਾਹਿਬ ਸਿੰਘ, ਕੁਲਜਿਦਰ ਸਿੰਘ, ਮਾਸਟਰ ਕੋਰ ਸਿੰਘ, ਬਲਵਿੰਦਰ ਬੱਬੀ, ਗੁਰਮੁੱਖ ਸਿੰਘ, ਕਰਨੈਲ ਸਿੰਘ ਤਰਖਾਣ ਮਾਜਰਾ ਆਦਿ ਹਾਜ਼ਰ ਸਨ।

ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸਮਾਜਿਕ ਸੁਰੱਖਿਆ ਮੰਤਰੀ ਡਾ. ਬਲਜੀਤ ਕੌਰ ਨੇ ਪੰਜਾਬ ਦਿਵਿਆਂਗ ਐਕਸ਼ਨ ਕਮੇਟੀ ਵੱਲੋਂ ਆਯੋਜਿਤ ਸਲਾਨਾ ਸਮਾਗਮ ਵਿੱਚ ਕੀਤੀ ਸ਼ਿਰਕਤ

**ਚੰਡੀਗੜ੍ਹ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਅੱਜ ਤਰਨ ਤਾਰਨ ਵਿਖੇ ਪੰਜਾਬ ਦਿਵਿਆਂਗ ਐਕਸ਼ਨ ਕਮੇਟੀ ਵੱਲੋਂ ਆਯੋਜਿਤ ਸਲਾਨਾ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨ ਪਹੁੰਚੇ। ਸਮਾਗਮ ਦੌਰਾਨ ਉਨ੍ਹਾਂ ਨੇ ਵੱਖ-ਵੱਖ ਖੇਤਰਾਂ ਵਿੱਚ ਵਧੀਆ ਕੰਮ ਕਰਨ ਵਾਲੇ ਦਿਵਿਆਂਗਜਨਾਂ ਨੂੰ ਸਨਮਾਨਿਤ ਵੀ ਕੀਤਾ।

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦਿਵਿਆਂਗਜਨਾਂ ਦੇ ਸਵੈ-ਅਧਿਕਾਰ ਅਤੇ ਸਮਾਜ ਵਿੱਚ ਉਨ੍ਹਾਂ ਦੇ ਸਮੂਹਿਕ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਦਿਵਿਆਂਗਜਨਾਂ ਦੇ ਹੱਕਾਂ ਦੀ ਰੱਖਿਆ, ਸਿੱਖਿਆ, ਰੋਜ਼ਗਾਰ ਅਤੇ ਸਿਹਤ ਸਹੂਲਤਾਂ ਦੇ ਪ੍ਰਦਾਨ ਲਈ ਦ੍ਰਿੜਤਾ ਨਾਲ ਕੰਮ ਕਰ ਰਹੀ ਹੈ।

ਮੰਤਰੀ ਨੇ ਦਿਵਿਆਂਗਜਨ ਭਲਾਈ ਸਕੀਮਾਂ, ਜਿਵੇਂ ਕਿ ਪੈਨਸ਼ਨ ਯੋਜਨਾ, ਮੁਫਤ ਸਫਰ ਸਹੂਲਤ, ਸਵੈ-ਰੋਜ਼ਗਾਰ ਯੋਜਨਾਵਾਂ ਆਦਿ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਨੇ ਕਿਹਾ ਕਿ ਦਿਵਿਆਂਗਜਨਾਂ ਦੀ ਭਲਾਈ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਮੀਨੀ ਪੱਧਰ 'ਤੇ ਨਵੀਂ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ।

ਸਮਾਗਮ ਦੌਰਾਨ ਕਮੇਟੀ ਦੇ ਮੈਂਬਰਾਂ ਨੇ ਪਿਛਲੇ ਅਰਸੇ ਦੌਰਾਨ ਦਿਵਿਆਂਗਜਨਾਂ ਦੀਆਂ ਕਈ ਮੰਗਾਂ ਨੂੰ ਪੂਰਾ ਕਰਨ ਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦਾ ਧੰਨਵਾਦ ਕੀਤਾ ਅਤੇ ਕਈ ਹੋਰ ਮੁੱਦਿਆਂ ਨੂੰ ਉਨ੍ਹਾਂ ਸਾਹਮਣੇ ਰੱਖਿਆ ਅਤੇ ਮੰਤਰੀ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਭਰੋਸਾ ਦਿੱਤਾ।

# ਪਿੰਡ ਗੰਭੀਰਪੁਰ ਦਾ ਸਰਬਪੱਖੀ ਵਿਕਾਸ ਕਰਵਾਉਣਾ ਮੇਰੀ ਜਿੰਮੇਵਾਰੀ: ਹਰਜੋਤ ਸਿੰਘ ਬੈਂਸ

**ਸ੍ਰੀ ਆਨੰਦਪੁਰ ਸਾਹਿਬ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸੂਚਨਾ ਤੇ ਲੋਕ ਸੰਪਰਕ ਵਿਭਾਗ, ਸਕੂਲ ਸਿੱਖਿਆ, ਉਚੇਰੀ ਸਿੱਖਿਆ ਅਤੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਪੰਜਾਬ ਨੇ ਨਵੀਆਂ ਚੁਣੀਆਂ ਪੰਚਾਇਤਾਂ ਦੇ ਪੰਚਾਂ, ਸਰਪੰਚਾਂ ਨੂੰ ਕਿਹਾ ਕਿ ਉਹ ਬਿਨਾਂ ਭੇਦਭਾਵ ਪਿੰਡਾਂ ਦਾ ਸਰਵਪੱਖੀ ਵਿਕਾਸ ਕਰਵਾਉਣ ਅਤੇ ਵਿਕਾਸ ਦੀ ਰਫਤਾਰ ਨੂੰ ਹੋਰ ਗਤੀ ਦੇਣ ਲਈ ਯੋਜਨਾਂਬੱਧ ਢੰਗ ਨਾਲ ਕੰਮ ਕਰਨ।

ਹਰਜੋਤ ਸਿੰਘ ਬੈਂਸ ਨੇ ਆਪਣੇ ਧੰਨਵਾਦੀ ਦੌਰੇ ਦੌਰਾਨ ਗੰਭੀਰਪੁਰ ਅੱਪਰ ਵਿੱਚ ਲੋਕਾਂ ਨਾਲ ਵਿਚਾਰ ਸਾਝੇ ਕਰਦੇ ਹੋਏ ਕਿਹਾ ਕਿ ਪਿੰਡ ਵਾਸੀਆਂ ਦਾ ਗੰਭੀਰਪੁਰ ਦੀ ਪੰਚਾਇਤ ਦੀ ਚੋਣ ਵਿਕਾਸ ਦੇ ਨਾਮ ਤੇ ਕਰਨ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਹਲਕੇ ਦਾ ਸਰਬਪੱਖੀ ਵਿਕਾਸ ਕਰਵਾਉਣਾ ਮੇਰੀ ਜਿੰਮੇਵਾਰੀ ਹੈ, ਪ੍ਰੰਤੂ ਗੰਭੀਰਪੁਰ ਮੇਰਾ ਆਪਣਾ ਪਿੰਡ ਹੈ, ਇਸ ਲਈ ਇਸ ਦੇ ਵਿਕਾਸ ਵਿਚ ਕੋਈ ਕਸਰ ਬਾਕੀ ਨਹੀ ਰਹੇਗੀ। ਉਨਾਂ ਕਿਹਾ ਕਿ ਚਾਹੇ 2022 ਦੀਆਂ ਵਿਧਾਨ ਸਭਾ ਚੋਣਾਂ ਹੋਣ, 2024 ਦੀਆਂ ਲੋਕ ਸਭਾ ਚੋਣਾਂ ਹੋਣ ਜਾਂ ਪੰਚਾਇਤਾਂ ਦੀਆਂ ਚੋਣਾਂ ਹੋਣ ਪਿੰਡ ਵਾਸੀਆਂ ਦਾ ਹਮੇਸ਼ਾ ਹੀ ਵੱਡਮੁੱਲਾ ਸਹਿਯੋਗ ਉਨਾਂ ਨੂੰ ਮਿਲਿਆ ਹੈ ਤੇ ਹਰ ਵਾਰ ਇਸ ਇਲਾਕੇ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੀ ਵਿਚਾਰਾਧਾਰਾ ਅਤੇ ਸ੍ਰੀ ਅਰਵਿੰਦ ਕੇਜਰੀਵਾਲ ਰਾਸ਼ਟਰੀ ਕਨਵੀਨਰ ਆਮ ਆਦਮੀ ਪਾਰਟੀ ਅਤੇ ਸਾਡੇ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੇ ਹੱਕ ਵਿੱਚ ਫਤਵਾ ਦੇ ਕੇ ਸਾਡਾ ਮਾਣ ਵਧਾਇਆ ਹੈ। ਉਨਾਂ ਕਿਹਾ ਕਿ ਪਿੰਡ ਦੀਆਂ ਕੁੱਝ ਜਰੂਰੀ ਮੰਗਾਂ ਹਨ ਜਿਨਾਂ ਨੂੰ ਸਮਾਂ ਰਹਿੰਦਿਆਂ ਪੂਰਾ ਕਰ ਦਿੱਤਾ ਜਾਵੇਗਾ। ਉਨਾਂ ਕਿਹਾ ਕਿ ਪਿੰਡ ਵਿੱਚ ਸਟਰੀਟ ਲਾਈਟਾਂ ਲਗਵਾਈਆਂ ਜਾਣਗੀਆਂ, ਉੱਥੇ ਹੀ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਲਈ ਵੱਖ ਵੱਖ ਤਰਾਂ ਦੇ ਬੂਟੇ ਲਗਾਏ ਜਾਣਗੇ।ਬੈਂਸ ਨੇ ਕਿਹਾ ਕਿ ਪਿੰਡ ਵਿੱਚ ਆਧੁਨਿਕ ਕਮਿਊਨਿਟੀ ਸੈਂਟਰ ਬਣਾਉਣ ਦਾ ਐਲਾਨ ਕੀਤਾ ਜਿੱਥੇ ਸਮਾਜਿਕ ਸਮਾਗਮ ਆਯੋਜਿਤ ਹੋਣਗੇ। ਉਨ੍ਹਾਂ ਨੇ ਪਿੰਡ ਦੀ ਨਕਸ਼ ਨੁਹਾਰ ਬਦਲਣ ਦਾ ਦਾਅਵਾ ਕਰਦੇ ਹੋਏ ਕਿਹਾ ਕਿ ਗੰਭੀਰਪੁਰ ਦੇ ਸਰਕਾਰੀ ਸਕੂਲ ਨੂੰ ਨਮੂਨੇ ਦਾ ਸਕੂਲ ਬਣਾਇਆ ਜਾਵੇਗਾ। ਉਨ੍ਹਾਂ ਨੇ ਪਿੰਡ ਦੇ ਵਿਕਾਸ ਲਈ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਤੇ ਕਿਹਾ ਕਿ ਪਿੰਡ ਦਾ ਸਰਬਪੱਖੀ ਵਿਕਾਸ ਕਰਵਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਪਿੰਡਾਂ ਨੂੰ ਜਾਣ ਵਾਲੀਆਂ ਸੜਕਾਂ ਨੂੰ ਚੌੜਾ ਕਰਨ ਤੋ ਇਲਾਵਾ ਵੀ ਹੋਰ ਬਹੁਤ ਕੁਝ ਕਰਨ ਦੀ ਜਰੂਰਤ ਹੈ।

# ਸਿਹਤ ਅਤੇ ਸਿੱਖਿਆ ਪੰਜਾਬ ਸਰਕਾਰ ਦੀ ਮੁੱਖ ਤਰਜੀਹ : ਗੁਰਮੀਤ ਸਿੰਘ ਖੁੱਡੀਆਂ

➢ ਸੂਬਾ ਸਰਕਾਰ ਦੇ ਯਤਨਾਂ ਸਦਕਾ ਪੰਜਾਬ ਤਰੱਕੀ ਦੇ ਰਾਹਾਂ 'ਤੇ : ਜਗਰੂਪ ਗਿੱਲ
➢ ਵੱਖ-ਵੱਖ ਖੇਤਰਾਂ ਚ ਮੱਲ੍ਹਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ



**ਬਠਿੰਡਾ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਸਿਹਤ ਅਤੇ ਸਿੱਖਿਆ ਨੂੰ ਮੁੱਖ ਤਰਜੀਹ ਦਿੱਤੀ ਜਾ ਰਹੀ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਸਥਾਨਕ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਪਰਸਰਾਮ ਨਗਰ (ਅਰਜਨ ਨਗਰ) ਵੱਲੋਂ ਕਰਵਾਏ ਸਾਲਾਨਾ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ। ਇਸ ਮੌਕੇ ਉਹਨਾਂ ਦੇ ਨਾਲ ਵਿਧਾਇਕ ਬਠਿੰਡਾ (ਸ਼ਹਿਰੀ) ਸ ਜਗਰੂਪ ਸਿੰਘ ਗਿੱਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਇਸ ਮੌਕੇ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ। ਉਹਨਾਂ ਵਿਦਿਆਰਥੀਆਂ ਨੂੰ ਕਿਹਾ ਕਿ ਜ਼ਿੰਦਗੀ ਵਿੱਚ ਮਿਹਨਤ ਕਰਨਾ ਅਤਿ ਜ਼ਰੂਰੀ ਹੈ, ਜਿਸ ਸਦਕਾ ਉਹ ਔਖੀ ਤੋਂ ਔਖੀ ਮੰਜਿਲ ਨੂੰ ਸਰ ਕਰ ਸਕਦੇ ਹਨ। ਇਸ ਮੌਕੇ ਉਹਨਾਂ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਵਾਲੇ ਸਮੁੱਚੇ ਸਟਾਫ ਦੀ ਭਰਭੂਰ ਸ਼ਲਾਘਾ ਕੀਤੀ। ਉਹਨਾਂ ਇਹ ਵੀ ਕਿਹਾ ਕਿ ਸਕੂਲ ਨੂੰ ਹੋਰ ਆਧੁਨਿਕ ਸੁੱਖ ਸਹੂਲਤਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਸ. ਖੁੱਡੀਆਂ ਨੇ ਕਰਵਾਏ ਗਏ ਸਕੂਲੀ ਸਮਾਗਮ ਲਈ ਇਕ ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ।

ਇਸ ਤੋਂ ਪਹਿਲਾਂ ਵਿਧਾਇਕ ਬਠਿੰਡਾ (ਸ਼ਹਿਰੀ) ਸ. ਜਗਰੂਪ ਸਿੰਘ ਗਿੱਲ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸੂਬਾ ਸਰਕਾਰ ਦੇ ਯਤਨਾਂ ਸਦਕਾ ਅੱਜ ਪੰਜਾਬ ਤਰੱਕੀ ਦੇ ਰਾਹਾਂ 'ਤੇ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਬੱਚਿਆਂ ਨੂੰ ਆਧੁਨਿਕ ਤਰੀਕੇ ਦੀ ਸਿੱਖਿਆ ਦੇਣ ਲਈ ਸੂਬਾ ਸਰਕਾਰ ਵਚਨਬੱਧ ਅਤੇ ਯਤਨਸ਼ੀਲ ਹੈ। ਇਸ ਮੌਕੇ ਉਹਨਾਂ ਇਸ ਸਕੂਲ ਨੂੰ ਬਣਾਉਣ ਸਮੇਂ ਕੀਤੇ ਕਠਿਨ ਸੰਘਰਸ਼ ਨੂੰ ਸਾਂਝਾ ਕਰਦਿਆਂ ਕਿਹਾ ਕਿ ਸ਼ਹਿਰ ਦੇ ਬੱਚਿਆਂ ਦੇ ਚੰਗੇਰੇ ਭਵਿੱਖ ਲਈ ਲੋਕਾਂ ਦੇ ਸਹਿਯੋਗ ਨਾਲ ਅਸੀਂ ਹਮੇਸ਼ਾ ਤਤਪਰ ਹਾਂ। ਉਹਨਾਂ ਇਹ ਵੀ ਕਿਹਾ ਕਿ ਇਸ ਸਕੂਲ ਦੇ ਬੱਚੇ ਕਿਸੇ ਕਾਨਵੈਂਟ ਸਕੂਲ ਦੇ ਬੱਚਿਆਂ ਨਾਲੋਂ ਘੱਟ ਨਹੀਂ ਹਨ।

ਇਸ ਤੋਂ ਪਹਿਲਾਂ ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ, ਸੱਭਿਆਚਾਰਕ ਗੀਤ ਅਤੇ ਵੱਖ-ਵੱਖ ਤਰ੍ਹਾਂ ਦੀਆਂ ਵੰਨਗੀਆਂ ਪੇਸ਼ ਕੀਤੀਆਂ ਜੋ ਕਿ ਖਿੱਚ ਦਾ ਕੇਂਦਰ ਰਹੀਆਂ। ਇਸ ਮੌਕੇ ਕੈਬਨਿਟ ਮੰਤਰੀ ਸ੍ਰ ਗੁਰਮੀਤ ਸਿੰਘ ਖੁੱਡੀਆਂ ਅਤੇ ਵਿਧਾਇਕ ਸ੍ਰ ਜਗਰੂਪ ਸਿੰਘ ਗਿੱਲ ਵੱਲੋ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਜਿੱਥੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਉੱਥੇ ਹੀ ਉਹਨਾਂ ਨੂੰ ਅੱਗੇ ਹੋਰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਸ ਖੁੱਡੀਆਂ ਨੇ ਸਕੂਲੀ ਵਿਦਿਆਰਥੀਆਂ ਵੱਲੋਂ ਲਗਾਈਆਂ ਗਈਆਂ ਵੱਖ-ਵੱਖ ਤਰ੍ਹਾਂ ਦੀਆਂ ਪ੍ਰਦਰਸ਼ਨੀਆਂ ਦਾ ਦੌਰਾ ਕਰਕੇ ਜਾਇਜ਼ਾ ਵੀ ਲਿਆ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਮੈਡਮ ਮਨਿੰਦਰ ਕੌਰ, ਉਪ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਮਹਿੰਦਰ ਪਾਲ ਸਿੰਘ, ਐਮਸੀ ਸ੍ਰੀ ਸੁਖਦੀਪ ਸਿੰਘ ਢਿੱਲੋਂ ਤੋਂ ਇਲਾਵਾ ਸਕੂਲ ਦਾ ਸਟਾਫ, ਵਿਦਿਆਰਥੀ, ਉਹਨਾਂ ਦੇ ਮਾਪੇ ਅਤੇ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜ਼ਰ ਸਨ।

# ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਨੂੰ ਆਉਂਦੀਆਂ ਸੜਕਾਂ ਦੀ ਮੁਰੰਮਤ ਦਾ ਕੰਮ ਜੰਗੀ ਪੱਧਰ ਤੇ ਜਾਰੀ

➢ ਜਨਤਕ ਪਖਾਨਿਆਂ ਦੀ ਕਰਵਾਈ ਸਾਫ ਸਫਾਈ ➢ ਗੁਰਦੁਆਰਾ ਸ਼੍ਰੀ ਫਤਹਿਗੜ੍ਹ ਸਾਹਿਬ ਦੇ ਆਲੇ ਦੁਆਲੇ ਲਗਾਈਆਂ ਲਾਈਟਾਂ

**ਫਤਹਿਗੜ੍ਹ ਸਾਹਿਬ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਸਮਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬ ?ਜਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ 25 ਤੋਂ 27 ਦਸੰਬਰ ਤੱਕ ਹੋਣ ਵਾਲੀ ਸ਼ਹੀਦੀ ਸਭਾ ਦੌਰਾਨ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਆਉਣ ਵਾਲੀ ਸੰਗਤ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸ਼੍ਰੀ ਫ਼ਤਹਿਗੜ੍ਹ ਸਾਹਿਬ ਨੂੰ ਆਉਣ ਵਾਲੀਆਂ ਸੜਕਾਂ ਦੀ ਮੁਰੰਮਤ ਤੇ ਤਕਰੀਬਨ 61.56 ਲੱਖ ਰੁਪਏ ਖ਼ਰਚ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਸੀਵਰੇਜ ਪੈਣ ਕਾਰਨ ਖਰਾਬ ਹੋਈਆਂ ਦੋ ਸੜਕਾਂ ਰੋਜਾ ? ਸ਼ਰੀਫ ਦੇ ਸਾਹਮਣੇ ਪੈਂਦੀ ਸਰਹਿੰਦ ਮੋਰਿੰਡਾ ਰੋਡ ਦੀ ਮੁਰੰਮਤ ਤੇ 67.17 ਲੱਖ ਰੁਪਏ ਤੇ ਜੀ.ਟੀ. ਰੋਡ ਮਾਧੋਪੁਰ ਤੋਂ ਸਰਹਿੰਦ ਚੁੰਨੀ ਰੋਡ ਵਾਇਆ ਲਿੰਕਨ ਕਾਲਜ ਰੋਡ ਦੀ ਮੁਰੰਮਤ ਤੇ 89.96 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ।



ਇਹ ਜਾਣਕਾਰੀ ਡਿਪਟੀ ਕਮਿਸ਼ਨਰ ਡਾ.ਸੋਨਾ ਥਿੰਦ ਨੇ ਸ਼ਹੀਦੀ ਸਭਾ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਮੌਕੇ ਦਿੱਤੀ। ਉਹਨਾਂ ਦੱਸਿਆ ਕਿ ਇਨ੍ਹਾਂ ਸੜਕਾਂ ਦੀ ਮੁਰੰਮਤ ਦਾ ਕੰਮ ਜੰਗੀ ਪੱਧਰ ਤੇ ਚੱਲ ਰਿਹਾ ਹੈ ਤੇ ਸ਼ਹੀਦੀ ਸਭਾ ਤੋਂ ਪਹਿਲਾਂ ਕੰਮ ਮੁਕੰਮਲ ਹੋ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਦੇਸ਼ ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਬਣਾਏ ਗਏ ਜਨਤਕ ਪਖਾਨਿਆਂ ਦੀ ਸਾਫ ਸਫਾਈ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਕਰਵਾਈ ਜਾ ਰਹੀ ਹੈ ਅਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਨੂੰ ਆਉਂਦੀਆਂ ਸੜਕਾਂ ਤੇ ਲੱਗੀਆਂ ਸਟਰੀਟ ਲਾਈਟਾਂ ਦਾ ਕੰਮ ਵੀ ਸਬੰਧਤ ਵਿਭਾਗਾਂ ਵੱਲੋਂ ਕਰਵਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜ਼ਿਲ ?ਾ ਪ੍ਰਸ਼ਾਸਨ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਫਤਿਹਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਉਣ ਵਾਲੀ ਸੰਗਤ ਦੀ ਸਹੂਲਤ ਵਾਸਤੇ ਪੂਰੀ ਦ੍ਰਿੜਤਾ ਨਾਲ ਕੰਮ ਕਰ ਰਿਹਾ ਹੈ ਤੇ ਸੰਗਤ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ।

ਡਾਕਟਰ ਸੋਨਾ ਥਿੰਦ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਸ਼ਹੀਦੀ ਸਭਾ ਦੌਰਾਨ ਦੇਸ਼ ਵਿਦੇਸ਼ ਤੋਂ ਆਉਣ ਵਾਲੀ ਸੰਗਤ ਦੀ ਸਹੂਲਤ ਲਈ ਜ਼ਿਲਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਕੰਮਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ ਅਤੇ ਸੜਕਾਂ ਦੇ ਆਲੇ ਦੁਆਲੇ ਕਿਸੇ ਕਿਸਮ ਦਾ ਕੂੜਾ ਕਰਕਟ ਨਾ ਸੁੱਟਿਆ ਜਾਵੇ।

# ਨਾਭਾ 'ਚ ਪਹਿਲੀ ਵਾਰ 'ਇੰਡੀਅਨ ਕਾਰਲੇਮ' ਸਿੰਘਾਪੁਰ ਮੇਲਾ ਸ਼ੁਰੂ

**ਨਾਭਾ, 18 ਦਸੰਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਨਾਭਾ ਪਟਿਆਲਾ ਰੋਡ ਨਜ਼ਦੀਕ ਹੀਰਾ ਮਹਿਲ ਵਿਖੇ 'ਇੰਡੀਅਨ ਕਾਰਲੇਮ' ਮੇਲਾ ਸਿੰਘਾਪੁਰ ਲਗਾਇਆ ਗਿਆ ਹੈ। ਮੇਲੇ ਦੇ ਮੈਨੇਜਰ ਬਿਪਨ ਜਿੰਦਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੇਲੇ 'ਚ ਬੱਚਿਆਂ ਦੇ ਮਨੋਰੰਜਨ ਲਈ ਹਵਾਈ ਝੂਲੇ, ਕਿਸ਼ਤੀ ਝੂਲਾ, ਇਲੈਕਟਰੋਨਿਕ ਰੇਲ ਗੱਡੀ, ਭੂਤ ਬੰਗਲਾ, ਪਾਣੀ 'ਚ ਤੈਰਦੀਆਂ ਰੰਗ ਬਿਰੰਗੀਆਂ ਮੱਛੀਆਂ, ਮੌਤ ਦੇ ਖੂਹ 'ਚ ਚਲਦੇ ਮੋਟਰਸਾਈਕਲ ਅਤੇ ਮਰੂਤੀ ਕਾਰ ਦੇ ਹੈਰਾਨੀ ਜਨਕ ਕਰਤਬ ਦਿਖਾਏ ਜਾਣਗੇ, ਮੇਲੇ 'ਚ ਵੱਖ-ਵੱਖ ਤਰ੍ਹਾਂ ਦੇ ਖਾਣ ਪੀਣ ਦੇ ਸਟਾਲ ਵੀ ਲਗਾਏ ਗਏ ਹਨ। ਮੇਲੇ 'ਚ ਐਂਟਰੀ ਲਈ ਜਹਾਜ਼ ਰੂਪੀ ਮਾਡਲ ਬਣਾਇਆ ਗਿਆ ਹੈ ਜਿਸ ਦੇ ਵਿੱਚ ਦੀ ਲੰਘ ਕੇ ਦਰਸ਼ਕ ਮੇਲੇ 'ਚ ਦਾਖਲ ਹੋਣਗੇ।

# ਲੁਧਿਆਣਾ ਵਿੱਚ ਕਾਂਗਰਸ ਨੂੰ ਇੱਕ ਹੋਰ ਵੱਡਾ ਝਟਕਾ !

## ਮੌਜੂਦਾ ਕਾਂਗਰਸੀ ਕੌਂਸਲਰ ਸਿਕੰਦਰ ਸਿੰਘ ਪਲਾਹਾ ਅਤੇ ਹਰਦੀਪ ਸਿੰਘ ਪਲਾਹਾ ਆਪ 'ਚ ਹੋਏ ਸ਼ਾਮਲ



**ਲੁਧਿਆਣਾ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਵਿੱਚ ਕਾਂਗਰਸ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲਗਿਆ ਜਦੋਂ ਮੌਜੂਦਾ ਕੌਂਸਲਰ ਸਿਕੰਦਰ ਸਿੰਘ ਪਲਾਹਾ ਅਤੇ ਵਾਰਡ ਇੰਚਾਰਜ ਹਰਦੀਪ ਸਿੰਘ ਪਲਾਹਾ ਆਪਣੇ ਸਮਰਥਕਾਂ ਸਮੇਤ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਹੋ ਗਏ। ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਇਨ੍ਹਾਂ ਆਗੂਆਂ ਨੂੰ 'ਆਪ' ਵਿੱਚ ਸ਼ਾਮਲ ਕੀਤਾ। ਇਸ ਮੌਕੇ ਆਤਮ ਨਗਰ ਦੇ ਉੱਘੇ ਆਗੂ ਕਮਲਜੀਤ ਸਿੰਘ ਕੜਵਾਲ ਵੀ ਮੌਜੂਦ ਸਨ।

ਨਵੇਂ ਆਗੂਆਂ ਦਾ ਸਵਾਗਤ ਕਰਦਿਆਂ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਕਾਂਗਰਸ ਪਾਰਟੀ ਦੀ ਘਟਦੀ ਭਰੋਸੇਯੋਗਤਾ ਅਤੇ ਦਿਸ਼ਾ ਦੀ ਘਾਟ ਨੇ ਸਿਕੰਦਰ ਸਿੰਘ ਪਲਾਹਾ ਅਤੇ ਹਰਦੀਪ ਸਿੰਘ ਪਲਾਹਾ ਵਰਗੇ ਇਮਾਨਦਾਰ ਅਤੇ ਸਮਰਪਿਤ ਆਗੂਆਂ ਨੂੰ 'ਆਪ' ਵਰਗੀ ਅਗਾਂਹਵਧੂ ਅਤੇ ਲੋਕ-ਕੇਂਦਰਿਤ ਪਾਰਟੀ ਵਿੱਚ ਸ਼ਾਮਿਲ ਹੋਣ ਲਈ ਮਜਬੂਰ ਕੀਤਾ ਹੈ। ਉਨ੍ਹਾਂ ਦੇ ਸ਼ਾਮਿਲ ਹੋਣ ਨਾਲ ਪੰਜਾਬ ਦੀ ਬਿਹਤਰ ਸੇਵਾ ਕਰਨ ਦੇ ਸਾਡੇ ਇਰਾਦੇ ਨੂੰ ਹੋਰ ਮਜ਼ਬੂਤੀ ਮਿਲੇਗੀ

ਕਮਲਜੀਤ ਸਿੰਘ ਕੜਵਾਲ ਨੇ ਕਿਹਾ ਕਿ ਆਪ ਵਿੱਚ ਇਨ੍ਹਾਂ ਆਗੂਆਂ ਅਤੇ ਇਨ੍ਹਾਂ ਦੇ ਸਮਰਥਕਾਂ ਦੇ ਸ਼ਾਮਲ ਹੋਣ ਨਾਲ ਲੁਧਿਆਣਾ ਵਿੱਚ 'ਆਪ' ਨੂੰ ਵੱਡਾ ਹੁਲਾਰਾ ਮਿਲੇਗਾ। ਸਿਕੰਦਰ ਸਿੰਘ ਪਲਾਹਾ ਨੇ ਕਿਹਾ ਕਿ 'ਆਪ' 'ਚ ਸ਼ਾਮਲ ਹੋਣ ਦਾ ਉਨ੍ਹਾਂ ਦਾ ਫੈਸਲਾ ਪਾਰਟੀ ਦੀ ਪਾਰਦਰਸ਼ਤਾ, ਚੰਗੇ ਪ੍ਰਸ਼ਾਸਨ ਅਤੇ ਲੋਕਾਂ ਦੀ ਭਲਾਈ ਪ੍ਰਤੀ ਵਚਨਬੱਧਤਾ ਤੋਂ ਪ੍ਰੇਰਿਤ ਹੈ। ਕਾਂਗਰਸ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੀ ਹੈ, ਜਦੋਂ ਕਿ 'ਆਪ' ਨੇ ਲਗਾਤਾਰ ਲੋਕਾਂ ਦੇ ਜੀਵਨ ਨੂੰ ਸੁਧਾਰਨ ਲਈ ਕੰਮ ਕੀਤਾ ਹੈ। ਮੈਨੂੰ ਇਸ ਪਰਿਵਰਤਨਸ਼ੀਲ ਯਾਤਰਾ ਦਾ ਹਿੱਸਾ ਬਣਨ 'ਤੇ ਮਾਣ ਹੈ।

ਇਸ ਘਟਨਾਕ੍ਰਮ ਨਾਲ ਨਗਰ ਨਿਗਮ ਚੋਣਾਂ ਦੇ ਮੱਦੇਨਜ਼ਰ ਲੁਧਿਆਣਾ ਵਿੱਚ 'ਆਪ' ਦੀ ਸਥਿਤੀ ਹੋਰ ਮਜ਼ਬੂਤ ਹੋਵੇਗੀ। ਜ਼ਮੀਨੀ ਪੱਧਰ ਦੇ ਵਰਕਰਾਂ ਦੇ ਪਾਰਟੀ ਨਾਲ ਜੁੜੇ ਹੋਣ ਦੇ ਨਾਲ 'ਆਪ' ਨਗਰ ਨਿਗਮ ਦੀਆਂ ਚੋਣਾਂ ਵਿੱਚ ਇੱਕ ਪ੍ਰਮੁੱਖ ਤਾਕਤ ਵਜੋਂ ਉਭਰਦੀ ਜਾ ਰਹੀ ਹੈ।

# ਸਾਂਝ ਕੇਂਦਰ ਅਤੇ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਨਸ਼ਿਆਂ ਕਰਕੇ ਕੁਰਾਹੇ ਪਏ ਨੌਜਵਾਨਾਂ ਦੀ ਕੌਂਸਲਿੰਗ ਕਰਕੇ ਉਹਨਾਂ ਨੂੰ ਕਰਵਾਏਗੀ ਕਿੱਤਾਮੁਖੀ ਸਿਖਲਾਈ: ਐਸ ਪੀ ਹਰਵੰਤ ਕੋਰ

**ਪਟਿਆਲਾ, 18 ਦਸੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਪਟਿਆਲਾ ਵਲੋਂ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ ਜੀ ਅਤੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਮਿਊਨਟੀ ਅਫੇਅਰ ਡਵੀਜ਼ਨ ਪੰਜਾਬ ਮੈਡਮ ਗੁਰਪ੍ਰੀਤ ਕੌਰ ਦਿਓ ਦੀ ਸਰਪ੍ਰਸਤੀ ਅਤੇ ਡੀ ਆਈ ਜੀ ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ, ਐਸ ਐਸ ਪੀ ਪਟਿਆਲਾ ਡਾਕਟਰ ਨਾਨਕ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੁਲਿਸ ਵਿਭਾਗ ਵੱਲੋਂ ਸ਼ੁਰੂ ਕੀਤੇ ਗਏ ਸੰਪਰਕ ਪ੍ਰੋਜੈਕਟ ਸਬੰਧੀ ਸਾਂਝ ਕੇਂਦਰ ਅਤੇ ਜਿਲਾ ਯੁਵਾ ਸਾਝ ਕਮੇਟੀ ਦੇ ਮੈਂਬਰਾਂ ਅਤੇ ਨਸ਼ਿਆਂ ਨੂੰ ਛੱਡ ਚੁੱਕੇ ਨੌਜਵਾਨਾਂ ਨਾਲ ਮੀਟਿੰਗ ਐਸ ਪੀ ਹੈਡਕੁਆਰਟਰ ਮੈਡਮ ਹਰਵੰਤ ਕੋਰ ਨੋਡਲ ਅਫ਼ਸਰ ਜ਼ਿਲ੍ਹਾ ਸਾਂਝ ਕੇਂਦਰ ਅਤੇ ਜ਼ਿਲ੍ਹਾ ਯੁਵਾ ਸਾਝ ਕਮੇਟੀ ਵਲੋਂ ਪੁਲਿਸ ਲਾਈਨ ਪਟਿਆਲਾ ਵਿਖੇ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਇੰਚਾਰਜ ਸੁਖਜਿੰਦਰ ਸਿੰਘ ਵਲੋਂ ਸਾਰੇ ਆਏ ਹੋਏ ਮੈਂਬਰਾਂ ਨੂੰ ਜੀ ਆਇਆਂ ਕਿਹਾ ਅਤੇ ਮੀਟਿੰਗ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਰਿਟਾਇਰ ਐਸ ਪੀ ਮਨਜੀਤ ਸਿੰਘ ਬਰਾੜ, ਐਸ ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਭੁਪਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਸਿਟੀ 2, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਅਤੇ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਸਾਂਝ ਕੇਂਦਰ, ਐਸ ਆਈ ਨਿਰਮਲ ਸਿੰਘ ਇੰਚਾਰਜ ਸਾਂਝ ਕੇਂਦਰ ਰਾਜਪੁਰਾ, ਐਸ ਆਈ ਗੁਰਕੀਰਤ ਕੋਰ ਇੰਚਾਰਜ ਸਾਂਝ ਕੇਂਦਰ ਨਾਭਾ, ਹਰਵਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਪਾਤੜਾਂ, ਜਸਵਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਘਨੋਰ, ਵਰਿੰਦਰ ਸਿੰਘ, ਸੁਖਵਿੰਦਰ ਸਿੰਘ, ਪਰਮਜੀਤ ਸਿੰਘ ਬਾਦਸ਼ਾਹਪੁਰ, ਰਾਜੇਸ਼ ਮਿੱਤਲ, ਮੈਡਮ ਇੰਦੂ ਡੇਹਰਾ, ਮੈਡਮ ਕਮਲੇਸ਼ ਗਰਗ, ਨੈਬ ਸਿੰਘ, ਸਾਹਿਬ ਸਿੰਘ, ਜਸਵਿੰਦਰ ਸਿੰਘ,ਨੀਤਨ ਵਰਮਾ,ਹਰਲਾਭ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਐਸ ਪੀ ਹੈਡਕੁਆਰਟਰ ਹਰਵੰਤ ਕੋਰ ਨੇ ਦੱਸਿਆ ਕਿ ਇਸ ਮੀਟਿੰਗ ਦੌਰਾਨ ਨਸ਼ਿਆਂ ਨੂੰ ਕਰ ਰਹੇ ਨੋਜਵਾਨਾਂ ਦੀ ਕਾਉਂਸਲਿੰਗ ਕੀਤੀ ਗਈ ਅਤੇ ਕਿਹਾ ਕਿ ਸਾਂਝ ਕੇਂਦਰਾਂ ਅਤੇ ਯੁਵਾ ਸਾਂਝ ਕਮੇਟੀ ਦੇ ਮੈਂਬਰਾਂ ਦੇ ਸਹਿਯੋਗ ਨਾਲ ਨਵੇਂ ਸ਼ੁਰੂ ਹੋਏ ਸੰਪਰਕ ਮੁਹਿੰਮ ਤਹਿਤ ਸਕੂਲ ਪੱਧਰ ਤੇ ਬੱਚਿਆਂ, ਸਕੂਲ ਦੇ ਸਟਾਫ ਅਤੇ ਮਾਪਿਆਂ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ ਤਾ ਜੋ ਉਹਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਸਕੇ, ਉਹਨਾਂ ਕਿਹਾ ਕਿ ਸਾਂਝ ਕੇਂਦਰ ਅਤੇ ਯੁਵਾ ਸਾਝ ਕਮੇਟੀਆਂ ਦਾ ਮੁੱਖ ਮਕਸਦ ਕੁਰਾਹੇ ਪੈ ਗਏ ਨੌਜਵਾਨਾਂ ਨੂੰ ਕਾਉਂਸਲਿੰਗ ਕਰਕੇ ਸਹੀ ਰਸਤੇ ਤੇ ਲੈ ਕੇ ਆਉਣਾ ਅਤੇ ਸਵੈ ਰੁਜ਼ਗਾਰ ਚਲਾਉਣ ਲਈ ਉਹਨਾਂ ਨੌਜਵਾਨਾਂ ਦੀ ਮਦਦ ਕਰਨੀ ਹੈ , ਇਸ ਤੋਂ ਇਲਾਵਾ ਨੌਜਵਾਨਾਂ ਨੂੰ ਬੇਰੁਜ਼ਗਾਰੀ ਤੋਂ ਬਾਹਰ ਕਢਣ ਲਈ ਨੌਜਵਾਨਾਂ ਨੂੰ ਵੱਧ ਤੋਂ ਵੱਧ ਹੱਥੀ ਕਿਰਤ ਲਈ ਪ੍ਰੇਰਿਤ ਕਰਨਾ ਹੈ ਅਤੇ ਨੌਜਵਾਨਾਂ ਵਿਚ ਵੱਧ ਤੋਂ ਵੱਧ ਸਵੈਸਕਤੀ ਪੈਦਾ ਕਰਨਾ ਹੈ। ਉਹਨਾਂ ਕਿਹਾ ਕਿ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਾਨੂੰ ਸਾਰਿਆਂ ਨੂੰ ਅੱਗੇ ਆ ਕੇ ਪਹਿਲ ਕਰਨੀ ਚਾਹੀਦੀ ਹੈ। ਸਾਝ ਕੇਂਦਰ ਪਟਿਆਲਾ ਵਲੋਂ ਸਮਾਜ ਸੇਵੀ ਸੰਸਥਾਵਾਂ ਨਾਲ ਮਿਲ ਕੇ ਨਸ਼ਿਆਂ ਵਿਰੁੱਧ ਰੈਲੀਆਂ, ਨੁੱਕੜ ਨਾਟਕ, ਸੈਮੀਨਾਰ, ਵਿਚਾਰ ਚਰਚਾ ਆਦਿ ਲੜੀਵਾਰ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਲਈ ਪੁਲਿਸ ਵਲੋਂ ਭਰਪੂਰ ਸਹਿਯੋਗ ਦਿੱਤਾ ਜਾਵੇਗਾ।ਇਸ ਮੌਕੇ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਸਾਰੇ ਆਏ ਹੋਏ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

# ਆਮ ਆਦਮੀ ਪਾਰਟੀ ਨੇ ਨਿਗਮ ਚੋਣਾਂ ਤੋਂ ਪਹਿਲਾਂ ਜਲੰਧਰ ਦੇ ਵਿਕਾਸ ਲਈ ਪੰਜ ਮੁੱਖ ਗਰੰਟੀਆਂ ਦਾ ਕੀਤਾ ਐਲਾਨ

## 100 ਇਲੈਕਟ੍ਰਿਕ ਬੱਸਾਂ, 24 ਘੰਟੇ ਪੀਣ ਵਾਲਾ ਸਾਫ਼ ਪਾਣੀ ਦੇਣਾ, ਵੱਡੇ ਪੈਮਾਨੇ 'ਤੇ ਪਾਰਕਿੰਗ ਸੁਵਿਧਾਵਾਂ ਅਤੇ ਸੀਸੀਟੀਵੀ ਕੈਮਰੇ ਲਗਾਉਣੇ, ਕੂੜੇ ਦੇ ਡੰਪਾਂ ਨੂੰ ਖਤਮ ਕਰਨਾ ਅਤੇ ਜਲੰਧਰ ਦੀ ਖੇਡ ਸ਼ਾਨ ਨੂੰ ਬਹਾਲ ਕਰਨ ਦੀ ਦਿੱਤੀ ਗਰੰਟੀ

**ਜਲੰਧਰ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਨੇ ਜਲੰਧਰ ਨਗਰ ਨਿਗਮ ਚੋਣਾਂ ਲਈ ਆਪਣੀ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਪੰਜ ਮੁੱਖ ਗਰੰਟੀਆਂ ਦੇ ਨਾਲ ਇੱਕ ਦੂਰਅੰਦੇਸ਼ੀ ਮੈਨੀਫੈਸਟੋ ਜਾਰੀ ਕੀਤਾ। 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਪਾਰਟੀ ਸੱਤਾ ਵਿੱਚ ਆਉਣ ਤੋਂ ਤੁਰੰਤ ਬਾਅਦ ਇਨ੍ਹਾਂ ਸਾਰੇ ਵਾਅਦਿਆਂ ਨੂੰ ਪੂਰਾ ਕਰੇਗੀ।




ਉਨ੍ਹਾਂ ਦੱਸਿਆ ਕਿ ਜਲੰਧਰ ਲਈ 'ਆਪ' ਦਾ ਇਹ ਮੈਨੀਫੈਸਟੋ ਲੋਕ-ਕੇਂਦਰਿਤ ਪਹੁੰਚ ਨੂੰ ਯਕੀਨੀ ਬਣਾਉਂਦੇ ਹੋਏ ਵਿਆਪਕ ਜਨਤਕ ਸਲਾਹ-ਮਸ਼ਵਰੇ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਹੈ। ਅਮਨ ਅਰੋੜਾ ਨੇ ਭਰੋਸਾ ਦਿਵਾਇਆ ਕਿ ਸਾਰੇ ਪ੍ਰੋਜੈਕਟਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਗਾਰੰਟੀ ਕੀਤਾ ਜਾਵੇਗਾ ਜੋ ਆਪ' ਦੇ ਸ਼ਾਸਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ 'ਤੇ ਫੋਕਸ ਨੂੰ ਦਰਸਾਉਂਦਾ ਹੈ।

'ਅਰੋੜਾ ਨੇ 'ਆਪ' ਦੀ ਚੋਣ ਮੁਹਿੰਮ ਦੀ ਸ਼ੁਰੂਆਤ ਕਰਨ ਲਈ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕੀਤਾ। ਇਸ ਮੌਕੇ ਉਨ੍ਹਾਂ ਨਾਲ 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਮੰਤਰੀ ਹਰਭਜਨ ਸਿੰਘ ਈਟੀਓ ਤੇ ਮੋਹਿੰਦਰ ਭਗਤ, ਵਿਧਾਇਕ ਰਮਨ ਅਰੋੜਾ, ਜਸਵੀਰ ਸਿੰਘ ਰਾਜਾ ਗਿੱਲ, 'ਆਪ' ਆਗੂ ਦੀਪਕ ਬਾਲੀ, ਰਾਜਵਿੰਦਰ ਕੌਰ ਥਿਆੜਾ ਅਤੇ ਪਵਨ ਕੁਮਾਰ ਟੀਨੂੰ ਵੀ ਹਾਜ਼ਰ ਸਨ।

**ਜਲੰਧਰ ਲਈ 'ਆਪ' ਦੀਆਂ ਪੰਜ ਗਰੰਟੀਆਂ**

1. ਚਾਰਜਿੰਗ ਸਟੇਸ਼ਨਾਂ ਦੇ ਨਾਲ 100 ਇਲੈਕਟ੍ਰਿਕ ਬੱਸਾਂ ਦੀ ਸ਼ੁਰੂਆਤ

ਵਧਦੇ ਪ੍ਰਦੂਸ਼ਣ ਨਾਲ ਨਜਿੱਠਣ ਅਤੇ ਜਨਤਕ ਆਵਾਜਾਈ ਨੂੰ ਬਿਹਤਰ ਬਣਾਉਣ ਲਈ ਆਪ ਪੂਰੇ ਸ਼ਹਿਰ ਵਿੱਚ 100 ਇਲੈਕਟ੍ਰਿਕ ਬੱਸਾਂ ਦੀ ਸ਼ੁਰੂਆਤ ਕਰੇਗੀ ਜੋ ਆਧੁਨਿਕ ਚਾਰਜਿੰਗ ਸਟੇਸ਼ਨਾਂ ਦੁਆਰਾ ਸਮਰਥਤ ਹੋਣਗੀਆਂ। ਇਹ ਪਹਿਲਕਦਮੀ ਪ੍ਰਦੂਸ਼ਣ ਨੂੰ ਘਟਾਏਗੀ ਅਤੇ ਜਲੰਧਰ ਵਾਸੀਆਂ ਲਈ ਆਵਾਜਾਈ ਦੀਆਂ ਸਹੂਲਤਾਂ ਵਿੱਚ ਵਾਧਾ ਕਰੇਗੀ।

2. 24 ਘੰਟੇ ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ

ਜਲੰਧਰ ਵਿੱਚ ਪਾਣੀ ਦੀ ਕਮੀ ਦੇ ਗੰਭੀਰ ਮੁੱਦੇ ਨੂੰ ਸਵੀਕਾਰ ਕਰਦੇ ਹੋਏ, ਆਪ ਨੇ ਹਰ ਘਰ ਵਿੱਚ 24 ਘੰਟੇ ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ ਦਾ ਵਾਅਦਾ ਕੀਤਾ। ਸ਼ਹਿਰ ਦੀਆਂ ਪੁਰਾਣੀਆਂ ਪਾਣੀ ਦੀਆਂ ਪਾਈਪ ਲਾਈਨਾਂ ਨੂੰ ਬਦਲਣ ਅਤੇ ਅਪਗ੍ਰੇਡ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।

3. ਵੱਡੇ ਪੈਮਾਨੇ ਤੇ ਪਾਰਕਿੰਗ ਸੁਵਿਧਾਵਾਂ ਅਤੇ ਸੀਸੀਟੀਵੀ ਕੈਮਰੇ ਲਗਾਏ ਜਾਣਗੇ

'ਆਪ' ਟਰੈਫ਼ਿਕ ਨੂੰ ਘੱਟ ਕਰਨ ਲਈ ਵੱਡੀਆਂ, ਆਧੁਨਿਕ ਪਾਰਕਿੰਗ ਸੁਵਿਧਾਵਾਂ ਦਾ ਵਿਕਾਸ ਕਰੇਗੀ। ਸ਼ਹਿਰੀ ਸੁਰੱਖਿਆ ਨੂੰ ਵਧਾਉਣ ਲਈ ਜਲੰਧਰ ਦੇ ਸਾਰੇ ਪ੍ਰਮੁੱਖ ਖੇਤਰਾਂ ਵਿੱਚ ਸੀਸੀਟੀਵੀ ਕੈਮਰੇ ਲਗਾਏ ਜਾਣਗੇ ਤਾਂ ਜੋ ਸ਼ਹਿਰ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਬਣਾਇਆ ਜਾ ਸਕੇ।

4. 28 ਕੂੜੇ ਦੇ ਡੰਪਾਂ ਨੂੰ ਖਤਮ ਕਰਨਾ

ਮਾਡਲ ਟਾਊਨ ਵਿੱਚ ਕੂੜੇ ਦੇ ਡੰਪ ਨੂੰ ਸਫਲਤਾਪੂਰਵਕ ਹਟਾਉਣ ਤੋਂ ਬਾਅਦ, 'ਆਪ' ਨੇ ਜਲੰਧਰ ਦੇ ਸਾਰੇ 28 ਕੂੜੇ ਦੇ ਡੰਪਾਂ ਨੂੰ ਹਟਾਉਣ ਦਾ ਵਾਅਦਾ ਕੀਤਾ। ਪਾਰਟੀ ਠੋਸ ਰਹਿੰਦ-ਖੂੰਹਦ ਪ੍ਰਬੰਧਨ ਸੰਕਟ ਨੂੰ ਯੋਜਨਾਬੱਧ ਢੰਗ ਨਾਲ ਹੱਲ ਕਰਕੇ ਸ਼ਹਿਰ ਦੇ ਸਾਫ਼ ਅਤੇ ਸਿਹਤਮੰਦ ਵਾਤਾਵਰਣ ਨੂੰ ਯਕੀਨੀ ਬਣਾਏਗੀ

5. ਜਲੰਧਰ ਦੀ ਖੇਡ ਸ਼ਾਨ ਨੂੰ ਬਹਾਲ ਕਰਨਾ

ਜਲੰਧਰ ਦੀ ਅਮੀਰ ਵਿਰਾਸਤ ਨੂੰ ਸਪੋਰਟਸ ਹੱਬ ਵਜੋਂ ਮਾਨਤਾ ਦਿੰਦੇ ਹੋਏ, ਅਰੋੜਾ ਨੇ ਖੇਡ ਸਮਾਰਕਾਂ ਦੀ ਸਥਾਪਨਾ, ਬਰਟਨ ਪਾਰਕ ਵਰਗੇ ਪ੍ਰਮੁੱਖ ਖੇਡ ਸਥਾਨਾਂ ਨੂੰ ਮੁੜ ਸੁਰਜੀਤ ਕਰਨ ਅਤੇ ਪੀਏਪੀ ਫਲਾਈਓਵਰ ਵਰਗੇ ਵਿਕਾਸ ਪ੍ਰੋਜੈਕਟਾਂ ਦੀ ਗਾਰੰਟੀ ਦਿੱਤੀ। ਉਨ੍ਹਾਂ ਕਿਹਾ ਕਿ ਖੇਡ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਅਤੇ ਸ਼ਹਿਰ ਦੇ ਖੇਡ ਮਾਣ ਨੂੰ ਬਹਾਲ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।

ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਕਿਹਾ, ਆਪ ਜਲੰਧਰ ਵਿੱਚ ਅਸਲ ਤਬਦੀਲੀ ਲਿਆਉਣ ਲਈ ਤਿਆਰ ਹੈ। ਇਹ ਗਰੰਟੀਆਂ ਸਿਰਫ਼ ਵਾਅਦੇ ਹੀ ਨਹੀਂ ਹਨ, ਇਹ ਇਸ ਸ਼ਹਿਰ ਦੇ ਲੋਕਾਂ ਪ੍ਰਤੀ ਸਾਡੀਆਂ ਵਚਨਬੱਧਤਾਵਾਂ ਹਨ। 'ਆਪ' ਦੇ ਮੇਅਰ ਦਾ ਅਹੁਦਾ ਸੰਭਾਲਦੇ ਹੀ ਇਨ੍ਹਾਂ ਪ੍ਰਾਜੈਕਟਾਂ 'ਤੇ ਬਿਨਾਂ ਦੇਰੀ ਤੋਂ ਕੰਮ ਸ਼ੁਰੂ ਹੋ ਜਾਵੇਗਾ।

ਅਰੋੜਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਭਰ ਵਿੱਚ ਵਾਅਦਿਆਂ ਨੂੰ ਪੂਰਾ ਕਰਨ ਦੇ 'ਆਪ' ਦੇ ਟਰੈਕ ਰਿਕਾਰਡ ਨੂੰ ਉਜਾਗਰ ਕੀਤਾ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਜਲੰਧਰ ਦੇ ਲੋਕਾਂ ਵੱਲੋਂ ਮਿਲੇ ਭਰਵੇਂ ਸਮਰਥਨ ਸਦਕਾ ਪਾਰਟੀ ਸਾਰੇ ਵਾਰਡਾਂ ਵਿੱਚ ਜਿੱਤ ਹਾਸਲ ਕਰੇਗੀ।

ਅਰੋੜਾ ਨੇ ਹੋਰ ਪਾਰਟੀਆਂ ਤੋਂ 'ਆਪ' 'ਚ ਆਏ ਪ੍ਰਮੁੱਖ ਨੇਤਾਵਾਂ ਦਾ ਵੀ ਸੁਆਗਤ ਕੀਤਾ ਅਤੇ ਕਿਹਾ ਕਿ ਲੋਕਾਂ ਦਾ ਲਗਾਤਾਰ ਆਪ ਵਿੱਚ ਸ਼ਾਮਿਲ ਹੋਣਾ ਪਾਰਟੀ ਦੇ ਦ੍ਰਿਸ਼ਟੀਕੋਣ ਅਤੇ ਲੀਡਰਸ਼ਿਪ ਵਿੱਚ ਵੱਧ ਰਹੇ ਵਿਸ਼ਵਾਸ ਨੂੰ ਦਰਸਾਉਂਦਾ ਹੈ।

# ਰੇਲਵੇ ਪੁਲਿਸ ਨੇ ਗੁੰਮ ਹੋਇਆ ਬੱਚਾ ਮਾਪਿਆਂ ਦੇ ਸਪੁਰਦ ਕੀਤਾ



**ਧੂਰੀ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੌਰਮਿੰਟ ਰੇਲਵੇ ਪੁਲਿਸ ਧੂਰੀ ਨੇ ਇੱਕ ਲਾਪਤਾ ਹੋਇਆ ਬੱਚਾ ਦੇ ਮਾਪਿਆਂ ਦੀ ਤਲਾਸ਼ ਕਰਕੇ ਬੱਚੇ ਨੂੰ ਉਸਦੇ ਮਾਪਿਆਂ ਨੂੰ ਸੌਂਪ ਦਿੱਤਾ। ਜੀ.ਆਰ.ਪੀ. ਚੌਂਕੀ ਧੂਰੀ ਦੇ ਇੰਚਾਰਜ ਰਣਬੀਰ ਸਿੰਘ ਨੇ ਦੱਸਿਆ ਕਿ ਕੱਲ੍ਹ ਇੱਕ 7/8 ਸਾਲਾਂ ਰੇਲਵੇ ਪਲੇਟਫਾਰਮ ਤੇ ਏ.ਐੱਸ.ਆਈ ਕਰਮਜੀਤ ਸਿੰਘ ਨੂੰ ਉਸਦੀ ਡਿਊਟੀ ਦੌਰਾਨ ਮਿਲਿਆ ਸੀ ਅਤੇ ਏ.ਐੱਸ.ਆਈ ਕਰਮਜੀਤ ਸਿੰਘ ਨੇ ਇਕੱਲੇ ਘੁੰਮ ਰਹੇ ਬੱਚੇ ਨੂੰ ਉਸਦੇ ਮਾਪਿਆਂ ਬਾਰੇ ਪੁੱਛਿਆ ਤਾਂ ਉਸਨੇ ਦੱਸਿਆ ਕਿ ਉਹ ਕਿਸੇ ਗੱਡੀ ਰਾਹੀਂ ਸੁਨਾਮ ਤੋਂ ਧੂਰੀ ਆ ਗਿਆ ਹੈ ਤਾਂ ਉਸਦੇ ਮਾਪਿਆਂ ਬਾਰੇ ਕੀਤੀ ਪੁੱਛਗਿੱਛ ਵਿੱਚ ਬੱਚੇ ਨੇ ਆਪਣਾ ਨਾਮ ਅੰਸ਼ੂ ਦੱਸਦਿਆਂ ਜਾਖਲ ਰੋਡ, ਸੁਨਾਮ ਦੇ ਵਾਸੀ ਦੱਸਿਆ । ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਮਾਪਿਆਂ ਨਾਲ ਸੰਪਰਕ ਕਰਕੇ ਅਤੇ ਬੱਚੇ ਦੀ ਸਨਾਖਤ ਕਰਵਾ ਕੇ ਅੱਜ ਗੁੰਮ ਹੋਏ ਬੱਚੇ ਨੂੰ ਮਾਪਿਆਂ ਦੇ ਸਪੁਰਦ ਕਰ ਦਿੱਤਾ।

ਇਸ ਮੌਕੇ ਬੱਚੇ ਦੇ ਮਾਪਿਆਂ ਨੇ ਰੇਲਵੇ ਪੁਲਿਸ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਮੁਨਸ਼ੀ ਹਰਬੰਸ ਸਿੰਘ, ਏ.ਐੱਸ.ਆਈ ਚਰਨਜੀਤ ਸਿੰਘ ਆਦਿ ਵੀ ਹਾਜਰ ਸਨ।

# ਪੰਜਾਬ ਸਰਕਾਰ ਅੰਮ੍ਰਿਤਸਰ ਦਾ ਵੱਡੇ ਪੱਧਰ 'ਤੇ ਕਰੇਗੀ ਸੁਧਾਰ : ਅਮਨ ਅਰੋੜਾ

## ਅੰਮ੍ਰਿਤਸਰ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ 100 ਇਲੈਕਟ੍ਰਿਕ ਬੱਸਾਂ, 100 ਕਰੋੜ ਰੁਪਏ ਦੀ ਲਾਗਤ ਨਾਲ ਸੀਵਰੇਜ ਲਈ ਐਸ.ਟੀ.ਪੀ ਪਲਾਂਟ, ਸਾਰਿਆਂ ਨੂੰ ਪੀਣ ਵਾਲਾ ਸਾਫ਼ ਪਾਣੀ ਅਤੇ ਗ਼ਰੀਬਾਂ ਨੂੰ ਸਸਤੇ ਘਰ ਮੁਹੱਈਆ ਕਰਵਾਉਣ ਦਾ ਕੀਤਾ ਵਾਅਦਾ

**ਅੰਮ੍ਰਿਤਸਰ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਨੇ ਅੰਮ੍ਰਿਤਸਰ ਨਗਰ ਨਿਗਮ ਚੋਣਾਂ ਲਈ ਅਧਿਕਾਰਤ ਤੌਰ 'ਤੇ ਆਪਣੀ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਐਤਵਾਰ ਨੂੰ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਨੇ 'ਆਪ' ਆਗੂਆਂ ਨਾਲ ਇੱਥੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਅੰਮ੍ਰਿਤਸਰ ਦੇ ਵਿਕਾਸ ਲਈ ਪੰਜ ਵੱਡੀਆਂ ਗਰੰਟੀਆਂ ਦੇਣ ਦਾ ਐਲਾਨ ਕੀਤਾ।



ਅਮਨ ਅਰੋੜਾ ਨੇ ਅੰਮ੍ਰਿਤਸਰ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ 100 ਇਲੈਕਟ੍ਰਿਕ ਬੱਸਾਂ ਚਲਾਉਣ, 100 ਕਰੋੜ ਰੁਪਏ ਦੀ ਲਾਗਤ ਨਾਲ ਸੀਵਰੇਜ ਲਈ ਐਸਟੀਪੀ ਪਲਾਂਟ ਲਗਾਉਣ, ਸਾਰਿਆਂ ਨੂੰ ਪੀਣ ਵਾਲਾ ਸਾਫ਼ ਪਾਣੀ ਦੀ ਸਪਲਾਈ ਅਤੇ ਗ਼ਰੀਬਾਂ ਨੂੰ ਸਸਤੇ ਘਰ ਮੁਹੱਈਆ ਕਰਵਾਉਣ ਸਮੇਤ ਕਈ ਵੱਡੇ ਵਾਅਦੇ ਕੀਤੇ। ਅਰੋੜਾ ਨੇ ਇਹ ਵੀ ਐਲਾਨ ਕੀਤਾ ਕਿ ਆਮ ਆਦਮੀ ਪਾਰਟੀ ਦਾ ਅੰਮ੍ਰਿਤਸਰ ਨਗਰ ਨਿਗਮ ਦਾ ਮੇਅਰ ਬਣਨ ਤੋਂ ਬਾਅਦ ਪਹਿਲੇ ਦਿਨ ਤੋਂ ਹੀ ਗਾਰੰਟੀ 'ਤੇ ਕੰਮ ਸ਼ੁਰੂ ਹੋ ਜਾਵੇਗਾ।

ਪ੍ਰੈੱਸ ਕਾਨਫ਼ਰੰਸ ਦੌਰਾਨ ਅਮਨ ਅਰੋੜਾ ਦੇ ਨਾਲ 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਗੁਰਮੀਤ ਸਿੰਘ ਖੁੱਡੀਆਂ, ਹਰਭਜਨ ਸਿੰਘ ਈ.ਟੀ.ਓ., ਵਿਧਾਇਕ ਜਸਵੀਰ ਸਿੰਘ, ਜੀਵਨ ਜੋਤ ਕੌਰ, ਡਾ. ਅਜੇ ਗੁਪਤਾ, ਇੰਦਰਬੀਰ ਸਿੰਘ ਨਿੱਝਰ, ਹਰਦੀਪ ਸਿੰਘ ਡਿੰਪੀ ਢਿੱਲੋਂ ਅਤੇ 'ਆਪ' ਆਗੂ ਗੁਰਦੇਵ ਸਿੰਘ ਲਖਾਣਾ, ਡਾ. ਸੰਨੀ ਆਹਲੂਵਾਲੀਆ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਤੋਂ ਇਲਾਵਾ ਪਾਰਟੀ ਦੇ ਕਈ ਕੌਂਸਲਰ ਉਮੀਦਵਾਰ ਅਤੇ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਵੀ ਹਾਜ਼ਰ ਸਨ।

**ਅੰਮ੍ਰਿਤਸਰ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ 100 ਇਲੈਕਟ੍ਰਿਕ ਬੱਸਾਂ**

ਅਮਨ ਅਰੋੜਾ ਨੇ ਦੱਸਿਆ ਕਿ ਅੰਮ੍ਰਿਤਸਰ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ 100 ਇਲੈਕਟ੍ਰਿਕ ਬੱਸਾਂ ਚਲਾਈਆਂ ਜਾਣਗੀਆਂ। ਬੱਸਾਂ ਨੂੰ ਸਹੀ ਢੰਗ ਨਾਲ ਚਲਾਉਣ ਲਈ ਡਿਪੂ ਅਤੇ ਚਾਰਜਿੰਗ ਸਟੇਸ਼ਨ ਬਣਾਏ ਜਾਣਗੇ। ਵਿਸ਼ਾਲ ਪਾਰਕਿੰਗ ਸਲਾਟ ਵੀ ਬਣਾਏ ਜਾਣਗੇ। ਉਨ੍ਹਾਂ ਦੱਸਿਆ ਕਿ ਪਾਰਕਿੰਗ ਬਣਾਉਣ ਲਈ ਜਹਾਜ਼ ਗੜ੍ਹ ਵਿੱਚ 5 ਏਕੜ ਜ਼ਮੀਨ ਦੀ ਵੀ ਨਿਸ਼ਾਨਦੇਹੀ ਕੀਤੀ ਗਈ ਹੈ। ਇਸ ਤੋਂ ਇਲਾਵਾ ਸਾਰਾਗੜ੍ਹੀ ਦੀ ਪਾਰਕਿੰਗ ਦਾ ਵੀ ਵਿਸਥਾਰ ਕੀਤਾ ਜਾਵੇਗਾ। ਇਸ ਨਾਲ ਸਥਾਨਕ ਲੋਕਾਂ ਅਤੇ ਖ਼ਾਸ ਕਰਕੇ ਸੈਲਾਨੀਆਂ ਨੂੰ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਅੰਮ੍ਰਿਤਸਰ ਨੂੰ ਕਲੀਨ ਐਂਡ ਗਰੀਨ ਸ਼ਹਿਰ ਬਣਾਉਣਾ ਹੈ।

**ਹਰ ਘਰ ਲਈ ਪੀਣ ਵਾਲਾ ਸਾਫ਼ ਪਾਣੀ**

ਅਰੋੜਾ ਨੇ ਕਿਹਾ ਕਿ ਪੀਣ ਵਾਲਾ ਸਾਫ਼ ਪਾਣੀ ਇੱਕ ਬੁਨਿਆਦੀ ਅਧਿਕਾਰ ਹੈ ਅਤੇ ਆਮ ਆਦਮੀ ਪਾਰਟੀ ਅੰਮ੍ਰਿਤਸਰ ਵਿੱਚ 100% ਸਾਫ਼ ਅਤੇ ਨਿਰਵਿਘਨ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਏਗੀ। ਇਸ ਤੋਂ ਇਲਾਵਾ ਧਰਤੀ ਹੇਠਲੇ ਪਾਣੀ ਦੀ ਸਾਂਭ ਸੰਭਾਲ ਲਈ ਵੀ ਯੋਜਨਾ ਤਿਆਰ ਕੀਤੀ ਜਾਵੇਗੀ ਤਾਂ ਜੋ ਭਵਿੱਖ ਵਿੱਚ ਪਾਣੀ ਦੇ ਸੰਕਟ ਦੀਆਂ ਚੁਣੌਤੀਆਂ ਨਾਲ ਨਜਿੱਠਿਆ ਜਾ ਸਕੇ।

**ਤੁੰਗ ਭਾਈ ਬਾਲਾ ਡਰੇਨ ਦੀ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।**

100 ਕਰੋੜ ਰੁਪਏ ਦੀ ਲਾਗਤ ਨਾਲ 50 ਐਮਐਲਡੀ ਦਾ ਇਕ ਐਸਟੀਪੀ ਦਾ ਨਿਰਮਾਣ।

ਸੀਵਰੇਜ ਦੀ ਸਮੱਸਿਆ ਦੇ ਹੱਲ ਲਈ ਅਮਨ ਅਰੋੜਾ ਨੇ ਐਲਾਨ ਕੀਤਾ ਕਿ ਆਮ ਆਦਮੀ ਪਾਰਟੀ ਦੇ ਮੇਅਰ ਬਣਨ ਤੋਂ ਬਾਅਦ ਅੰਮ੍ਰਿਤਸਰ ਵਿੱਚ 100 ਕਰੋੜ ਰੁਪਏ ਦੀ ਲਾਗਤ ਨਾਲ 50 ਐਮਐਲਡੀ ਦਾ ਇਕ ਐਸਟੀਪੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸ਼ਹਿਰ ਵਿੱਚ ਸੀਵਰੇਜ ਦੀ ਸਮੱਸਿਆ ਨਾ ਆਵੇ ਇਸ ਲਈ ਸਾਰੀਆਂ ਯੋਜਨਾਵਾਂ ਤਿਆਰ ਕਰ ਲਈਆਂ ਗਈਆਂ ਹਨ। ਸੀਵਰੇਜ ਦੀ ਸਮੱਸਿਆ ਦਾ ਹੱਲ ਜ਼ਰੂਰ ਕਰਾਂਗੇ।

**ਗ਼ਰੀਬਾਂ ਲਈ ਸਸਤੇ ਭਾਅ 'ਤੇ ਮਕਾਨ**

ਆਮ ਆਦਮੀ ਪਾਰਟੀ ਨੇ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਲਈ ਸਸਤੇ ਘਰ ਦੇਣ ਦਾ ਐਲਾਨ ਕੀਤਾ ਹੈ। ਅਮਨ ਅਰੋੜਾ ਨੇ ਕਿਹਾ ਕਿ ਗ਼ਰੀਬ ਲੋਕਾਂ ਦੇ ਆਪਣੇ ਘਰ ਹੋਣ, ਇਸ ਲਈ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਅਧੀਨ ਨਗਰ ਨਿਗਮ ਅਤੇ ਸਰਕਾਰੀ ਕਲੋਨੀਆਂ ਦੀ ਹੱਦ ਵਧਾਈ ਜਾਵੇਗੀ, ਤਾਂ ਜੋ ਗ਼ਰੀਬਾਂ ਨੂੰ ਘੱਟ ਕੀਮਤ 'ਤੇ ਮਕਾਨ ਮਿਲ ਸਕਣ।

ਪਾਰਟੀ ਦੀਆਂ ਪੰਜ ਗਰੰਟੀਆਂ ਬਾਰੇ ਅਮਨ ਅਰੋੜਾ ਨੇ ਕਿਹਾ ਕਿ ਸਾਡੀਆਂ ਸਾਰੀਆਂ ਗਰੰਟੀਆਂ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਨ ਅਤੇ ਆਮ ਲੋਕਾਂ ਵੱਲੋਂ ਪਾਰਟੀ ਵਰਕਰਾਂ ਤੇ ਆਗੂਆਂ ਨੂੰ ਦਿੱਤੇ ਜਾ ਰਹੇ ਵਿਆਪਕ ਫੀਡਬੈਕ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ। ਸਾਡਾ ਉਦੇਸ਼ ਸਾਰੇ ਸ਼ਹਿਰਾਂ ਦੀਆਂ ਬੁਨਿਆਦੀ ਸਮੱਸਿਆਵਾਂ ਦਾ ਸਥਾਈ ਹੱਲ ਪ੍ਰਦਾਨ ਕਰਨਾ ਹੈ।

ਅਰੋੜਾ ਨੇ ਕਿਹਾ ਕਿ ਸਾਡੀ ਗਾਰੰਟੀ ਸਿਰਫ਼ ਚੋਣ ਵਾਅਦੇ ਹੀ ਨਹੀਂ ਹਨ, ਇਹ ਅੰਮ੍ਰਿਤਸਰ ਦੇ ਲੋਕਾਂ ਨਾਲ ਸਾਡੀ ਪੱਕੀ ਵਚਨਬੱਧਤਾ ਹੈ। ਆਮ ਆਦਮੀ ਪਾਰਟੀ ਦੇ ਮੇਅਰ ਬਣਨ ਤੋਂ ਤੁਰੰਤ ਬਾਅਦ ਗਾਰੰਟੀ 'ਤੇ ਕੰਮ ਸ਼ੁਰੂ ਹੋ ਜਾਵੇਗਾ। ਅਰੋੜਾ ਨੇ 'ਆਪ' ਸਰਕਾਰ ਦੇ ਦਿੱਲੀ ਅਤੇ ਪੰਜਾਬ 'ਚ ਆਪਣੇ ਵਾਅਦੇ ਪੂਰੇ ਕਰਨ ਦੇ ਪਾਰਟੀ ਦੇ ਟਰੈਕ ਰਿਕਾਰਡ ਵੱਲ ਵੀ ਇਸ਼ਾਰਾ ਕੀਤਾ ਅਤੇ ਸਾਰੀਆਂ ਨਗਰ ਨਿਗਮਾਂ 'ਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਦਾ ਵੀ ਦਾਅਵਾ ਕੀਤਾ।

ਉਨ੍ਹਾਂ ਕਿਹਾ ਕਿ ਨਗਰ ਨਿਗਮ ਚੋਣਾਂ ਵਿੱਚ ਹਰ ਪਾਸੇ ਲੋਕਾਂ ਵਿੱਚ ਆਮ ਆਦਮੀ ਪਾਰਟੀ ਪ੍ਰਤੀ ਭਾਰੀ ਉਤਸ਼ਾਹ ਦਿਖਾਈ ਦੇ ਰਿਹਾ ਹੈ। ਲੋਕਾਂ ਦੇ ਭਾਰੀ ਸਮਰਥਨ ਤੋਂ ਸਾਫ਼ ਪਤਾ ਚੱਲਦਾ ਹੈ ਕਿ ਆਮ ਆਦਮੀ ਪਾਰਟੀ ਵੱਡੇ ਫ਼ਰਕ ਨਾਲ ਜਿੱਤ ਕੇ ਅੰਮ੍ਰਿਤਸਰ ਸਮੇਤ ਸਾਰੀਆਂ ਨਿਗਮਾਂ ਅਤੇ ਕੌਂਸਲਾਂ ਵਿੱਚ ਆਪਣੇ ਮੇਅਰ ਬਣਾਏਗੀ। ਉਨ੍ਹਾਂ ਕਿਹਾ ਕਿ ਇਹ ਲੋਕਾਂ ਦੇ ਭਾਰੀ ਸਮਰਥਨ ਦਾ ਹੀ ਨਤੀਜਾ ਹੈ ਕਿ ਸਾਨੂੰ 977 ਵਾਰਡਾਂ ਤੋਂ ਉਮੀਦਵਾਰਾਂ ਦੀਆਂ 5000 ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋਈਆਂ ਹਨ।

# ਚੰਡੀਗੜ੍ਹ ਯੂਨੀਵਰਸਿਟੀ, ਮੌਹਾਲੀ ਵਿਖੇ ਏਅਰ ਵਿੰਗ ਦਾ 10 ਰੋਜਾ ਕੈਂਪ ਹੋਇਆ ਸ਼ੁਰੂ

**ਮੁਹਾਲੀ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੀ.ਜੀ.ਐਨ.ਸੀ..ਸੀ. ਅਤੇ ਏ.ਡੀ.ਜੀ. ਐਨ.ਸੀ.ਸੀ. ਦੀ ਹਦਾਇਤਾਂ ਅਨੁਸਾਰ ਐਨ.ਸੀ.ਸੀ. ਏਅਰ ਵਿੰਗ ਦਾ 10 ਰੋਜਾ ਕੈਂਪ (ਸਾਲਾਨਾ ਕੈਂਪ -31"3 98) ਗਰੁੱਪ ਕੈਪਟਨ ਅਜੇ ਭਾਰਦਵਾਜ ਦੀ ਅਗਵਾਈ ਹੇਠ ਕੀਤਾ ਜਾ ਰਿਹਾ ਹੈ। ਇਹ ਕੈਂਪੋਂ 22 ਦਸੰਬਰ 2024 ਤੱਕ ਚਲ ਰਿਹਾ ਹੈ। ਕੈਂਪ ਦੇ ਦੂਜੇ ਦਿਨ ਦੌਰਾਨ ਚੰਡੀਗੜ੍ਹ ਯੂਨੀਵਰਸਿਟੀ ਦੇ ਪ੍ਰੋਫੈਸਰ ਜਸਪ੍ਰੀਤ ਸਿੰਘ ਬਾਠ ਨੇ ਸਾਇਬਰ ਕਰਾਈਮ ਉਤੇ ਭਾਸ਼ਣ ਦਿੱਤਾ ਅਤੇ ਬੱਚਿਆਂ ਨੂੰ ਆਉਣ ਵਾਲੀ ਸਾਇਬ ਕਰਾਈਮ ਦੀ ਤਰੁੱਟੀਆਂ ਬਾਰੇ ਜਾਗਰੂਕ ਕੀਤਾ। ਇਸ ਕੈਂਪ ਚੰਡੀਗੜ੍ਹ ਯੂਨੀਵਰਸਿਟੀ ਦੇ ਏ.ਐਨ.ਓ. ਜਸਪ੍ਰੀਤ ਸਿੰਘ ਅਤੇ ਗੁਰਪ੍ਰੀਤ ਕੌਰ ਵਲੋਂ ਕੈਡਿਟਾਂ ਨੂੰ ਸਾਰੀਆਂ ਸਹੂਲਤਾ ਮੱਹਈਆ ਕਰਵਾਈਆਂ ਜਾ ਰਹੀਆਂ ਹਨ। ਇਸ ਮੌਕੇ ਫਲਾਇੰਗ ਅਫ਼ਸਰ ਸ. ਨਿਰਮਲ ਸਿੰਘ ਸੇਖੋਂ ਜੀ ਨੂੰ ਵੀ ਯਾਦ ਕੀਤਾ ਗਿਆ ਅਤੇ ਮਾਡਲ ਸਕੂਲ ਦੇ ਵਿਦਿਆਰਥੀ ਗੁਰਪ੍ਰੀਤ ਸਿੰਘ ਜਾਣਕਾਰੀ ਦਿੰਦੇ ਸਾਰੇ ਕੈਡਿਟਾਂ ਨੂੰ ਸ. ਨਿਰਮਲ ਸਿੰਘ ਸੇਖੋਂ ਜੀ ਦੀ ਜੀਵਨੀ ਤੋਂ ਸਿੱਖਿਆ ਲੈਣ ਲਈ ਪ੍ਰੇਰੀਤ ਕੀਤਾ।

ਇਸ ਕੈਂਪ ਵਿੱਚ ਕੈਡਿਟਸ ਡਰਿਲ, ਟਰੈਕਿੰਗ, ਮਨੋਰੰਜਕ ਗਤੀਵਿਧੀਆਂ ਕਰਵਾਈਆਂ ਜਾਣਗੀਆਂ ਤਾਂ ਜੋ ਕੈਡੇਟਸ ਸਰੀਰਿਕ ਅਤੇ ਮਾਨਸਿਕ ਤੌਰ ਤੇ ਮਜ਼ਬੂਤ ਬਣ ਸਕਣ। ਇਸ ਕੈਂਪ ਵਿੱਚ ਕੈਡਿਟਾਂ ਵਿੱਚ ਭਾਰੀ ਉਤਸ਼ਾਹ ਵੀ ਦੇਖਿਆ ਜਾ ਰਿਹਾ ਹੈ।

# ਸਰਕਾਰੀ ਹਾਈ ਸਮਾਰਟ ਸਕੂਲ ਚੱਕ ਕਰਮਾਂ ਵਿਖੇ ਸਲਾਨਾਂ ਇਨਾਮ ਵੰਡ ਸਮਾਗਮ ਕਰਵਾਇਆ



**ਰੂਪ ਨਗਰ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਰਕਾਰੀ ਹਾਈ ਸਮਾਰਟ ਸਕੂਲ ਚੱਕ ਕਰਮਾਂ ਵਿੱਖੇ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ ।

ਇਸ ਮੌਕੇ ਸਕੂਲ ਦੇ ਮੁੱਖੀ ਉਕਾਰ ਸਿੰਘ ਲੌਂਗੀਆ ਨੇ ਦੱਸਿਆ ਕਿ ਇਸ ਸਮਾਗਮ ਲਈ ਸਕੂਲ ਦੇ ਵਿਦਿਆਰਥੀਆ ਨੇ ਵੱਖ ਵੱਖ ਪ੍ਰਾਂਤਾਂ ਦੇ ਲੋਕ ਨਾਚ ਪੇਸ਼ ਕੀਤੇ । ਜਿਨਾਂ ਨੂੰ ਸਕੂਲ ਦੇ ਹੀ ਅਧਿਆਪਕਾਂ ਨੇ ਹੀ ਤਿਆਰ ਕਰਵਾਇਆ। ਇਸ ਮੌਕੇ ਇਸ ਸਮਾਗਮ ਵਿੱਚ ਸੰਜੀਵ ਕੁਮਾਰ ਗੌਤਮ ਜਿਲਾ ਸਿੱਖਿਆ ਅਫਸਰ ਰੂਪਨਗਰ ਨੇ ਬਤੌਰ ਮੁੱਖ ਮਹਿਮਾਨ ਵੱਜੋਂ ਸ਼ਮੂਲੀਅਤ ਕੀਤੇ ਉਸਦੇ ਨਾਲ ਹੀ ਵਿਸ਼ੇਸ਼ ਮਹਿਮਾਨ ਸੁਰਿੰਦਰਪਾਲ ਸਿੰਘ ਉਪ ਜਿਲਾ ਸਿੱਖਿਆ ਅਫਸਰ ਰੂਪਨਗਰ, ਜਗਜੀਤ ਸਿੰਘ ਜੀ ਸਾਬਕਾ ਜਿਲਾ ਸਿੱਖਿਆ ਅਫਸਰ, ਮੈਡਮ ਇੰਦੂ ਪ੍ਰਿਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਘਨੌਲੀ , ਨਾਹਰ ਸਿੰਘ, ਸੁਖਵਿੰਦਰ ਸਿੰਘ ਸਰਪੰਚ, ਪਵਨ ਕੁਮਾਰ , ਸਾਬਕਾ ਸਰਪੰਚ ਸੋਹਣ ਸਿੰਘ ਨੰਬਰਦਾਰ ਗੁਰਮੀਤ ਸਿੰਘ, ਅਨਮੋਲ ਸਿੰਘ, ਅਸ਼ਵਨੀ ਕੁਮਾਰ ਚੱਕ ਕਰਮਾਂ ਹਾਜ਼ਰ ਹੋਏ। ਇਸ ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆ ਨੇ ਗਣੇਸ਼ ਵੰਦਨਾ ਨਾਲ ਕੀਤੀ। ਜਿਸ ਉਪਰੰਤ ਵਿਦਿਆਰਥੀਆ ਨੇ ਗੀਤ ,ਲੋਕ ਗੀਤ, ਸਕਿਟ ਅਤੇ ਵੱਖ-ਵੱਖ ਲੋਕ ਨਾਚ ਪੇਸ਼ ਕੀਤੇ।

ਇਸ ਮੌਕੇ ਵੱਖੋ-ਵੱਖ ਖੇਤਰਾਂ ਚ ਸਕੂਲ ਦਾ ਨਾਮ ਰੌਸ਼ਨ ਕਰਨ ਵਾਲੇ ਵਿਦਿਆਰਥੀਆ ਨੂੰ ਮੁੱਖ ਮਹਿਮਾਨ ਸੰਜੀਵ ਕੁਮਾਰ ਗੌਤਮ ਜਿਲਾ ਸਿੱਖਿਆ ਅਫਸਰ ਰੂਪਨਗਰ ਵੱਲੋ ਇਨਾਮ ਤਕਸੀਮ ਕੀਤੇ ਗਏ। ਇਸ ਮੌਕੇ ਸੰਬੋਧਨ ਕਰਦਿਆਂ ਜਗਜੀਤ ਸਿੰਘ, ਪਵਨ ਕੁਮਾਰ ਅਤੇ ਸੋਹਣ ਸਿੰਘ ਨੇ ਸਕੂਲ ਦੇ ਵਿਦਿਆਰਥੀਆ ਨੂੰ ਹੋਰ ਮਿਹਨਤ ਕਰ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਤੇ ਸਕੂਲ ਮੁੱਖੀ ਸਮੇਤ ਸਾਰੇ ਅਧਿਆਪਕਾਂ ਨੂੰ ਵਧਾਈਆਂ ਦਿੱਤੀਆ। ਇਸ ਮੌਕੇ ਆਪਣੇ ਸੰਬੋਧਨ ਦੌਰਾਨ ਜਿਲਾ ਸਿੱਖਿਆ ਅਫਸਰ ਰੂਪਨਗਰ ਸੰਜੀਵ ਕੁਮਾਰ ਗੌਤਮ ਨੇ ਮਾਪਿਆਂ ਤੇ ਇਲਾਕਾ ਨਿਵਾਸੀਆ ਨੂੰ ਆਪਣੇ ਬੱਚਿਆ ਨੂੰ ਇਸ ਸਕੂਲ ਵਿੱਚ ਦਾਖਲ ਕਰਵਾਉਣ ਦੀ ਅਪੀਲ ਕੀਤੀ ਤੇ ਸਰਕਾਰੀ ਸਕੂਲਾਂ ਚ ਸਰਕਾਰ ਤੇ ਸਿੱਖਿਆ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਾਰੀਆਂ ਸਹੂਲਤਾਂ ਬਾਰੇ ਵੀ ਜਾਗਰੂਕ ਕੀਤਾ। ਇਸ ਮੌਕੇ ਮੰਚ ਦਾ ਸੰਚਾਲਨ ਮੈਡਮ ਸੀਤਲ ਸੈਣੀ ਨੇ ਬਾਖੂਬੀ ਢੰਗ ਨਾਲ ਨਿਭਾਇਆ ਤੇ ਮੈਡਮ ਚਾਂਦਨੀ ਲਹਿਰ ਨੇ ਸਕੂਲ ਦੀ ਸਲਾਨਾ ਰਿਪੋਰਟ ਵੀ ਪੇਸ਼ ਕੀਤੀ। ਅੰਤ ਵਿੱਚ ਸਕੂਲ ਮੁੱਖੀ ਪ੍ਰਿਸੀਪਲ ਉਕਾਰ ਸਿੰਘ ਲੌਂਗੀਆ ਨੇ ਆਏ ਹੋਏ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ,ਇਲਾਕੇ ਤੇ ਪਿੰਡ ਦੇ ਮੋਹਤਬਰ ਸੱਜਣਾਂ ਸਮੇਤ ਸਕੂਲ ਦੇ ਵਿਦਿਆਰਥੀਆ ਦੇ ਮਾਪਿਆਂ ,ਪਿੰਡ ਨਿਵਾਸੀਆ ਦਾ ਇਸ ਸਕੂਲ ਦੇ ਸਲਾਨਾਂ ਸਮਾਗਮ ਚ ਸ਼ਮੂਲੀਅਤ ਕਰਨ ਤੇ ਪਿੰਡ ਨਿਵਾਸੀਆ ਦਾ ਸਮੇ ਸਮੇਂ ਸਕੂਲ ਨੂੰ ਵੱਧ ਚੜ੍ਹ ਕੇ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਇਸਦੇ ਨਾਲ ਹੀ ਉਹਨਾਂ ਸਾਰੇ ਸਕੂਲ ਦੇ ਅਧਿਆਪਕਾਂ ਤੇ ਸਾਰੇ ਸਟਾਫ ਦਾ ਵੀ ਧੰਨਵਾਦ ਕੀਤਾ ਜੋ ਹਰ ਸਮੇਂ ਉਹਨਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੇ ਰਹਿੰਦੇ ਹਨ।

ਇਸ ਮੌਕੇ ਸਕੂਲ ਅਧਿਆਪਕ ਜਸਪ੍ਰੀਤ ਕੌਰ, ਮਨਪ੍ਰੀਤ ਕੌਰ, ਭੁਪਿੰਦਰ ਕੌਰ, ਨੀਲਮ ਸ਼ਰਮਾਂ ,ਵਰਕਰ ਸਰੋਜ ਤੇ ਕੁਲਵਿੰਦਰ ਨੇ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਬਹੁਤ ਯੋਗਦਾਨ ਪਾਇਆ।

# 'ਬਿੱਲ ਲਿਆਓ ਇਨਾਮ ਪਾਓ' ਸਕੀਮ: ਟੈਕਸ ਪਾਲਣਾ ਨੂੰ ਉਤਸ਼ਾਹਿਤ ਕਰਨ ਲਈ 3592 ਜੇਤੂਆਂ ਨੂੰ 2 ਕਰੋੜ ਰੁਪਏ ਤੋਂ ਵੱਧ ਦੇ ਇਨਾਮ

## ➢ ਗਲਤ ਪਾਏ ਗਏ 749 ਬਿੱਲਾਂ ਵਿਰੁੱਧ ਕੀਤਾ 8 ਕਰੋੜ ਰੁਪਏ ਤੋਂ ਵੱਧ ਦਾ ਜ਼ੁਰਮਾਨਾ ➢ 'ਬਿੱਲ ਲਿਆਓ ਇਨਾਮ ਪਾਓ' ਸਕੀਮ ਮਾਨ ਸਰਕਾਰ ਦੀ ਕਰ ਪ੍ਰਸ਼ਾਸਨ ਪ੍ਰਤੀ ਸਰਗਰਮ ਪਹੁੰਚ ਦੀ ਮਿਸਾਲ: ਵਿੱਤ ਮੰਤਰੀ ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ÷ਬਿੱਲ ਲਿਆਓ ਇਨਾਮ ਪਾਓ÷ ਸਕੀਮ ਦੀ ਸ਼ਾਨਦਾਰ ਸਫਲਤਾ ਦਾ ਐਲਾਨ ਕਰਦਿਆਂ ਦੱਸਿਆ ਕਿ ਇਸ ਸਕੀਮ ਤਹਿਤ ਦਸੰਬਰ 2024 ਤੱਕ 'ਮੇਰਾ ਬਿੱਲ' ਐਪ 'ਤੇ ਆਪਣੇ ਖਰੀਦ ਬਿੱਲਾਂ ਨੂੰ ਅਪਲੋਡ ਕਰਨ ਲਈ 3,592 ਜੇਤੂਆਂ ਨੂੰ 2,11,42,495 ਰੁਪਏ ਦੇ ਇਨਾਮਾਂ ਨਾਲ ਨਿਵਾਜਿਆ ਗਿਆ ਹੈ। ।

ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਤੰਬਰ 2023 ਵਿੱਚ ਸ਼ੁਰੂ ਕੀਤੀ ਗਈ ਇਸ ਨਿਵੇਕਲੀ ਸਕੀਮ, ਜਿਸਦਾ ਉਦੇਸ਼ ਟੈਕਸ ਪਾਲਣਾ ਨੂੰ ਉਤਸ਼ਾਹਿਤ ਕਰਨਾ ਅਤੇ ਇਮਾਨਦਾਰ ਟੈਕਸਦਾਤਾਵਾਂ ਨੂੰ ਇਨਾਮ ਦੇਣਾ ਹੈ, ਨੇ ਆਪਣੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਖਪਤਕਾਰਾਂ ਨੂੰ 1,27,509 ਬਿੱਲਾਂ ਨੂੰ ਅੱਪਲੋਡ ਕਰਨ ਲਈ ਸਫਲਤਾਪੂਰਵਕ ਢੰਗ ਨਾਲ ਉਤਸ਼ਾਹਿਤ ਕੀਤਾ ਹੈ। ਉਨ੍ਹਾਂ ਦੱਸਿਆ ਕਿ 1,59,93,965 ਦੇ ਇਨਾਮ 2,752 ਜੇਤੂਆਂ ਨੂੰ ਵੰਡੇ ਜਾ ਚੁੱਕੇ ਹਨ, ਜਦੋਂ ਕਿ ਨਵੰਬਰ 2024 ਲਈ



247 ਜੇਤੂ ਵਾਸਤੇ 15,02,010 ਰੁਪਏ ਦੇ ਇਨਾਮਾਂ ਦਾ ਐਲਾਨ ਕੀਤਾ ਗਿਆ ਹੈ। ਟੈਕਸ ਚੋਰੀ ਨੂੰ ਰੋਕਣ ਅਤੇ ਰਾਜ ਦੇ ਮਾਲੀਏ ਵਿੱਚ ਵਾਧਾ ਕਰਨ ਵਿੱਚ ਇਸ ਸਕੀਮ ਦੇ ਮਹੱਤਵਪੂਰਨ ਪ੍ਰਭਾਵਾਂ 'ਤੇ ਰੋਸ਼ਨੀ ਪਾਉਂਦਿਆਂ ਵਿੱਤ ਮੰਤਰੀ ਚੀਮਾ ਨੇ ਟੈਕਸ ਉਗਰਾਹੀ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਉਤਸ਼ਾਹਿਤ ਕਰਨ ਲਈ ਇਸ ਸਕੀਮ ਦੀ ਕਾਮਯਾਬੀ ਦੀ ਸ਼ਲਾਘਾ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਪਹਿਲਕਦਮੀ ਨੇ ਨਾ ਸਿਰਫ ਖਪਤਕਾਰਾਂ ਨੂੰ ਟੈਕਸ ਪ੍ਰਣਾਲੀ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਹੈ ਬਲਕਿ ਬੇਨਿਯਮੀਆਂ ਦੀ ਪਛਾਣ ਕਰਕੇ ਜੁਰਮਾਨੇ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਵਿੱਤ ਮੰਤਰੀ ਚੀਮਾ ਦੱਸਿਆ ਕਿ ਗਲਤ ਪਾਏ ਗਏ 749 ਬਿੱਲਾਂ ਦੇ ਵਿਰੁੱਧ 8,21,87,862 ਰੁਪਏ ਦਾ ਜ਼ੁਰਮਾਨਾ ਲਗਾਇਆ ਗਿਆ ਹੈ, ਜੋ ਟੈਕਸ ਦੀ ਪਾਲਣਾ ਅਤੇ ਨਿਰਪੱਖਤਾ ਨੂੰ ਯਕੀਨੀ ਬਣਾਉਣ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਮਾਲੀਆ ਪੈਦਾਵਾਰ ਨੂੰ ਵਧਾਉਣ ਅਤੇ ਜਨਤਕ ਫੰਡਾਂ ਦੀ ਸੁਚੱਜੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਕਈ ਪ੍ਰਗਤੀਸ਼ੀਲ ਉਪਰਾਲੇ ਲਾਗੂ ਕੀਤੇ ਹਨ। ਉਨ੍ਹਾਂ ਕਿਹਾ ਕਿ ਇਹ ਸਕੀਮ ਪ੍ਰਸ਼ਾਸਨ ਪ੍ਰਤੀ ਸਰਕਾਰ ਦੀ ਕਿਰਿਆਸ਼ੀਲ ਪਹੁੰਚ ਅਤੇ ਇਸਦੇ ਨਾਗਰਿਕਾਂ ਦੀ ਭਲਾਈ ਲਈ ਇਸਦੀ ਅਟੁੱਟ ਵਚਨਬੱਧਤਾ ਦੀ ਇੱਕ ਸ਼ਾਨਦਾਰ ਉਦਾਹਰਣ ਹੈ।

ਇਥੇ ਜ਼ਿਕਰਯੋਗ ਹੈ ਕਿ ਕੱਚੇ ਤੇਲ, ਪੈਟਰੋਲ, ਡੀਜ਼ਲ, ਹਵਾਬਾਜ਼ੀ ਟਰਬਾਈਨ ਈਂਧਨ ਅਤੇ ਕੁਦਰਤੀ ਗੈਸ ਸਮੇਤ ਪੈਟਰੋਲੀਅਮ ਉਤਪਾਦਾਂ ਦੀ ਵਿਕਰੀ ਅਤੇ ਖਰੀਦ ਨਾਲ ਸਬੰਧਤ ਬਿੱਲਾਂ ਦੇ ਨਾਲ-ਨਾਲ ਬਿਜ਼ਨਸ-ਟੂ-ਬਿਜ਼ਨਸ (ਬੀ2ਬੀ) ਲੈਣ-ਦੇਣ ਦੇ ਬਿੱਲਾਂ ਨੂੰ ਇਸ ਸਕੀਮ ਵਿੱਚੋਂ ਬਾਹਰ ਰੱਖਿਆ ਗਿਆ ਹੈ।

# ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਸੰਤ ਬਾਬਾ ਹਰਨਾਮ ਸਿੰਘ ਜੀ ਜ਼ਿਆਣ ਵਾਲਿਆਂ ਦੀ 96ਵੀਂ ਬਰਸੀ 'ਤੇ ਨਰਸਰੀ ਦਾ ਉਦਘਾਟਨ

**ਚੰਡੀਗੜ੍ਹ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਧਾਰਮਿਕ ਸੰਸਥਾਵਾਂ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵਾਤਾਵਰਣ ਸੰਭਾਲ ਲਈ ਮੋਹਰੀ ਭੂਮਿਕਾ ਨਿਭਾਉਣ।

ਰਾਜ ਸਭਾ ਮੈਂਬਰ ਨੇ ਨੇੜਲੇ ਪਿੰਡ ਜ਼ਿਆਣ ਵਿੱਚ ਸੰਤ ਬਾਬਾ ਹਰਨਾਮ ਸਿੰਘ ਜੀ ਦੀ 96ਵੀਂ ਬਰਸੀ ਦੇ ਮੌਕੇ 'ਰੱਬ ਜੀ ਦੀ ਨਰਸਰੀ' ਦਾ ਉਦਘਾਟਨ ਕੀਤਾ। ਇਸ ਮੌਕੇ ਤੇ ਸੰਗਤ ਨੂੰ ਬੂਟੇ ਵੰਡੇ ਗਏ ਅਤੇ ਨਵੇਂ ਬੂਟਿਆਂ ਲਈ ਲਿਫਾਫਿਆਂ ਵਿੱਚ ਬੀਜ ਲਗਾਏ ਗਏ।

ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਨੂੰ ਹੋਰ ਹਰਿਆ-ਭਰਿਆ ਬਣਾਉਣ ਲਈ ਕਿਸਾਨ ਆਪਣੇ ਖੇਤਾਂ ਵਿੱਚ ਵਿਰਾਸਤੀ ਬੂਟੇ ਜਰੂਰ ਲਗਾਉਣ। ਉਨ੍ਹਾਂ ਸੁਝਾਅ ਦਿੱਤਾ ਕਿ ਧਾਰਮਿਕ ਸੰਸਥਾਵਾਂ ਵਾਤਾਵਰਣ ਸੰਭਾਲ ਦੀ ਮੁਹਿੰਮ ਨੂੰ ਹੋਰ ਹੁਲਾਰਾ ਦੇਣ ਤਾਂ ਜੋ ਸਾਫ-ਸੁਥਰਾ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਣ ਸਥਾਪਤ ਕੀਤਾ ਜਾ ਸਕੇ। ਉਨ੍ਹਾਂ ਨੇ ਬੂਟਿਆਂ ਦੀ ਨਰਸਰੀ ਸ਼ੁਰੂ ਕਰਨ ਦੇ ਨੇਕ ਕੰਮ ਲਈ ਬਾਬਾ ਬਲਰਾਜ ਸਿੰਘ ਅਤੇ ਮਹੰਤ ਗਗਨਦੀਪ ਕੌਰ ਨੂੰ ਵਧਾਈ ਦਿੱਤੀ ਅਤੇ ਸੰਗਤ ਨੂੰ ਸਹਿਯੋਗ ਕਰਨ ਦੀ ਅਪੀਲ ਕੀਤੀ।




ਸੰਤ ਸੀਚੇਵਾਲ ਨੇ ਭਾਈ ਘਣਈਆ ਜੀ ਚੈਰੀਟੇਬਲ ਬਲੱਡ ਬੈਂਕ ਵੱਲੋਂ ਲਾਏ ਖੂਨਦਾਨ ਕੈਂਪ ਦਾ ਵੀ ਉਦਘਾਟਨ ਕੀਤਾ। ਉਨ੍ਹਾਂ ਖੂਨਦਾਨ ਨੂੰ ਮਹਾਨ ਕਾਰਜ ਦੱਸਦਿਆਂ ਕਿਹਾ ਕਿ ਇਸ ਨਾਲ ਲੋੜਵੰਦ ਲੋਕਾਂ ਦੀ ਜਿੰਦਗੀ ਬਚਾਈ ਜਾ ਸਕਦੀ ਹੈ। ਕੈਂਪ ਦੌਰਾਨ 36 ਯੂਨਿਟ ਖੂਨ ਇਕੱਤਰ ਕੀਤਾ ਗਿਆ।

ਇਸ ਮੌਕੇ ਐਸ.ਡੀ.ਐਮ. ਸੰਜੀਵ ਸ਼ਰਮਾ, ਨਿਰਮਲਾ ਸੰਤ ਮੰਡਲ ਦੇ ਪ੍ਰਧਾਨ ਸੰਤ ਸੰਤੋਸ਼ ਸਿੰਘ ਥਲ੍ਹਾ, ਸੰਤ ਅਜੀਤ ਸਿੰਘ ਨੌਲੀ, ਸੰਤ ਭਗਵਾਨ ਸਿੰਘ ਹਰਖੋਵਾਲ, ਮਹੰਤ ਧਰਮਿੰਦਰ ਸਿੰਘ ਜਜ, ਜਰਨੈਲ ਸਿੰਘ ਗੜ੍ਹਦੀਵਾਲਾ, ਬਿੱਕਰ ਸਿੰਘ ਜੀਆਣ ਆਦਿ ਵੀ ਮੌਜੂਦ ਸਨ ।

# ਫਲਾਇੰਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ ਨੂੰ ਸ਼ਹੀਦੀ ਦਿਵਸ 'ਤੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ

**ਲੁਧਿਆਣਾ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ਼ਨੀਵਾਰ ਨੂੰ ਪਰਮ ਵੀਰ ਚੱਕਰ ਪ੍ਰਾਪਤ ਸ਼ਹੀਦ ਫਲਾਇੰਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ ਨੂੰ ਉਨ੍ਹਾਂ ਦੇ ਸ਼ਹੀਦੀ ਦਿਵਸ 'ਤੇ ਸ਼ਰਧਾਂਜਲੀਆਂ ਭੇਟ ਕਰਨ ਲਈ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ। ਦਾਖਾ ਦੇ ਪਿੰਡ ਈਸੇਵਾਲ ਦੇ ਵਸਨੀਕ ਸ਼ਹੀਦ ਨਿਰਮਲਜੀਤ ਸਿੰਘ ਸੇਖੋਂ ਨੇ 1971 ਦੀ ਭਾਰਤ-ਪਾਕਿ ਜੰਗ ਦੌਰਾਨ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਅਤੇ ਹਵਾਈ ਸੈਨਾ ਦੇ ਸੀਨੀਅਰ ਅਧਿਕਾਰੀਆਂ ਨੇ ਸ਼ਹੀਦ ਨੂੰ ਗਾਰਡ ਆਫ਼ ਆਨਰ ਪੇਸ਼ ਕੀਤਾ। ਸਮਾਰੋਹ ਦੌਰਾਨ ਦੋ ਮਿੰਟ ਦਾ ਮੌਨ ਵੀ ਰੱਖਿਆ ਗਿਆ। 17 ਜੁਲਾਈ, 1943 ਨੂੰ ਜਨਮੇ ਸ਼ਹੀਦ ਨਿਰਮਲਜੀਤ ਸਿੰਘ ਸੇਖੋਂ ਨੂੰ 4 ਜੁਲਾਈ, 1967 ਨੂੰ ਭਾਰਤੀ ਹਵਾਈ ਸੈਨਾ ਵਿੱਚ ਕਮਿਸ਼ਨ ਮਿਲਿਆ ਸੀ। 1971 ਦੀ ਭਾਰਤ-ਪਾਕਿ ਜੰਗ ਦੌਰਾਨ, 14 ਦਸੰਬਰ, 1971 ਨੂੰ ਸ੍ਰੀਨਗਰ ਏਅਰ ਫੀਲਡ 'ਤੇ ਛੇ ਪਾਕਿਸਤਾਨੀ ਜਹਾਜ਼ਾਂ ਨੇ ਹਮਲਾ ਕੀਤਾ ਸੀ। ਫਲਾਇੰਗ ਅਫਸਰ ਨਿਰਮਲਜੀਤ ਸਿੰਘ ਸੇਖੋਂ ਨੇ ਹਮਲੇ ਦੇ ਬਾਵਜੂਦ ਬੇਮਿਸਾਲ ਉਡਾਣ ਹੁਨਰ ਦਾ ਪ੍ਰਦਰਸ਼ਨ ਕੀਤਾ ਅਤੇ ਦੁਸ਼ਮਣ ਦੇ ਹਮਲੇ ਦਾ ਮੁਕਾਬਲਾ ਕਰਨ ਲਈ ਉਡਾਣ ਭਰੀ। ਇਸ ਅਫਸਰ ਨੇ ਪਾਕਿਸਤਾਨੀ ਹਮਲੇ ਨੂੰ ਨਾਕਾਮ ਕਰਨ ਲਈ ਅਤਿਅੰਤ ਹਿੰਮਤ, ਬਹਾਦਰੀ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ ਅਤੇ ਦੁਸ਼ਮਣ ਦੇ ਦੋ ਜਹਾਜ਼ਾਂ ਨੂੰ ਤਬਾਹ ਕਰ ਦਿੱਤਾ ਜਿਸ ਨਾਲ ਦੁਸ਼ਮਣ ਨੂੰ ਵਾਪਸ ਪਰਤਣਾ ਪਿਆ ਸੀ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨੈਸ਼ਨਲ ਲੋਕ ਅਦਾਲਤ ਦਾ ਸਫ਼ਲ ਆਯੋਜਨ

**ਲੁਧਿਆਣਾ, 18 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਵਲੋਂ ਜ਼ਿਲ੍ਹਾ ਕਚਹਿਰੀਆਂ, ਲੁਧਿਆਣਾ ਅਤੇ ਸਿਵਲ ਕੋਰਟਸ-ਜਗਰਾਓਂ, ਖੰਨਾ, ਸਮਰਾਲਾ ਅਤੇ ਪਾਇਲ ਵਿਖੇ ਵੱਖ-ਵੱਖ ਨਿਆਂਇਕ ਅਦਾਲਤਾਂ ਵਿੱਚ ਲੰਬਿਤ ਮਾਮਲਿਆਂ ਦਾ ਨਿਪਟਾਰਾ ਧਿਰਾਂ ਦੀ ਆਪਸੀ ਸਹਿਮਤੀ ਨਾਲ ਕਰਵਾਉਣ ਦੇ ਮੰਤਵ ਨੂੰ ਮੁੱਖ ਰੱਖਦੇ ਹੋਏ ਨੈਸ਼ਨਲ ਲੋਕ ਅਦਾਲਤ ਦਾ ਸਫ਼ਲ ਆਯੋਜਨ ਹੋਇਆ ਜਿੱਥੇ ਲੋੜਵੰਦ ਲੋਕਾਂ ਨੇ ਭਰਪੂਰ ਲਾਹਾ ਲਿਆ। ਅੱਜ ਦੀ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਕੁੱਲ 61629 ਕੇਸ ਨਿਪਟਾਰੇ ਲਈ ਰੱਖੇ ਗਏ ਸਨ ਜਿਨ੍ਹਾਂ ਵਿੱਚੋਂ 60232 ਕੇਸਾਂ ਦਾ ਨਿਪਟਾਰਾ ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਗਿਆ। ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੀਆਂ ਹਦਾਇਤਾਂ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਹਰਪ੍ਰੀਤ ਕੌਰ ਰੰਧਾਵਾ ਦੀ ਪ੍ਰਧਾਨਗੀ ਅਤੇ ਸ੍ਰੀ ਹਰਵਿੰਦਰ ਸਿੰਘ, ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੀ ਦੇਖ-ਰੇਖ ਹੇਠ ਅੱਜ 14 ਦਸੰਬਰ, 2024 ਨੂੰ ਜਿਲ੍ਹਾ ਕਚਹਿਰੀਆਂ, ਲੁਧਿਆਣਾ ਅਤੇ ਸਿਵਲ ਕੋਰਟਸ-ਜਗਰਾਓਂ, ਖੰਨਾ, ਸਮਰਾਲਾ ਅਤੇ ਪਾਇਲ ਵਿਖੇ ਵੱਖ-ਵੱਖ ਨਿਆਂਇਕ ਅਦਾਲਤਾਂ ਵਿੱਚ ਲੰਬਿਤ ਮਾਮਲਿਆਂ ਦਾ ਨਿਪਟਾਰਾ ਧਿਰਾਂ ਦੀ ਆਪਸੀ ਸਹਿਮਤੀ ਨਾਲ ਕਰਵਾਉਣ ਦੇ ਮੰਤਵ ਨੂੰ ਮੁੱਖ ਰੱਖਦੇ ਹੋਏ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਸਕੱਤਰ ਸ੍ਰੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਅਦਾਲਤਾਂ ਵਿੱਚ ਲੰਬਿਤ ਕੇਸ ਅਤੇ ਪ੍ਰੀ-ਲੀਟੀਗੇਟਿਵ ਕੇਸ (ਅਜਿਹੇ ਝਗੜੇ ਜਿਹੜੇ ਅਜੇ ਅਦਾਲਤਾਂ ਵਿੱਚ ਦਾਇਰ ਨਹੀਂ ਕੀਤੇ ਗਏ ਹਨ) ਜਿਨ੍ਹਾਂ ਵਿੱਚ ਮੁੱਖ ਤੌਰ ਤੇ ਸਿਵਲ ਕੇਸ ਜਿਵੇਂ ਕਿ ਕਿਰਾਇਆ, ਬੈਂਕ ਦੀ ਰਿਕਵਰੀ, ਮਾਲ ਮਾਮਲੇ, ਬਿਜਲੀ ਅਤੇ ਪਾਣੀ ਦੇ ਬਿੱਲਾਂ (ਚੋਰੀ ਦੇ ਕੇਸਾਂ ਨੂੰ ਛੱਡ ਕੇ), ਤਨਖਾਹਾਂ ਅਤੇ ਭੱਤਿਆਂ ਅਤੇ ਸੇਵਾ ਮੁਕਤ ਲਾਭਾਂ ਨਾਲ ਸਬੰਧਤ ਮਾਮਲੇ, ਜੰਗਲਾਤ ਐਕਟ ਦੇ ਕੇਸ, ਤਬਾਹੀ ਮੁਆਵਜ਼ਾ, ਫੌਜਦਾਰੀ ਮਿਕਦਾਰ ਮਾਮਲੇ, ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ ਦੀ ਧਾਰਾ 138 ਦੇ ਅਧੀਨ ਸ਼ਿਕਾਇਤਾਂ, ਕਵਰਡ ਮਾਮਲਿਆਂ ਦੀ ਸੁਣਵਾਈ ਆਦਿ ਸ਼ਾਮਲ ਸਨ।

# ਕਿਸਾਨ ਨੇਤਾ ਡੱਲੇਵਾਲ ਕਿਸਾਨੀ ਦੇ ਭਲੇ ਲਈ ਮਰਨ ਵਰਤ ਛੱਡ ਕੇ ਸਿਹਤ ਸਬੰਧੀ ਲਾਭ ਲੈਣ: ਰਵਨੀਤ ਬਿੱਟੂ

**ਏਜੰਸੀਆਂ**

ਲੁਧਿਆਣਾ 18 ਦਸੰਬਰ। ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਖਨੌਰੀ ਬਾਰਡਰ 'ਤੇ ਪਿਛਲੇ 20 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਨੂੰ ਆਪਣਾ ਮਰਨ



ਵਰਤ ਛੱਡ ਕੇ ਸਿਹਤ ਸਹੂਲਤਾਂ ਦਾ ਲਾਭ ਲੈਣਾ ਚਾਹੀਦਾ ਹੈ, ਤਾਂ ਕਿ ਉਹ ਸਿਹਤਮੰਦ ਹੋ ਕੇ ਕਿਸਾਨੀ ਦੇ ਮੁੱਦਿਆਂ 'ਤੇ ਸਰਕਾਰ ਨਾਲ ਹਾਂਪੱਖੀ ਵਿਚਾਰ-ਵਟਾਂਦਰਾ ਕਰ ਸਕਣ। ਉਨ੍ਹਾਂ ਕਿਹਾ ਕਿ ਕਿਸੇ ਵੀ ਮਸਲੇ ਦਾ ਹੱਲ ਗੱਲਬਾਤ ਨਾਲ ਹੀ ਹੋ ਸਕਦਾ ਹੈ। ਕਿਸਾਨ ਨੇਤਾ ਡੱਲੇਵਾਲ ਦੀ ਜ਼ਿੰਦਗੀ ਬੜੀ ਕੀਮਤੀ ਹੈ। ਕੁਝ ਸਿਆਸੀ ਪਾਰਟੀਆਂ ਕਿਸਾਨਾਂ ਦੇ ਮੁੱਦੇ ਨੂੰ ਲੈ ਕੇ ਸਿਆਸੀ ਰੋਟੀਆਂ ਸੇਕਣ 'ਚ ਲੱਗੀਆਂ ਹੋਈਆਂ ਹਨ, ਸਾਰਿਆਂ ਨੂੰ ਕਿਸਾਨੀ ਦਾ ਮੁੱਦਾ ਹੱਲ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਰਵਨੀਤ ਸਿੰਘ ਬਿੱਟੂ ਅੱਜ ਭਾਜਪਾ ਦਫਤਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਬਿੱਟੂ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਵਿਕਾਸ ਪੱਖੋਂ ਪੱਛੜ ਗਿਆ ਹੈ। ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੈ। ਪੰਜਾਬ ਦੇ ਪੁਲਸ ਥਾਣੇ ਹੀ ਸੁਰੱਖਿਅਤ ਨਹੀਂ ਹਨ ਤਾਂ ਆਮ ਲੋਕ ਕਿਵੇਂ ਸੁਰੱਖਿਅਤ ਹੋ ਸਕਦੇ ਹਨ। ਪੁਲਸ ਥਾਣੇ ਵਿਧਾਇਕਾਂ ਦੇ ਘਰਾਂ ਤੋਂ ਚਲਾਏ ਜਾ ਰਹੇ ਹਨ। ਲਾਰੈਂਸ ਬਿਸ਼ਨੋਈ ਵਰਗੇ ਅਪਰਾਧੀਆਂ ਦੇ ਇੰਟਰਵਿਊ ਜੇਲ ਤੋਂ ਹੋਏ ਹਨ। ਰਾਤ 10 ਵਜੇ ਤੋਂ ਬਾਅਦ ਪੁਲਸ ਥਾਣਿਆਂ ਦੇ ਗੇਟ ਬੰਦ ਕਰਨ ਦੇ ਹੁਕਮ ਸੀਨੀਅਰ ਅਧਿਕਾਰੀ ਦੇ ਰਹੇ ਹਨ। ਬਿੱਟੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਜੋ 5 ਗਾਰੰਟੀਆਂ ਲੋਕਾਂ ਨੂੰ ਦਿੱਤੀਆਂ ਹਨ, ਉਨ੍ਹਾਂ 'ਚੋਂ ਕਈ ਪ੍ਰਾਜੈਕਟ ਕੇਂਦਰ ਸਰਕਾਰ ਦੇ ਹਨ। 100 ਇਲੈਕਟ੍ਰਿਕ ਬੱਸਾਂ ਦੀ ਯੋਜਨਾ ਕੇਂਦਰ ਸਰਕਾਰ ਦੀ ਹੈ। ਕੇਂਦਰ ਸਰਕਾਰ ਇਨ੍ਹਾਂ ਬੱਸਾਂ ਨੂੰ ਲੁਧਿਆਣਾ ਲਈ ਭੇਜ ਰਹੀ ਹੈ, ਜਦੋਂਕਿ ਬੁੱਢੇ ਦਰਿਆ ਦੀ ਸਫਾਈ ਦਾ ਪ੍ਰਾਜੈਕਟ ਵੀ ਕੇਂਦਰ ਸਰਕਾਰ ਦਾ ਹੈ। ਇਸ ਮੌਕੇ ਭਾਜਪਾ ਨੇ ਆਪਣਾ ਚੋਣ ਮੈਨੀਫੈਸਟੋ ਜਾਰੀ ਕਰਦੇ ਸਮੇਂ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ, ਭਾਜਪਾ ਦੇ ਸੀਨੀਅਰ ਨੇਤਾ ਅਵਿਨਾਸ਼ ਰਾਏ ਖੰਨਾ, ਗੁਰਦੇਵ ਸ਼ਰਮਾ ਦੇਬੀ, ਅਨਿਲ ਸਰੀਨ, ਹਰਜੋਤ ਕਮਲ, ਰਜਨੀਸ਼ ਧੀਮਾਨ ਹਾਜ਼ਰ ਰਹੇ।

# ਘਟੀਆ ਤੇ ਮਿਲਾਵਟੀ ਖ਼ੁਰਾਕ ਦੀ ਵਰਤੋਂ ਇਨਸਾਨ ਲਈ ਬਣ ਸਕਦੀ ਹੈ ਕਈ ਸੰਖੇਪ ਬੀਮਾਰੀਆਂ ਦਾ ਮੁੱਖ ਕਾਰਨ

**ਸਰਦੂਲ ਸਿੰਘ**

ਤਰਨਤਾਰਨ 18 ਦਸੰਬਰ। ਸਰਕਾਰਾਂ ਵੱਲੋਂ ਜਾਰੀ ਹੁਕਮਾਂ ਤਹਿਤ ਸਿਹਤ ਮਾਹਿਰਾਂ ਅਤੇ ਖੁਰਾਕ ਮਾਹਿਰਾਂ ਵੱਲੋਂ ਆਮ ਲੋਕਾਂ ਨੂੰ ਚੰਗੀ ਖੁਰਾਕ ਦੀ ਵਰਤੋਂ ਕਰਨ ਸਬੰਧੀ ਜਿੱਥੇ ਜਾਗਰੂਕ ਕੀਤਾ ਜਾ ਰਿਹਾ ਹੈ ਪਰ ਘਟੀਆ ਅਤੇ ਮਿਲਾਵਟੀ ਖੁਰਾਕ ਦੀ ਵਰਤੋਂ ਕਾਰਨ ਇਨਸਾਨ ਕਈ ਸੰਖੇਪ ਬੀਮਾਰੀਆਂ ਦਾ ਸ਼ਿਕਾਰ ਹੋ ਸਕਦਾ ਹੈ, ਜੋ ਵੱਡੀ ਚਿੰਤਾ ਦਾ ਵਿਸ਼ਾ ਮੰਨਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸਹੀ ਪੌਸ਼ਟਿਕ ਖੁਰਾਕ ਦੀ ਵਰਤੋਂ ਨਾ ਕਰਨ ਕਾਰਨ ਜਿੱਥੇ ਲੋਕ ਸ਼ੂਗਰ, ਮੋਟਾਪਾ, ਬਲੱਡ ਪ੍ਰੈਸ਼ਰ, ਕੈਂਸਰ ਆਦਿ ਦੇ ਸ਼ਿਕਾਰ ਹੋ ਰਹੇ ਹਨ, ਉਥੇ ਬੱਚੇ ਵੀ ਇਨ੍ਹਾਂ ਬੀਮਾਰੀਆਂ ਦੀ ਜਕੜ 'ਚ ਫਸਦੇ ਵੇਖੇ ਜਾ ਸਕਦੇ ਹਨ। ਘਟੀਆ ਖੁਰਾਕ ਗਰਭਵਤੀ ਅਤੇ ਬੱਚੇ ਲਈ ਖਤਰਾ-ਜਨਾਨਾ ਰੋਗਾਂ ਦੇ ਮਾਹਿਰ ਅਤੇ ਅਮਨਦੀਪ ਕਮਲ ਹਸਪਤਾਲ ਤਰਨਤਾਰਨ ਦੇ ਮਾਲਕ ਡਾ. ਕਰਨੈਲ ਕੌਰ ਨੇ ਦੱਸਿਆ ਕਿ ਗਰਭਵਤੀ ਔਰਤ ਲਈ ਪੌਸ਼ਟਿਕ ਖੁਰਾਕ ਬਹੁਤ ਜ਼ਰੂਰੀ ਹੁੰਦੀ ਹੈ ਤਾਂ ਜੋ ਉਸ ਦੇ ਗਰਭ 'ਚ ਪਲ ਰਹੇ ਬੱਚੇ ਦੀ ਚੰਗੀ ਗ੍ਰੋਥ ਹੋ ਸਕੇ। ਇਸ ਸਮੇਂ ਦੌਰਾਨ ਔਰਤਾਂ ਨੂੰ ਹਰੀਆਂ ਸਬਜ਼ੀਆਂ, ਫਲ, ਦੁੱਧ ਆਦਿ ਦੀ ਭਰਪੂਰ ਵਰਤੋਂ ਕਰਨ ਦੀ ਜ਼ਰੂਰਤ ਹੁੰਦੀ ਹੈ। ਅਜਿਹਾ ਨਾ ਕਰਨ ਨਾਲ ਮਾਂ ਅਤੇ ਬੱਚਾ ਦੋਵੇਂ ਖਤਰੇ 'ਚ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਦੁਨੀਆ ਭਰ 'ਚ 7 'ਚੋਂ 1 ਮੌਤ ਘਟੀਆ ਖੁਰਾਕ ਦੀ ਮਾੜੀ ਆਦਤ ਕਾਰਨ ਹੁੰਦੀ ਹੈ, ਇਹ ਖੋਜ਼ ਦੁਨੀਆ ਦੇ 195 ਦੇਸ਼ਾਂ 'ਚ ਕੀਤੀ ਗਈ ਸੀ। ਸ਼ੂਗਰ ਅਤੇ ਮਟਾਪਾ ਇਨਸਾਨੀ ਜਾਨ ਲਈ ਖਤਰਾ-ਡਾਈਟੀਸ਼ੀਅਨ ਪਵਨ ਚਾਵਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਿਹਤ ਲਈ ਹਾਨੀਕਾਰਕ ਖੁਰਾਕ ਦਾ



ਜ਼ਿਆਦਾ ਸੇਵਨ ਕਰਨ ਨਾਲ ਦਿਲ, ਮੋਟਾਪਾ, ਕੈਂਸਰ ਅਤੇ ਸ਼ੂਗਰ ਵਰਗੀਆਂ ਬੀਮਾਰੀਆਂ ਨੂੰ ਸੱਦਾ ਦੇਣ ਬਰਾਬਰ ਹੈ, ਜੋ ਇਨਸਾਨੀ ਜਾਨ ਲਈ ਅਕਸਰ ਖਤਰਾ ਬਣ ਜਾਦੀਆਂ ਹਨ। ਇਨ੍ਹਾਂ ਬੀਮਾਰੀਆਂ ਦਾ ਸਭ ਤੋਂ ਵੱਡਾ ਕਾਰਨ ਸੋਡੀਅਮ ਦੀ ਉੱਚ ਮਾਤਰਾ 'ਚ ਵਰਤੋਂ ਕਰਨਾ ਮੰਨਿਆ ਗਿਆ ਹੈ, ਜਿਸ ਕਾਰਨ ਹਾਈ ਬਲੱਡ ਪ੍ਰੈਸ਼ਰ (ਹਾਈਪਰਟੈਂਸ਼ਨ) ਹੋਣਾ ਸ਼ੁਰੂ ਹੋ ਜਾਦਾ ਹੈ ਅਤੇ ਦਿਲ ਦੀਆਂ ਵੱਖ-ਵੱਖ ਬੀਮਾਰੀਆਂ ਕਾਰਨ ਹਾਰਟ ਅਟੈਕ ਹੋਣ ਨਾਲ ਇਨਸਾਨ ਦੀ ਜਾਨ ਤੱਕ ਜਾ ਸਕਦੀ ਹੈ। ਇਸੇ ਤਰ੍ਹਾਂ ਜੋ ਭੋਜਨ ਅਸੀਂ ਰੋਜ਼ ਖਾਂਦੇ ਹਾਂ ਉਹ ਸਾਡੇ ਸਰੀਰ ਅੰਦਰ ਗਲੂਕੋਜ਼ 'ਚ ਤਬਦੀਲ ਹੋ ਜਾਂਦੇ ਹਨ ਅਤੇ ਸਾਨੂੰ ਊਰਜਾ ਦਿੰਦੇ ਹਨ, ਜਿਸ ਨਾਲ ਇਨਸਾਨ ਭੱਜ-ਦੌੜ ਕਰਦਾ ਰਹਿੰਦਾ ਹੈ ਪਰ ਲੋੜ ਤੋਂ ਜ਼ਿਆਦਾ ਮਿੱਠੇ ਦੀ ਵਰਤੋਂ ਅਤੇ ਮੋਟਾਪਾ ਸ਼ੂਗਰ ਦੀ ਬੀਮਾਰੀ ਨੂੰ ਸੱਦਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਹਮੇਸ਼ਾ ਪੌਸ਼ਟਿਕ ਖੁਰਾਕ ਦੀ ਵਰਤੋਂ ਰੋਜ਼ਾਨਾ ਸਮੇਂ 'ਤੇ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਮੋਟਾਪਾ 12 ਤਰ੍ਹਾਂ ਦੇ ਕੈਂਸਰ ਦਾ ਕਾਰਨ ਬਣਦਾ ਹੈ। ਡਾ. ਅਜੀਤ ਸਿੰਘ ਨੇ ਦੱਸਿਆ ਕਿ ਸਿਹਤਮੰਦ ਸਰੀਰ ਲਈ ਚੰਗੀ ਪੌਸ਼ਟਿਕ ਖੁਰਾਕ ਦੀ ਵਰਤੋਂ ਬਹੁਤ ਜ਼ਰੂਰੀ ਮੰਨੀ ਗਈ ਹੈ। ਬਾਜ਼ਾਰੀ ਵਸਤੂਆਂ, ਜੰਕ ਫੂਡ ਅਤੇ ਬਨਾਉਟੀ ਰੰਗਾਂ ਨਾਲ ਤਿਆਰ ਖਾਣ-ਪੀਣ ਵਾਲੀਆਂ ਵਸਤੂਆਂ ਅਕਸਰ ਕੈਂਸਰ ਦਾ ਕਾਰਨ ਬਣ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪ੍ਰੋਟੀਨ ਯੁਕਤ ਵਸਤੂਆਂ ਦੀ ਵਰਤੋਂ ਕਰਦੇ ਹੋਏ ਹਰੀਆਂ ਸਬਜ਼ੀਆਂ ਦਾ ਸੇਵਨ ਕਰਨਾ ਚਾਹੀਦਾ ਹੈ। ਦਿਲ ਦੇ ਰੋਗਾਂ ਅਤੇ ਸ਼ੂਗਰ ਆਦਿ ਤੋਂ ਬਚਣ ਲਈ ਜ਼ਿਆਦਾ ਚਰਬੀ, ਜ਼ਿਆਦਾ ਮਿੱਠੇ ਭੋਜਨ ਆਦਿ ਦੀ ਵਰਤੋਂ ਘੱਟ ਕਰਦੇ ਹੋਏ ਰੋਜ਼ਾਨਾ ਸੈਰ ਕਰਨ ਦੀ ਲੋੜ ਹੈ।

## 100 ਤੋਂ ਵੱਧ ਸਕੂਲੀ ਬੱਚਿਆਂ ਨੇ ਹੁਸੈਨੀਵਾਲਾ ਵਿਖੇ ਦੇਖੀ ਰੀਟਰੀਟ ਸੈਰੇਮਨੀ

ਫਿਰੋਜ਼ਪੁਰ 18 ਦਸੰਬਰ। ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੀਪਸਿਖਾ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਹੁਸੈਨੀਵਾਲਾ ਵਿਖੇ ਸਥਿਤ ਸ਼ਹੀਦੀ ਸਮਾਰਕ ਅਤੇ ਰੀਟਰੀਟ ਸੈਰੇਮਨੀ ਵਿਖਾਉਣ ਦੀ ਮੁਹਿਮ ਵਿੱਢੀ ਗਈ ਹੈ। ਇਸ ਹਿਤ ਸਕੂਲੀ ਬੱਚਿਆਂ ਨੂੰ ਰੀਟਰੀਟ ਸੈਰਾਮਨੀ ਦਿਖਾਉਣ ਦੇ ਨਾਲ-ਨਾਲ ਸ਼ਹੀਦਾਂ ਦੀ ਜੀਵਨੀ ਬਾਰੇ ਵੀ ਵੱਢਮੁੱਲੀ ਜਾਣਕਾਰੀ ਦਿੱਤੀ ਜਾਵੇਗੀ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਮੁਨੀਲਾ ਅਰੋੜਾ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਸਤਿੰਦਰ ਸਿੰਘ ਨੇ ਦੱਸਿਆ ਕਿ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਫਿਰੋਜ਼ਪੁਰ ਦੇ 9ਵੀਂ ਤੋਂ 12ਵੀਂ ਜਮਾਤ ਦੇ 100 ਵਿਦਿਆਰਥੀਆਂ ਨੂੰ ਬੱਸ ਰਾਹੀਂ ਹੁਸੈਨੀਵਾਲਾ ਸ਼ਹੀਦੀ ਸਮਾਰਕ ਦਾ ਦੌਰਾ ਕਰਵਾਇਆ ਗਿਆ। ਇਸ ਉਪਰੰਤ ਰੀਟਰੀਟ ਸੈਰੇਮਨੀ ਦਿਖਾਈ ਗਈ। ਉਨ੍ਹਾਂ ਕਿਹਾ ਕਿ ਅਜਿਹੇ



ਵਿੱਦਿਅਕ ਦੌਰੇ ਬੱਚਿਆਂ ਵਿੱਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਇੱਕ ਚੰਗੇ ਨਾਗਰਿਕ ਬਣਨ ਲਈ ਸਹਾਈ ਸਿੱਧ ਹੁੰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਦੌਰੇ ਲਗਾਤਾਰ ਕਰਵਾਏ ਜਾਣਗੇ। ਉਨ੍ਹਾਂ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ ਮੁਖੀਆ ਨੂੰ ਵੀ ਕਿਹਾ ਕਿ ਉਹ ਵੀ ਆਪਣੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਇਸ ਵਿੱਦਿਅਕ ਟੂਰ ਦਾ ਹਿੱਸਾ ਬਣਾਉਣ। ਇਸ ਮੌਕੇ ਸਿੱਖਿਆ ਵਿਭਾਗ ਤੋਂ ਵੋਕੇਸ਼ਨਲ ਕੋਆਰਡੀਨੇਟਰ ਲਖਵਿੰਦਰ ਸਿੰਘ, ਨੀਤਿਮਾ, ਜਸਬੀਰ ਕੌਰ, ਦੀਪਕ ਕੁਮਾਰ, ਸੋਨੀਆ, ਸੁਖਦੀਪ ਕੌਰ, ਜਸਵਿੰਦਰ ਸਿੰਘ ਆਦਿ ਤੋਂ ਇਲਾਵਾ ਸਕੂਲੀ ਵਿਦਿਆਰਥੀ ਹਾਜ਼ਰ ਸਨ।

## ਮੀਤ ਹੇਅਰ ਨੇ ਸੰਸਦ 'ਚ ਚੁੱਕਿਆ ਪੰਜਾਬ ਦੇ ਖਿਡਾਰੀਆਂ ਨਾਲ ਹੋ ਰਹੇ ਵਿਤਕਰੇ ਦਾ ਮੁੱਦਾ

**ਕਿਸ਼ਨ ਪਾਲ**

ਚੰਡੀਗੜ੍ਹ 18 ਦਸੰਬਰ। ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਲੋਕ ਸਭਾ 'ਚ 'ਖੇਲੋ ਇੰਡੀਆ' ਸਕੀਮ ਤਹਿਤ ਪੰਜਾਬ ਨੂੰ ਦਿੱਤੇ ਗਏ ਖੇਡ ਫੰਡਾਂ ਦਾ ਮੁੱਦਾ ਉਠਾਉਂਦਿਆਂ ਕੇਂਦਰ ਸਰਕਾਰ 'ਤੇ ਪੰਜਾਬ ਦੇ ਖਿਡਾਰੀਆਂ ਨਾਲ ਵਿਤਕਰਾ ਕਰਨ ਦਾ ਦੋਸ ਲਾਇਆ। ਉਨ੍ਹਾਂ ਕਿਹਾ ਕਿ ਦੇਸ ਦੇ ਕੁੱਲ ਮੈਡਲਾਂ 'ਚ ਪੰਜਾਬ ਦੇ ਖਿਡਾਰੀਆਂ ਦਾ ਸਭ ਤੋਂ ਵੱਧ 20 ਫੀਸਦੀ ਯੋਗਦਾਨ ਹੈ। ਓਲੰਪਿਕ ਤੋਂ ਲੈ ਕੇ ਸਾਰੀਆਂ ਅੰਤਰਰਾਸਟਰੀ ਖੇਡਾਂ ਤੱਕ ਹਰ ਖੇਡ ਤੇ ਹਰ ਸਾਲ ਪੰਜਾਬ ਦੇ ਖਿਡਾਰੀ ਦੇਸ ਲਈ ਤਗਮੇ ਜਿੱਤਦੇ ਹਨ ਪਰ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਪੰਜਾਬ ਨੂੰ ਹੋਰਨਾਂ ਸੂਬਿਆਂ ਦੇ ਮੁਕਾਬਲੇ ਬਹੁਤ ਘੱਟ ਖੇਡ ਫੰਡ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਖੇਡਾਂ ਦੇ ਮਾਮਲੇ 'ਚ ਪੰਜਾਬ ਦਾ ਬਹੁਤ ਹੀ ਮਾਣਮੱਤਾ ਇਤਿਹਾਸ ਰਿਹਾ ਹੈ। ਪੰਜਾਬ ਨੇ ਦੇਸ ਨੂੰ ਲਗਭਗ ਹਰ ਅੰਤਰਰਾਸਟਰੀ ਖੇਡ 'ਚ ਮਹਾਨ ਖਿਡਾਰੀ ਦਿੱਤੇ, ਜਿਨ੍ਹਾਂ ਦੇ ਰਿਕਾਰਡ ਅੱਜ ਤੱਕ ਨਹੀਂ ਟੁੱਟੇ ਪਰ ਬੜੇ ਦੁੱਖ ਦੀ ਗੱਲ ਹੈ ਕਿ ਕੇਂਦਰ ਸਰਕਾਰ ਵੱਲੋਂ 'ਖੇਲੋ ਇੰਡੀਆ' ਸਕੀਮ ਤਹਿਤ ਰਾਜਾਂ ਨੂੰ ਜਾਰੀ ਕੀਤੇ ਫੰਡਾਂ 'ਚ ਪੰਜਾਬ



ਪਹਿਲੇ 10 ਨੰਬਰਾਂ 'ਚ ਵੀ ਨਹੀਂ ਆਉਂਦਾ। ਉਨ੍ਹਾਂ ਦੱਸਿਆ ਕਿ ਪਿਛਲੀਆਂ ਓਲੰਪਿਕ ਖੇਡਾਂ 'ਚ ਵੀ ਪੰਜਾਬ ਤੋਂ 20 ਖਿਡਾਰੀ ਗਏ ਸਨ ਜਦਕਿ ਹਾਕੀ ਟੀਮ ਦੇ 10 ਖਿਡਾਰੀ ਪੰਜਾਬ ਦੇ ਸਨ ਤੇ ਉਹ ਹਾਕੀ 'ਚ ਭਾਰਤ ਲਈ ਤਗਮੇ ਲੈ ਕੇ ਆਏ ਸਨ। ਇਸੇ ਤਰ੍ਹਾਂ ਏਸੀਆਈ ਖੇਡਾਂ 'ਚ ਲਗਭਗ 661 ਖਿਡਾਰੀਆਂ ਨੇ ਭਾਗ ਲਿਆ, ਜਿਨ੍ਹਾਂ 'ਚੋਂ 58 ਖਿਡਾਰੀ ਪੰਜਾਬ ਦੇ ਸਨ। ਇਸ 'ਚੋਂ ਉਹ 20 ਮੈਡਲ ਲੈ ਕੇ ਆਏ, ਜੋ ਕੁੱਲ ਮੈਡਲਾਂ ਦਾ 20 ਫੀਸਦੀ ਬਣਦਾ ਹੈ। ਉਨ੍ਹਾਂ ਕਿਹਾ ਕਿ ਇਹ ਵੱਡੀ ਗੱਲ ਹੈ ਕਿ ਪੰਜਾਬ ਦੀ ਆਬਾਦੀ ਦੇਸ ਦੀ ਕੁੱਲ ਆਬਾਦੀ ਦਾ ਸਿਰਫ 2 ਫੀਸਦੀ ਹੈ ਪਰ ਮੈਡਲ 20 ਫੀਸਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਸ ਗੱਲ ਤੋਂ ਕੋਈ ਪ੍ਰੇਸਾਨੀ ਨਹੀਂ ਹੈ ਕਿ ਕੇਂਦਰ ਸਰਕਾਰ ਬਿਨਾਂ ਮੈਡਲ ਵਾਲੇ ਰਾਜਾਂ ਉੱਤਰ ਪ੍ਰਦੇਸ ਤੇ ਗੁਜਰਾਤ ਨੂੰ 400 ਕਰੋੜ ਰੁਪਏ ਦੇ ਰਹੀ ਹੈ। ਸਾਡੀ ਮੰਗ ਹੈ ਕਿ 'ਖੇਲੋ ਇੰਡੀਆ' ਸਕੀਮ ਤਹਿਤ ਪੰਜਾਬ ਨੂੰ ਉਸ ਦੇ ਪ੍ਰਦਰਸਨ ਦੇ ਹਿਸਾਬ ਨਾਲ ਫੰਡ ਦਿੱਤੇ ਜਾਣ ਤਾਂ ਜੋ ਸਾਡੇ ਖਿਡਾਰੀ ਬਿਹਤਰ ਪ੍ਰਦਰਸਨ ਕਰ ਕੇ ਦੇਸ ਲਈ ਹੋਰ ਤਗਮੇ ਲਿਆ ਸਕਣ। ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਫੰਡ ਅਲਾਟਮੈਂਟ ਲਈ ਨਿਰਪੱਖ ਤਰੀਕਾ ਅਪਣਾਉਣ ਦੀ ਮੰਗ ਵੀ ਕੀਤੀ।

## 50 ਕੁਇੰਟਲ ਚੋਰੀ ਦੇ ਚੌਲ ਅਤੇ ਕੈਂਟਰ ਸਣੇ 1 ਕਾਬੂ

ਫਿਰੋਜ਼ਪੁਰ 18 ਦਸੰਬਰ। ਚੋਰ ਲੁਟੇਰਿਆਂ ਵਿਰੁੱਧ ਵਿੱਢੀ ਮੁਹਿੰਮ ਨੂੰ ਚਲਾਉਂਦੇ ਹੋਏ ਥਾਣਾ ਤਲਵੰਡੀ ਭਾਈ ਪੁਲਸ ਨੇ ਏ. ਐੱਸ. ਆਈ. ਸੁਦੇਸ਼ ਕੁਮਾਰ ਦੀ ਅਗਵਾਈ ਹੇਠ ਇਕ ਮੁਲਜਮ ਨੂੰ 50 ਕੁਇੰਟਲ ਚੋਰੀ ਦੇ ਚੌਲਾਂ ਅਤੇ ਕੈਂਟਰ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਸੁਦੇਸ਼ ਕੁਮਾਰ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੀ ਪੁਲਸ ਪਾਰਟੀ ਦਾਣਾ ਮੰਡੀ ਤਲਵੰਡੀ ਭਾਈ ਦੇ ਏਰੀਆ 'ਚ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ



ਚੈਕਿੰਗ ਕਰ ਰਹੀ ਸੀ ਤਾਂ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਜਸਵਿੰਦਰ ਉਰਫ ਮੱਖਣ ਨਾਮਕ ਵਿਅਕਤੀ ਚੋਰੀ ਦੇ ਚੌਲ ਵੇਚਣ ਲਈ ਨੈਸ਼ਨਲ ਹਾਈਵੇਅ 'ਤੇ ਬਣੀ ਪਾਰਕਿੰਗ 'ਚ ਖੜ੍ਹੇ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਗੁਪਤ ਸੂਚਨਾ ਦੇ ਆਧਾਰ 'ਤੇ ਉਨ੍ਹਾਂ ਆਪਣੀ ਪੁਲਸ ਪਾਰਟੀ ਨਾਲ ਉਥੇ ਰੇਡ ਕਰਦੇ ਹੋਏ ਨਾਮਜ਼ਦ ਵਿਅਕਤੀ ਨੂੰ ਪੰਜਾਬ ਨੰਬਰ ਦੇ ਕੈਂਟਰ ਅਤੇ ਚੋਰੀ ਦੇ 50 ਕੁਇੰਟਲ ਚਾਵਲ ਦੇ ਨਾਲ ਖੜ੍ਹਾ ਕੀਤਾ ਹੋਇਆ ਸੀ, ਜਿਸ ਨੂੰ ਪੁਲਸ ਨੇ ਹਿਰਾਸਤ 'ਚ ਲੈ ਲਿਆ ਅਤੇ ਉਸ ਦੇ ਖਿ਼ਲਾਫ ਥਾਣਾ ਤਲਵੰਡੀ ਭਾਈ 'ਚ ਮਾਮਲਾ ਦਰਜ ਕੀਤਾ ਗਿਆ ਹੈ। ਫੜ੍ਹੇ ਗਏ ਮੁਲਜਮ ਨੂੰ ਅਦਾਲਤ 'ਚ ਪੇਸ਼ ਕਰਕੇ ਉਨ੍ਹਾਂ ਦਾ ਪੁਲਸ ਰਿਮਾਂਡ ਲਿਆ ਜਾਵੇਗਾ ਅਤੇ ਉਸ ਤੋਂ ਅੱਗੇ ਪੁੱਛਗਿੱਛ ਕੀਤੀ ਜਾਵੇਗੀ।

## ਨਗਰ ਨਿਗਮ ਮੁਲਾਜਮ ਨੂੰ ਹੋਈ ਜੇਲ੍ਹ

ਲੁਧਿਆਣਾ 18 ਦਸੰਬਰ। ਵਧੀਕ ਸੈਸ਼ਨ ਜੱਜ ਅਮਰਿੰਦਰ ਸਿੰਘ ਸ਼ੇਰਗਿਲ ਦੀ ਅਦਾਲਤ ਨੇ ਭ੍ਰਿਸ਼ਟਾਚਾਰ ਦੇ ਦੋਸ਼ 'ਚ ਲੁਧਿਆਣਾ ਨਗਰ ਨਿਗਮ ਦੇ ਕਰਮਚਾਰੀ ਅਮਨੀਤ ਪਾਲ ਸਿੰਘ ਉਰਫ ਵਿੱਕੀ ਨਿਵਾਸੀ ਨਿਊ ਪੰਜਾਬ ਮਾਤਾ ਨਗਰ ਲੁਧਿਆਣਾ ਨੂੰ ਸਾਢੇ 3 ਸਾਲ ਦੀ ਕੈਦ ਅਤੇ 15,000 ਰੁਪਏ ਜੁਰਮਾਨੇ ਦੀ ਸਜਾ ਸੁਣਾਈ ਹੈ। ਇਸ ਸਬੰਧ 'ਚ ਪੁਲਸ ਥਾਣਾ ਈ. ਓ. ਵਿੰਗ ਵੱਲੋਂ ਮੁਲਜ਼ਮ ਖਿ਼ਲਾਫ 10 ਮਈ 2019 ਨੂੰ ਭ੍ਰਿਸ਼ਟਾਚਾਰ ਐਕਟ ਤਹਿਤ ਮਾਮਲਾ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕੀਤਾ ਸੀ। ਪੁਲਸ ਵੱਲੋਂ ਦਰਜ ਕੀਤੇ ਗਏ ਮਾਮਲੇ ਮੁਤਾਬਕ ਸ਼ਿਕਾਇਤਕਰਤਾ ਨਿਸ਼ਾਨ ਸਿੰਘ ਨੇ ਦਿੱਤੀ ਆਪਣੀ ਸ਼ਿਕਾਇਤ 'ਚ ਦੋਸ਼ ਲਗਾਇਆ ਕਿ ਉਸ ਨੇ 6 ਦਸੰਬਰ 2018 ਨੂੰ ਖਰੀਦੇ ਆਪਣੇ ਪਲਾਂਟ ਸੀਵਰੇਜ ਦਾ ਕੁਨੈਕਸ਼ਨ ਲਗਾਇਆ ਸੀ। ਇਸ ਤੋਂ ਬਾਅਦ ਉਸ ਦੇ ਪਲਾਟ 'ਤੇ ਉਸ ਦੀ ਗੈਰ-ਮੌਜੂਦਗੀ 'ਚ ਮੁਲਜ਼ਮ ਆਇਆ ਅਤੇ ਉਥੇ ਕੰਮ ਕਰ ਰਹੇ ਇਕ ਮਜ਼ਦੂਰ ਨੂੰ ਧਮਕਾਇਆ ਅਤੇ ਉਸ ਨੂੰ ਕਿਹਾ ਕਿ ਪਲਾਂਟ 'ਚ ਸੀਵਰੇਜ ਦੇ ਲਗਾਏ ਗਏ ਕੁਨੈਕਸ਼ਨ ਨੂੰ ਲੈ ਕੇ ਉਸ ਦਾ ਚਲਾਨ ਕਰ ਦਿੱਤਾ ਜਾਵੇਗਾ। ਸ਼ਿਕਾਇਤਕਰਤਾ ਵੱਲੋਂ ਲਗਾਏ ਗਏ ਦੋਸ਼ਾਂ ਮੁਤਾਬਕ ਜਦ ਉਸ ਨੇ ਮੁਲਜ਼ਮ ਨਾਲ ਇਸ ਸਬੰਧ 'ਚ ਗੱਲ ਕੀਤੀ ਤਾਂ ਉਸ ਨੇ ਇਸ ਤਰ੍ਹਾਂ ਨਾ ਕਰਨ ਬਦਲੇ 'ਚ ਉਸ ਤੋਂ 15,000 ਰਿਸ਼ਵਤ ਮੰਗੀ ਪਰ ਮਾਮਲਾ 10,000 'ਚ ਤੈਅ ਹੋ ਗਿਆ।

### ਘਰੋਂ ਧੀ ਦੇ ਵਿਦਾ ਹੁੰਦਿਆਂ ਹੀ ਲੱਗ ਗਈ ਭਿਆਨਕ ਅੱਗ, ਲੱਖਾਂ ਦੀ ਜਾਇਦਾਦ ਸੜ ਕੇ ਸੁਆਹ

ਭਾਗਲਪੁਰ 18 ਦਸੰਬਰ। ਬਿਹਾਰ ਦੇ ਭਾਗਲਪੁਰ ਜ਼ਿ੍ਲ੍ਹੇ ਤੋਂ ਇਕ ਦਰਦਨਾਕ ਘਟਨਾ ਸਾਹਮਣੇ ਆਈ ਹੈ, ਜਿੱਥੇ ਬੇਟੀ ਦੇ ਡੋਲੀ ਵਿਚ ਘਰੋਂ ਵਿਦਾ ਹੋਣ ਦੇ ਕੁਝ ਦੇਰ ਬਾਅਦ ਹੀ ਇਕ ਘਰ ਨੂੰ ਅੱਗ ਲੱਗ ਗਈ। ਅੱਗ ਦੀਆਂ ਲਪਟਾਂ ਇੰਨੀਆਂ ਤੇਜ ਸਨ ਕਿ ਉਨ੍ਹਾਂ ਨੇ ਇਕ ਹੋਰ ਘਰ ਨੂੰ ਆਪਣੀ ਲਪੇਟ ਵਿਚ ਲੈ ਲਿਆ। ਇਸ ਘਟਨਾ ਵਿੱਚ ਦੋ ਘਰ ਅਤੇ ਕਰੀਬ 7 ਲੱਖ ਰੁਪਏ ਦੀ ਜਾਇਦਾਦ ਸੜ ਕੇ ਸੁਆਹ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਸਦਰ ਦੇ ਮੁਖੀ ਰਾਹੁਲ ਕੁਮਾਰ ਠਾਕੁਰ ਦੀ ਅਗਵਾਈ 'ਚ ਪੁਲਸ ਪ੍ਰਸਾਸਨ ਅਤੇ ਫਾਇਰ ਬ੍ਰਿਗੇਡ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਕਾਫੀ ਮੁਸੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਦੱਸਿਆ ਜਾਂਦਾ ਹੈ ਕਿ ਨਵਗਾਚੀਆ ਉਪਮੰਡਲ ਅਧੀਨ ਪੈਂਦੇ ਬਿਹਪੁਰ ਬਲਾਕ ਦੇ ਸੋਨਵਰਸਾ ਨਿਵਾਸੀ ਫੰਤੁਸ ਪੰਡਿਤ ਦੀ ਬੇਟੀ ਦਾ ਵਿਆਹ 11 ਦਸੰਬਰ ਨੂੰ ਸੀ। ਉਸ ਨੂੰ ਦੇਰ ਸਾਮ 15 ਦਸੰਬਰ ਨੂੰ ਰਵਾਨਾ ਕਰ ਦਿੱਤਾ ਗਿਆ ਸੀ। ਧੀ ਦੇ ਜਾਂਦੇ ਹੀ ਘਰ 'ਚ ਭਿਆਨਕ ਅੱਗ ਲੱਗ ਗਈ। ਜਦੋਂ ਤੱਕ ਲੋਕ ਅੱਗ 'ਤੇ ਕਾਬੂ ਪਾ ਸਕੇ, ਉਦੋਂ ਤੱਕ ਇਹ ਕਾਬੂ ਤੋਂ ਬਾਹਰ ਹੋ ਗਈ ਅਤੇ ਪੂਰੇ ਘਰ ਨੂੰ ਆਪਣੀ ਲਪੇਟ 'ਚ ਲੈ ਲਿਆ। ਅੱਗ ਨੇ ਫੰਤੂਸ ਦੇ ਘਰ ਦੇ ਨਾਲ-ਨਾਲ ਭਰਾ ਅਰੁਣ ਪੰਡਿਤ ਦੇ ਘਰ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ। ਇਸ ਦੌਰਾਨ ਘਰ ਵਿੱਚ ਰੱਖਿਆ ਗੈਸ ਸਿਲੰਡਰ ਫਟ ਗਿਆ। ਅੱਗ ਲੱਗਣ ਕਾਰਨ ਦੋਵਾਂ ਘਰਾਂ ਦੇ ਕੱਪੜੇ, ਅਨਾਜ, ਫਰਨੀਚਰ, ਗਹਿਣੇ, ਕਰੀਬ 7 ਲੱਖ ਰੁਪਏ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ। ਅੱਗ ਵਿੱਚ ਦੋ ਬੱਕਰੀਆਂ ਦੇ ਬੱਚੇ ਵੀ ਸੜ ਗਏ। ਮੌਕੇ 'ਤੇ ਮੌਜੂਦ ਪਿੰਡ ਵਾਸੀਆਂ ਨੇ ਦੱਸਿਆ ਕਿ ਦੋਵੇਂ ਭਰਾ ਮਜਦੂਰ ਹਨ। ਉਨ੍ਹਾਂ ਨੂੰ ਸਰਕਾਰ ਤੋਂ ਸਰਕਾਰੀ ਮੁਆਵਜਾ ਮਿਲਣਾ ਚਾਹੀਦਾ ਹੈ। ਤਾਂ ਜੋ ਉਹ ਆਪਣਾ ਘਰ ਮੁੜ ਸਥਾਪਿਤ ਕਰ ਸਕੇ।

### ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਨੌਜਵਾਨ ਦੀ ਮੌਤ

ਗੁਰੂਹਰਸਹਾਏ 18 ਦਸੰਬਰ। ਗੁਰੂਹਰਸਹਾਏ ਦੇ ਟੈਕਸੀ ਸਟੈਂਡ ਦੇ ਕੋਲ ਕਾਰ ਅਤੇ ਮੋਟਰਸਾਈਕਲ ਦੀ ਟੱਕਰ 'ਚ ਇਕ ਨੌਜਵਾਨ ਦੀ ਮੌਤ ਅਤੇ ਇਕ ਦੇ ਜ਼ਖਮੀ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧ 'ਚ ਥਾਣਾ ਗੁਰੂਹਰਸਹਾਏ ਪੁਲਸ ਨੇ ਕਾਰ ਚਾਲਕ ਖਿ਼ਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਲਵਪ੍ਰੀਤ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਮੁਹੱਲਾ ਮਿਸਤਰੀਆਂ ਵਾਲਾ ਗੁਰੂਹਰਸਹਾਏ ਨੇ ਦੱਸਿਆ ਕਿ ਉਸ ਦਾ ਭਰਾ ਮਨਪ੍ਰੀਤ ਸਿੰਘ (24 ਸਾਲ) ਆਪਣੇ ਸਾਥੀ ਪ੍ਰੀਤਮ ਸਿੰਘ ਨੂੰ ਉਸ ਦੇ ਘਰ ਰੇਲਵੇ ਬਸਤੀ ਗੁਰੂਹਰਸਹਾਏ ਛੱਡਣ ਲਈ ਜਾ ਰਿਹਾ ਸੀ। ਜਦ ਉਹ ਰੇਲਵੇ ਪੁਲ ਤੋਂ ਪਿੱਛੇ ਹੀ ਟੈਕਸੀ ਸਟੈਂਡ ਦੇ ਸਾਹਮਣੇ ਪੁੱਜੇ ਤਾਂ ਸਾਹਮਣੇ ਤੋਂ ਇਕ ਮਾਰੂਤੀ ਕਾਰ ਆਈ, ਜਿਸ ਨੂੰ ਦੋਸ਼ੀ ਲਖਵੀਰ ਸਿੰਘ ਪੁੱਤਰ ਅਰਜਨ ਸਿੰਘ ਵਾਸੀ ਮਾਦੀ ਕੇ ਤੇਜ਼ ਰਫਤਾਰ ਤੇ ਲਾਪਰਵਾਹੀ ਨਾਲ ਚਲਾ ਰਿਹਾ ਸੀ। ਉਸ ਨੇ ਕਾਰ ਲਿਆ ਕੇ ਮਨਪ੍ਰੀਤ ਸਿੰਘ ਹੋਰਾਂ ਦੇ ਮੋਟਰਸਾਈਕਲ ਵਿਚ ਮਾਰੀ। ਇਸ ਹਾਦਸੇ ਵਿਚ ਮਨਪ੍ਰੀਤ ਸਿੰਘ ਤੇ ਪ੍ਰੀਤਮ ਸਿੰਘ ਜ਼ਖਮੀ ਹੋ ਗਏ ਤੇ ਪੀ. ਜੀ. ਆਈ. ਚੰਡੀਗੜ੍ਹ ਵਿਖੇ ਲਿਜਾਂਦੇ ਸਮੇਂ ਮਨਪ੍ਰੀਤ ਸਿੰਘ ਦੀ ਮੌਤ ਹੋ ਗਈ। ਲਵਪ੍ਰੀਤ ਸਿੰਘ ਨੇ ਦੱਸਿਆ ਕਿ ਪ੍ਰੀਤਮ ਸਿੰਘ ਦਾ ਇਲਾਜ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਨਰੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਕਾਰ ਚਾਲਕ ਖਿ਼ਲਾਫ ਮਾਮਲਾ ਦਰਜ ਕਰ ਲਿਆ ਹੈ।

## ਮੌਸਮ ਵਿਭਾਗ ਵੱਲੋਂ ਕੜਾਕੇ ਦੀ ਠੰਡ ਦੀ ਭਵਿੱਖਬਾਣੀ

**ਏਜੰਸੀਆਂ**

ਜਲੰਧਰ 18 ਦਸੰਬਰ। ਪੰਜਾਬ ਵਿਚ ਕੜਾਕੇ ਦੀ ਠੰਡ ਨੇ ਆਪਣਾ ਜੋਰ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ। ਸਵੇਰੇ ਤੜਕਸਾਰ ਸ਼ਹਿਰ ਦੇ ਬਾਹਰੀ ਇਲਾਕਿਆਂ 'ਚ ਧੁੰਦ ਛਾਈ ਰਹਿੰਦੀ ਹੈ ਅਤੇ ਦੁਪਹਿਰ ਦੇ ਸਮੇਂ ਮੌਸਮ ਆਮ ਵਾਂਗ ਵੇਖਣ ਨੂੰ ਮਿਲ ਰਿਹਾ ਹੈ। ਮੌਸਮ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਸਰਦੀ ਤੇਜੀ ਨਾਲ ਆਪਣੇ ਪੈਰ ਪਸਾਰ ਰਹੀ ਹੈ ਅਤੇ ਮਹਾਨਗਰ ਦੇ ਤਾਪਮਾਨ ਵਿਚ ਤੇਜੀ ਨਾਲ ਗਿਰਾਵਟ ਦਰਜ ਹੋ ਰਹੀ ਹੈ, ਜਿਸ ਕਾਰਨ ਆਉਣ ਵਾਲੇ ਦਿਨਾਂ ਵਿਚ ਸਰਦੀ ਦਾ ਪੂਰਾ ਜੋਰ ਵੇਖਣ ਨੂੰ ਮਿਲੇਗਾ। ਐਤਵਾਰ ਦੇ ਮੁਕਾਬਲੇ ਸੋਮਵਾਰ ਦੇ ਤਾਪਮਾਨ ਵਿਚ 2 ਡਿਗਰੀ ਤੱਕ ਦਾ ਅੰਤਰ ਵੇਖਣ ਨੂੰ ਮਿਲਿਆ। ਐਤਵਾਰ ਨੂੰ ਵੱਧ ਤੋਂ ਵੱਧ ਤਾਪਮਾਨ 22 ਡਿਗਰੀ ਤੋਂ ਉਪਰ ਰਿਕਾਰਡ ਹੋਇਆ ਸੀ, ਜਦਕਿ ਸੋਮਵਾਰ ਵੱਧ ਤੋਂ ਵੱਧ ਤਾਪਮਾਨ 20 ਡਿਗਰੀ ਅਤੇ ਘੱਟੋ-ਘੱਟ ਤਾਪਮਾਨ 3 ਡਿਗਰੀ ਤੱਕ ਪਹੁੰਚ ਗਿਆ। ਮੌਸਮ ਵਿਭਾਗ ਅਨੁਸਾਰ ਪੰਜਾਬ 'ਚ ਮੌਸਮ ਖੁਸਕ ਬਣਿਆ ਹੋਇਆ ਹੈ ਅਤੇ ਵਧੇਰੇ ਹਿੱਸਿਆਂ 'ਚ ਕੜਾਕੇ ਦੀ ਠੰਢ ਦਾ ਅਸਰ ਵੇਖਿਆ ਗਿਆ ਹੈ। ਪੰਜਾਬ ਵਿਚ ਸਭ ਤੋਂ ਵੱਧ ਤਾਪਮਾਨ ਫਰੀਦਕੋਟ ਵਿਚ 25.6 ਡਿਗਰੀ ਦਰਜ ਕੀਤਾ ਗਿਆ, ਜਦਕਿ ਅੰਮ੍ਰਿਤਸਰ ਦੇ ਸਰਹੱਦੀ ਇਲਾਕੇ ਵਿਚ ਸਭ ਤੋਂ ਘੱਟ ਤਾਪਮਾਨ 2.5 ਡਿਗਰੀ ਰਿਕਾਰਡ ਹੋਇਆ। ਆਉਣ ਵਾਲੇ ਦਿਨਾਂ 'ਚ ਪੰਜਾਬ 'ਚ ਠੰਡ ਹੋਰ ਵਧੇਗੀ। ਲੋਕਾਂ ਨੂੰ ਸੁਚੇਤ ਰਹਿਣ ਅਤੇ ਲੋੜੀਂਦੀਆਂ ਸਾਵਧਾਨੀਆਂ ਵਰਤਣ ਦੀ ਸਲਾਹ ਦਿੱਤੀ ਗਈ ਹੈ। ਠੰਡ ਕਾਰਨ ਲੋਕ ਧੂਣੀ ਬਾਲ ਕੇ ਆਪਣਾ ਬਚਾਅ ਕਰਦੇ ਵੇਖੇ ਗਏ। ਖਾਸ



ਕਰਕੇ ਸੜਕਾਂ ਦੇ ਕੰਢੇ ਰਹਿਣ ਵਾਲੇ ਲੋਕਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਰਾਤ ਸਮੇਂ ਤਾਪਮਾਨ 5 ਡਿਗਰੀ ਤੋਂ ਹੇਠਾਂ ਚਲਾ ਜਾਂਦਾ ਹੈ, ਜਿਸ ਕਾਰਨ ਠੰਡ ਦਾ ਪੂਰਾ ਜੋਰ ਵੇਖਣ ਨੂੰ ਮਿਲਦਾ ਹੈ। ਇਸੇ ਸਿਲਸਿਲੇ ਵਿਚ ਹਿਮਾਚਲ ਦੇ ਉਪਰਲੇ ਇਲਾਕਿਆਂ ਵਿਚ ਹੋਈ ਬਰਫਬਾਰੀ ਦਾ ਸਿੱਧਾ ਅਸਰ ਪੰਜਾਬ ਦੇ ਮੈਦਾਨੀ ਇਲਾਕਿਆਂ ਵਿਚ ਵੇਖਣ ਨੂੰ ਮਿਲ ਰਿਹਾ ਹੈ। ਇਸ ਦੇ ਨਾਲ ਹੀ ਸਵੇਰੇ ਕੰਮਕਾਜ 'ਤੇ ਜਾਣ ਵਾਲੇ ਲੋਕਾਂ ਨੂੰ ਧੁੰਦ ਕਾਰਨ ਕਾਫੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਈਵੇਅ 'ਤੇ ਧੁੰਦ ਕਾਰਨ ਵਿਜੀਬਿਲਟੀ ਘਟ ਚੁੱਕੀ ਹੈ, ਜਿਸ ਕਾਰਨ ਲੰਬੀ ਦੂਰੀ ਦਾ ਸਫਰ ਕਰਨ ਵਾਲੇ ਲੋਕਾਂ ਨੂੰ ਆਪਣੀ ਮੰਜ਼ਿ਼ਲ 'ਤੇ ਪਹੁੰਚਣ ਵਿਚ ਜ਼ਿ਼ਆਦਾ ਸਮਾਂ ਲੱਗ ਰਿਹਾ ਹੈ। ਪਿਛਲੇ ਸਮੇਂ ਦੌਰਾਨ ਏਅਰ ਕੁਆਲਿਟੀ ਇੰਡੈਕਸ (ਏ. ਕਿਊ. ਆਈ.) 350 ਤੋਂ ਉਪਰ ਜਾ ਕੇ ਮਾਰੂ ਪੱਧਰ 'ਤੇ ਪਹੁੰਚ ਗਿਆ ਸੀ, ਜਦਕਿ ਅੱਜ ਇਸ 'ਚ 25 ਅੰਕਾਂ ਦਾ ਸੁਧਾਰ ਹੋਇਆ ਹੈ। ਮੌਸਮ ਵਿਭਾਗ ਮੁਤਾਬਕ ਆਉਣ ਵਾਲੇ ਦਿਨਾਂ 'ਚ ਮੀਂਹ ਪੈਣ ਦੀ ਸੰਭਾਵਨਾ ਹੈ, ਜਿਸ ਕਾਰਨ ਏ. ਕਿਊ. ਆਈ. ਵਿਚ ਵੱਡਾ ਸੁਧਾਰ ਦੇਖਣ ਨੂੰ ਮਿਲੇਗਾ। ਪ੍ਰਦੂਸਣ ਦਾ ਪੱਧਰ ਵਧਣ ਕਾਰਨ ਸਾਹ ਦੀ ਸਮੱਸਿਆ ਤੋਂ ਪੀੜਤ ਮਰੀਜਾਂ ਨੂੰ ਕਈ ਤਰ੍ਹਾਂ ਦੀਆਂ ਦਿੱਕਤਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਆਮ ਵਿਅਕਤੀ 'ਤੇ ਵੀ ਇਸ ਦਾ ਆਮ ਲੋਕਾਂ 'ਤੇ ਵੀ ਡੂੰਘਾ ਅਸਰ ਪੈਂਦਾ ਹੈ।

# ਨਿਗਮ ਸਾਹਮਣੇ ਤੀਹਰੀ ਮੁਸੀਬਤ

**ਏਜੰਸੀਆਂ**

ਜਲੰਧਰ 18 ਦਸੰਬਰ। ਆਉਣ ਵਾਲੇ ਕੁਝ ਹੀ ਦਿਨਾਂ ਵਿਚ ਨਗਰ ਨਿਗਮ ਚੋਣਾਂ ਦਾ ਐਲਾਨ ਸੰਭਾਵਿਤ ਹੈ, ਜਿਸ ਕਾਰਨ ਸੱਤਾ ਧਿਰ ਵੱਲੋਂ ਜਲੰਧਰ ਨਗਰ ਨਿਗਮ ਦੀ ਅਫਸਰਸ਼ਾਹੀ ਨੂੰ ਸਪੱਸ਼ਟ ਸੰਕੇਤ ਦਿੱਤੇ ਜਾ ਚੁੱਕੇ ਹਨ ਕਿ ਇਕ ਪਾਸੇ ਤਾਂ ਸ਼ਹਿਰ ਨੂੰ ਸਾਫ-ਸੁਥਰਾ ਕੀਤਾ ਜਾਵੇ, ਉਥੇ ਹੀ ਵਿਕਾਸ ਕੰਮਾਂ ਦੀ ਰਫਤਾਰ ਵੀ ਤੇਜ ਕਰ ਦਿੱਤੀ ਜਾਵੇ। ਇਸ ਦਿਸ਼ਾ ਵਿਚ ਕੰਮ ਕਰ ਰਹੀ ਜਲੰਧਰ ਨਿਗਮ ਦੀ ਅਫਸਰਸ਼ਾਹੀ ਦੇ ਸਾਹਮਣੇ ਹੁਣ ਤੀਹਰੀ ਮੁਸੀਬਤ ਖੜ੍ਹੀ ਹੋ ਰਹੀ ਹੈ। ਜ਼ਿ਼ਕਰਯੋਗ ਹੈ ਕਿ ਨਗਰ ਨਿਗਮ ਦੀਆਂ 10 ਯੂਨੀਅਨਾਂ ਨੇ ਹੜਤਾਲ ਸਬੰਧੀ 72 ਘੰਟਿਆਂ ਦਾ ਅਲਟੀਮੇਟਮ ਦਿੱਤਾ ਹੋਇਆ ਹੈ, ਜੋ ਐਤਵਾਰ ਨੂੰ ਖਤਮ ਹੋ ਰਿਹਾ ਹੈ ਅਤੇ ਸੋਮਵਾਰ ਨੂੰ ਨਿਗਮ ਯੂਨੀਅਨਾਂ ਹੜਤਾਲ 'ਤੇ ਜਾ ਸਕਦੀਆਂ ਹਨ। ਇਸੇ ਤਰ੍ਹਾਂ ਮਾਡਲ ਟਾਊਨ ਡੰਪ ਨੂੰ ਲੈ ਕੇ ਵੀ ਸੰਘਰਸ਼ ਕਾਫੀ ਤੇਜ ਹੋ ਗਿਆ ਹੈ ਅਤੇ ਨੇੜਲੀਆਂ ਕਾਲੋਨੀਆਂ ਦੇ ਨਿਵਾਸੀਆਂ ਨੇ 18 ਦਸੰਬਰ ਤੋਂ ਡੰਪ 'ਤੇ ਹੀ ਅਣਮਿੱਥੇ ਸਮੇਂ ਲਈ ਧਰਨਾ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਹੈ। ਨਿਗਮ ਸਾਹਮਣੇ ਤੀਸਰੀ ਮੁਸੀਬਤ ਜੋਤੀ ਨਗਰ ਡੰਪ ਹੈ, ਜਿਸ ਨੂੰ ਲੈ ਕੇ ਵੀ ਸੋਮਵਾਰ (18 ਦਸੰਬਰ) ਨੂੰ ਧਰਨਾ ਦਿੱਤਾ ਜਾ ਰਿਹਾ ਹੈ। ਹੁਣ ਵੇਖਣਾ ਹੈ ਕਿ ਚੋਣਾਂ ਦੇ ਮੱਦੇਨਜਰ ਨਿਗਮ ਪ੍ਰਸ਼ਾਸਨ ਇਨ੍ਹਾਂ ਤਿੰਨਾਂ ਮੁਸੀਬਤਾਂ ਨੂੰ ਕਿਵੇਂ ਝੱਲ ਪਾਉਂਦਾ ਹੈ। ਬੀਤੇ ਦਿਨ ਗੁਰਪੁਰਬ ਦੇ ਸਬੰਧ ਵਿਚ ਗੁਰਦੁਆਰਾ ਨੌਵੀਂ ਪਾਤਸ਼ਾਹੀ ਜੀ. ਟੀ. ਬੀ. ਨਗਰ ਵਿਚ ਵਿਸ਼ੇਸ਼ ਸਮਾਗਮ ਸੀ, ਜਿਸ ਕਾਰਨ ਡੰਪ ਨੂੰ ਲੈ ਕੇ ਸੰਘਰਸ਼ ਕਰ ਰਹੀ ਜੁਆਇੰਟ ਐਕਸ਼ਨ ਕਮੇਟੀ ਨੇ ਉਥੇ ਵਿਸ਼ੇਸ਼ ਸਟਾਲ ਲਾਇਆ ਹੋਇਆ ਸੀ। ਇਸ ਸਟਾਲ ਜਰੀਏ ਜੁਆਇੰਟ ਐਕਸ਼ਨ ਕਮੇਟੀ ਦੇ ਚੇਅਰਮੈਨ ਵਰਿੰਦਰ ਮਲਿਕ, ਪ੍ਰਧਾਨ ਜਸਵਿੰਦਰ ਸਿੰਘ ਸਾਹਨੀ, ਮਨਮੀਤ ਸਿੰਘ ਸੋਢੀ ਅਤੇ ਕਰਨਲ ਅਮਰੀਕ ਸਿੰਘ ਆਦਿ ਨੇ ਸੰਗਤ ਅਤੇ ਆਮ ਲੋਕਾਂ ਤੋਂ 18 ਦਸੰਬਰ ਦੇ ਧਰਨੇ ਲਈ ਸਮਰਥਨ ਮੰਗਿਆ, ਜਿਹੜਾ ਐਤਵਾਰ ਦੁਪਹਿਰ 1 ਵਜੇ ਆਰੰਭ ਹੋ ਜਾਵੇਗਾ। ਸੰਗਤ ਨੇ ਵੀ ਡੰਪ ਨੂੰ ਲੈ ਕੇ ਵਿਰੋਧ ਜਤਾਇਆ। ਇਸੇ ਵਿਚਕਾਰ ਜੋਤੀ ਨਗਰ ਡੰਪ ਨੂੰ ਲੈ ਕੇ ਅਰਬਨ ਅਸਟੇਟ ਫੇਜ-1, ਫੇਜ-2 ਅਤੇ ਮਾਰਕੀਟ ਐਸੋਸਇਏਸ਼ਨ ਦੇ ਪ੍ਰਤੀਨਿਧੀਆਂ ਨੇ ਸੰਘਰਸ਼ ਤੇਜ ਕਰ ਦਿੱਤਾ ਹੈ। ਇਨ੍ਹਾਂ ਦੀ ਇਕ ਮੀਟਿੰਗ ਸਬੰਧਤ ਸਾਈਟ 'ਤੇ ਹੋਈ, ਜਿਸ ਦੌਰਾਨ ਫੈਸਲਾ ਲਿਆ ਗਿਆ ਕਿ ਸੋਮਵਾਰ ਦੁਪਹਿਰੇ 12 ਤੋਂ 2 ਵਜੇ ਤਕ ਡੰਪ ਸਾਈਟ 'ਤੇ ਸ਼ਾਂਤੀਪੂਰਵਕ ਧਰਨਾ ਦਿੱਤਾ ਜਾਵੇਗਾ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਜਾਵੇਗੀ ਕਿ ਇਸ ਡੰਪ ਨੂੰ ਸਥਾਈ ਰੂਪ ਨਾਲ ਬੰਦ ਕੀਤਾ ਜਾਵੇ। ਇਨ੍ਹਾਂ ਪ੍ਰਤੀਨਿਧੀਆਂ ਨੇ ਦੱਸਿਆ ਕਿ ਨਗਰ ਨਿਗਮ ਡੰਪ ਨੂੰ ਲੈ ਕੇ ਜਿਹੜਾ ਨਵਾਂ ਪ੍ਰਾਜੈਕਟ ਬਣਾ ਰਿਹਾ ਹੈ, ਉਸ ਨੂੰ ਬਿਲਕੁਲ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਕਿਸੇ ਵੀ ਹਾਲਤ ਵਿਚ ਇਥੇ ਡੰਪ ਸਵੀਕਾਰ ਨਹੀਂ, ਇਸ ਲਈ ਇਸ ਨੂੰ ਜਲਦ ਸ਼ਿਫਟ ਕੀਤਾ ਜਾਵੇ। ਇਸ ਮਾਮਲੇ ਨੂੰ ਜਲਦ ਐੱਨ. ਜੀ. ਟੀ. ਅਤੇ ਹਾਈ ਕੋਰਟ ਸਾਹਮਣੇ ਉਠਾਇਆ ਜਾ ਰਿਹਾ ਹੈ। ਮੀਟਿੰਗ ਦੌਰਾਨ ਰਣਵੀਰ ਕੁਮਾਰ, ਪ੍ਰੋ. ਕੰਵਰ ਸਰਤਾਜ, ਹਰਜਿੰਦਰ ਸਿੰਘ ਰੰਧਾਵਾ, ਕਰਨਬੀਰ ਸਿੰਘ, ਜਸਜੀਤਿ ਸੰਘ ਰਾਏ, ਰਾਜਿੰਦਰਪਾਲ ਸਿੰਘ, ਲਖਵਿੰਦਰ ਸਿੰਘ, ਡਾ. ਅਨਮੋਲ ਰਾਏ, ਜਰਨੈਲ ਸਿੰਘ ਚੱਠਾ, ਅਮਰਜੀਤ ਸਚਦੇਵਾ, ਦਰਸ਼ਨ ਸਿੰਘ ਸਰਪੰਚ, ਚਿਰਾਗ ਸ਼ਰਮਾ, ਡਾ. ਅਸ਼ਮੀਤ, ਡਾ. ਜੰਗਪ੍ਰੀਤ, ਡਾ. ਦਮਨਜੀਤ, ਡਾ. ਰਾਜੇਸ਼ ਸੱਚਰ ਅਤੇ ਡਾ. ਸੰਜੇ ਹਾਜਰ ਸਨ।

### ਟ੍ਰੈਫਿਕ ਨਿਯਮ ਤੋੜਣ ਵਾਲਿਆਂ ਦੀ ਹੁਣ ਖੈਰ ਨਹੀਂ ! ਪੰਜਾਬ ਪੁਲਸ ਨੇ ਮੁੜ ਸ਼ੁਰੂ ਕੀਤਾ 6 ਸਾਲ ਪੁਰਾਣਾ ਸਿਸਟਮ

ਲੁਧਿਆਣਾ 18 ਦਸੰਬਰ। ਸ਼ਹਿਰ ਦੇ ਲੋਕਾਂ ਲਈ ਹੁਣ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਕੇ ਪੁਲਿਸ ਨੂੰ ਚਕਮਾ ਦੇਣਾ ਔਖਾ ਹੋ ਜਾਵੇਗਾ। ਟ੍ਰੈਫਿਕ ਪੁਲਸ ਵੱਲੋਂ ਸ਼ਹਿਰ ਦੇ ਕਈ ਚੌਕਾਂ ਵਿਚ ਮੁੜ ਤੋਂ ਈ-ਚਲਾਨ ਕੱਟਣੇ ਸ਼ੁਰੂ ਕਰ ਦਿੱਤੇ ਗਏ ਹਨ। ਕਰੀਬ 6 ਸਾਲ ਪਹਿਲਾਂ ਪੁਲਸ ਵੱਲੋਂ ਸ਼ਹਿਰ ਦੇ 6 ਚੌਕਾਂ ਵਿਚ ਈ-ਚਲਾਨ ਕੱਟਣ ਦੀ ਸ਼ੁਰੂਆਤ ਕੀਤੀ ਗਈ ਸੀ, ਜਿਸ ਦੇ ਵਧੀਆ ਨਤੀਜੇ ਸਾਹਮਣੇ ਆਏ ਸਨ। ਲੋਕਾਂ ਨੇ ਇਨ੍ਹਾਂ ਚੌਕਾਂ ਵਿਚ ਲਾਲ ਬੱਤੀਆਂ ਜੰਪ ਕਰਨੀਆਂ ਬੰਦ ਕਰ ਦਿੱਤੀਆਂ ਸਨ। ਪਰ ਤਕਨੀਕੀ ਖਾਮੀਆਂ ਅਤੇ ਟ੍ਰੈਫਿਕ ਸਿਗਨਲ ਅਪਗ੍ਰੇਡ ਹੋਣ ਕਾਰਨ ਈ-ਚਲਾਨ ਦਾ ਕੰਮ ਕੁਝ ਸਾਲਾਂ ਤੋਂ ਰੁਕਿਆ ਹੋਇਆ ਸੀ। ਕਿਉਂਕਿ ਹੁਣ ਨਗਰ ਨਿਗਮ ਵੱਲੋਂ ਕਈ ਚੌਰਾਹਿਆਂ 'ਤੇ ਨਵੇਂ ਟ੍ਰੈਫਿਕ ਸਿਗਨਲ ਲਗਾਏ ਗਏ ਹਨ, ਟ੍ਰੈਫਿਕ ਪੁਲਸ ਨੇ ਵੀ ਈ-ਚਲਾਨ 'ਤੇ ਜ਼ੋਰ ਦੇਣ ਲਈ ਕਮਰ ਕੱਸ ਲਈ ਹੈ। ਈ-ਚਲਾਨ ਦਾ ਜ਼ਿਆਦਾ ਜ਼ੋਰ ਰੈੱਡ ਲਾਈਟ ਜੰਪਿੰਗ, ਖਤਰਨਾਕ ਡਰਾਈਵਿੰਗ, ਜ਼ੈਬਰਾ ਕਰਾਸਿੰਗ ਅਤੇ ਸਟਾਪ ਲਾਈਨ ਦੀ ਅਣਦੇਖੀ 'ਤੇ ਹੋਵੇਗਾ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਲੋਕਾਂ ਦੇ ਈ-ਚਾਲਾਨ ਉਨ੍ਹਾਂ ਦੇ ਰਜਿਸਟਰਡ ਨੰਬਰ 'ਤੇ ਪਹੁੰਚਾਏ ਜਾਣਗੇ। ਡਰਾਈਵਰ ਭਾਵੇਂ ਵਾਹਨ ਚਲਾ ਰਿਹਾ ਹੋਵੇ, ਚਲਾਨ ਰਜਿਸਟਰਡ ਮਾਲਕ ਦੇ ਪਤੇ 'ਤੇ ਜਾਵੇਗਾ, ਜਿਸ ਦਾ ਭੁਗਤਾਨ ਆਨਲਾਈਨ ਕਰਨਾ ਹੋਵੇਗਾ। ਦੱਸ ਦਈਏ ਕਿ ਟ੍ਰੈਫਿਕ ਪੁਲਸ ਨੇ ਸ਼ਹਿਰ ਦੇ ਕੁਝ ਇਲਾਕਿਆਂ 'ਚ ਹੀ ਈ-ਚਲਾਨ ਜਾਰੀ ਕਰਨ ਦੀ ਪ੍ਰਕਿਰਿਆ ਮੁੜ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਬਾਅਦ ਸ਼ਹਿਰ ਦੇ ਹੋਰ ਚੌਕਾਂ ਨੂੰ ਵੀ ਇਸ ਸਕੀਮ ਵਿਚ ਸ਼ਾਮਲ ਕੀਤਾ ਜਾਵੇਗਾ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਦੇ ਈ-ਚਲਾਨ ਕੱਟੇ ਜਾਣਗੇ। ਏ.ਸੀ.ਪੀ ਟਰੈਫਿਕ ਜਤਿਨ ਬਾਂਸਲ ਦਾ ਕਹਿਣਾ ਹੈ ਕਿ ਸ਼ਹਿਰ ਦੇ ਲੋਕਾਂ ਨੂੰ ਨਿਯਮਾਂ ਅਨੁਸਾਰ ਗੱਡੀ ਚਲਾ ਕੇ ਪੁਲਸ ਵਿਭਾਗ ਨਾਲ ਸਹਿਯੋਗ ਕਰਨਾ ਚਾਹੀਦਾ ਹੈ। ਉਨ੍ਹਾਂ ਡਰਾਈਵਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਲਾਲ ਬੱਤੀ ਦੇ ਸਿਗਨਲ ਦਾ ਸਤਿਕਾਰ ਕਰਨ ਅਤੇ ਕਦੇ ਵੀ ਛਾਲ ਨਾ ਮਾਰਨ। ਇਸ ਦੇ ਨਾਲ ਹੀ ਹਮੇਸ਼ਾ ਹੈਲਮੇਟ ਅਤੇ ਸੀਟ ਬੈਲਟ ਦੀ ਵਰਤੋਂ ਕਰੋ।